੧ੴ ਸਤਿਗੁਰ ਪ੍ਰਸਾਦਿ।

ਬਬਰ ਲੈਹਰ ਪੰਜਾਬ

ਸੂਰਾ ਸੋ ਪਹਿਚਾਨੀਏ ਜੋ ਲੜੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟ ਮਰੈ ਕਬਹੂ ਨ ਛਾਡੈ ਖੇਤ।

ਕਰਤਾ

ਸ੍ਰ: ਗੁਰਬਚਨ ਸਿੰਘ ਜੀ

ਭੇਟਾ ੨-੮-੦

ਇਹ ਸ਼ਹੀਦ ਬਬਰ ਅਕਾਲੀਆਂ ਦਾ ਜੀਵਨ


ਆਪਣੀ ਸੁਵਰਗਵਾਸ

ਮਾਤਾ ਅਤਰ ਕੌਰ ਜੀ ਦੀ


ਭੇਟਾ ਕਰਦਾ ਹਾਂ ।

ਦਾਸ:- ਗੁਰਚਰਨ ਸਿੰਘ

ਸਾਬਕਾ ਕੈਦੀ ਬਬਰ ਆਕਾਲੀ ਕੇਸ ।



ਬਾਬਾ ਦਲੀਪ ਸਿੰਘ



ਸ: ਗੁਰਬਚਨ ਸਿੰਘ

ਨੋਟ:- ਬਬਰ ਅਕਾਲੀਆਂ ਦੀਆਂ ਹੇਠ ਲਿਖੀਆ ਦੋ ਯਾਦਗਾਰਾਂ ਕਾਇਮ ਹਨ।

੧) ਬਬਰ ਅਕਾਲੀ ਤ੍ਰੁੰਗਾ ਅਨੰਦਪੁਰ ਸਾਹਿਬ।

੨) ਦਮਦਮਾਂ ਸਾਹਿਬ, ਗੁਰਦਵਾਰਾ ਭਦੀ ਘਾਟ (ਸ਼ਵਾਲਿਕ ਪਹਾੜ)

ਇਹ ਦੋਵੇਂ ਯਾਦਗਾਰਾਂ ਮੇਰੇ ਪੂਜ ਪਿਤਾ ਬਾਬਾ ਦਲੀਪ ਸਿੰਘ ਜੀ ਸਾਧੜੇ ਨੇ ਸੰਗਤਾਂ ਦੇ ਪਰੇਮ ਤੇ ਉਦਮ ਨਾਲ ਬਨਵਾਇਆ ਸਨ।

ਜਿਵੇਂ ਮੁਖਬੰਦ ਵਿਚ ਸ੍ਰ. ਸਾਹਿਬ ਨੇ ਨਵੀਂ ਆਲੀਸ਼ਾਨ ਯਾਦਗਾਰ ਵਾਸਤੇ ਫਰਮਾਇਆ ਹੈ, ਅਸੀਂ ਜ਼ਰੂਰ ਕੋਸ਼ਸ਼ ਕਰਾਂਗੇ ਯਾਦਗਾਰ ਕ਼ਾਇਮ ਕਰਾਂਗੇ।

ਨਰਜਣ ਸਿੰਘ ਊਧਮ ਸਿੰਘ ਪ੍ਰਗਾਸ਼ ਸਿੰਘ ਇਨਾ ਨੇ ਰਾਮ ਸਿੰਘ ਕਲਾਂ ਮੁਜਾਰਾ ਬੇਦਾ ਮੁਆਰ ਨੂੰ ਸਰਾ ਜਲਾਸ ਵਿਚ ਵਡਿਆ

੧੯੧੪-੧੯ ਦੀ ਜੰਗ ਖਤਮ ਹੋ ਗਈ। ਹਿੰਦੀ ਦੇਸ਼ ਸੇਵਕਾਂ ਅੰਗਰੇਜ਼ ਨੂੰ ਜੰਗ ਸਮੇਂ ਦੇ ਕੀਤੇ ਇਕਰਾਰ ਚੇਤੇ ਕਰਾਏ ਤੇ ਆਜ਼ਦੀ ਦੀ ਮੰਗ ਮੰਗੀ। ਅੰਗਰੇਜ਼ ਨੇ ਰੋਲਟ ਐਕਟ ਰਾਹੀਂ ਸਾਰੇ ਦੇਸ਼ ਵਿਚ ਸੋਗ ਪਾ ਦਿਤਾ। ਰੋਸ ਦੇ ਭਾਂਬੜ ਬਲ ਉਠੇ। ਪੰਜਾਬ ਦੀ ਪਵਿਤ੍ਰ ਧਰਤੀ ਭਾਰਤ ਦੀ ਅਜ਼ਾਦੀ ਦਾ ਮੈਦਾਨੇ ਜੰਗ ਬਣੀ। ਗੁਰੂ ਦੀ ਨਗਰੀ, ਸ੍ਰੀ ਅੰਮ੍ਰਿਤਸਰ ਦੀ ਹਿਕ ਉਤੇ ਜਲਿਆਂਵਾਲੇ ਬਾਗ ਅੰਦਰ ਜ਼ਾਲਮ ਡਾਇਰ ਨੇ ਓਡਵਾਇਰ ਦੇ ਹੁਕਮ ਨਾਲ ਨਿਹਥੇ ਹਜ਼ਾਰਾਂ ਅਜ਼ਾਦੀ ਦੇ ਪਰਵਾਨਿਆਂ ਉਤੇ ਮਸ਼ੀਨ ਗਨ ਚਲਾਈ ਤੇ ਹਿੰਦੂ - ਮੁਸਲਮ - ਸਿਖ ਦੇ ਸਾਂਝੇ ਡੁਲ੍ਹੇ ਖੂਨ ਨੇ ਸਾਰੇ ਭਾਰਤ ਵਰਸ਼ ਅੰਦਰ ਅੰਗਰੇਜ਼ ਵਰੁਧ ਨਫਰਤ ਦੀ ਲੈਹਰ ਫੈਲਾ ਦਿਤੀ।

੧੯੧੯ ਦਾ ਸਾਲ ਭਾਂਵੇਂ ਸਾਰੇ ਹਿੰਦੋਸਤਾਨ ਅੰਦਰ ਇਤਹਾਸਕ ਮਨਿਆਂ ਗਿਆ ਹੈ ਪਰ ਖਾਸ ਕਰ ਪੰਜਾਬ ਲਈ ਇਨਕਲਾਬੀ ਸਾਬਤ ਹੋਇਆ। ਮਾਰਸ਼ੱਲਾ ਤੇ ਅੰਗਰੇਜ਼ ਦੇ ਹੋਰ ਅਤਿਆ ਚਾਰ ਪੰਜਾਬੀ ਜਵਾਨ ਦੀ ਅਜ਼ਾਦੀ ਦੀ ਜਵਾਲਾ ਨੂੰ ਬੁਝਾਣ ਦੇ ਥਾਂ ਉਲਟੇ ਵਧੇਰੀ ਪ੍ਰਚੰਡ ਕਰ ਗਏ। ਹਿੰਦੁਸਤਾਨੀ ਸਾਰੇ ਲੀਡਰਾਂ ਪੰਜਾਬ ਨੂੰ ਸਿਆਸੀ ਅਖਾੜਾ ਬਣਾਇਆ ਤੇ ੧੯੨੦ ਵਾਲੀ ਇਤਹਾਸਕ ਕਾਂਗਰਸ ਸ੍ਰੀ ਅੰਮਰਤਸਰ ਹੀ ਹੋਈ ਜਿਸ ਵਿਚ ਹਿੰਦ ਦੇ ਚੋਟੀ ਦੇ ਮੁਦਬੱਰ ਭਗਵਾਨ ਤਿਲਕ ਜੀ, ਮਹਾਤਮਾਂ ਗਾਂਧੀ ਜੀ, ਮਿਸਟਰ ਸੀ. ਆਰ. ਦਾਸ ਜੀ, ਸ੍ਰਦਾਰ ਖੜਕ ਸਿੰਘ ਜੀ, ਹਕੀਮ ਅਜਮਲ ਖਾਂ ਜੀ, ਮਿ. ਜਿਨ੍ਹਾਂ ਜੀ, ਪੰਡਤ ਮਾਲਵੀਆ ਜੀ ਆਦ ਸ਼ਾਮਲ ਹੋਏ। ਪੰਡਤ ਮੋਤੀ ਲਾਲ ਨੈਹਰੂ ਉਸ ਕਾਂਗ੍ਰਸ ਸੈਸ਼ਨ ਦੇ ਪ੍ਰਧਾਨ ਸਨ। ਸਿਖਾਂ ਅੰਦਰ ਸਭਤੋਂ ਵਡਾ ਉਤਸ਼ਾਹ ਏਸ ਸਮਾਗਮ ਵਿਚ ਵੇਖਿਆ ਗਿਆ।

ਅੰਗਰੇਜ਼ ਪਹਿਲਾਂ ਹੀ ਸਿਖਾਂ ਦੀ ਸੂਰਬੀਰਤਾ ਤੇ ਦੇਸ਼ ਭਗਤੀ ਤੋ, ਭਲੀ ਪ੍ਰਕਾਰ ਜਾਣੂ ਸੀ। ਜੰਗ ਸੰਨ ੧੪ ਸਮੇਂ ਦੀ ਕਾਨਸਪ੍ਰੇਸੀ ਵਿਚ ਸੈਂਕੜੇ

ਸਿੰਘ ਅੰਗਰੇਜ਼ ਸ਼ਾਹੀ ਨੂੰ ਗਰਕ ਕਰਨ ਨੂੰ ਜ਼ੋਰ ਲਾਂਦੇ ਗਿਰਫਤਾਰ ਕੀਤੇ ਜਾ ਚੁਕੇ ਸਨ। ਕੌਮਾਂ ਗਾਟਾ ਮਾਰੂ ਜਹਾਜ਼ ਦੀ ਘਟਨਾਂ ਅੰਗਰੇਜ਼ ਦੀਆਂ ਅਖਾਂ ਅਗੇ ਅਜੇ ਸਜਰੀ ਸਜਰੀ ਫਿਲਮ ਵਾਂਗੂੰ ਫਿਰ ਰਹੀ ਸੀ ਜਿਸ ਵਿਚ ਸੈਂਕੜੇ ਗੁਰੂ ਕੇ ਲਾਲ ਕੰਮ ਆਏ ਸਨ। ਅੰਗਰੇਜ਼ ਨੇ ਹਿੰਦੁਸਤਾਨ ਦੀ ਆਜ਼ਾਦੀ ਦੀ ਤੈਹਰੀਕ ਨੂੰ ਖਤਮ ਕਰਨਾ ਕੇਵਲ ਸਿਖਾਂ ਨੂੰ ਕਮਜ਼ੋਰ ਕਰਨ ਵਿਚ ਹੀ ਸਮਝਿਆ। ਉਹਨੂੰ ਇਹ ਭੁਲੇਖਾ ਲਗਾ ਤੇ ਏਸ ਭੁਲੇਖੇ ਵਿਚ ਫਸ ਕੇ ਅੰਗਰੇਜ਼ ਨੇ ਗੁਰਦਵਾਰਿਆਂ ਦੇ ਮਹੰਤਾਂ ਨੂੰ ਹਥ ਠੋਕਾ ਬਣਾ ਸਿਧੀ ਸਿਖਾਂ ਨਾਲ ਟਕਰ ਲਈ। ਪਰ ਸਿਖਾਂ ਅੰਦਰ ਦਸਮੇਸ਼ ਪਿਤਾ ਦੇ ਅੰਮਰਤ ਦਾ ਅਗਮੀ ਜੋਸ਼ ਸੀ ਖਾਲਸਾ ਡਟ ਗਿਆ। ਪੂਜ ਬਾਬਾ ਖੜਕ ਸਿਘ ਜੀ ਦੀ ਜਥੇਦਾਰੀ ਹੇਠ ਸਿਖਾਂ ਉਹ ਮੋਰਚੇ ਮਾਰੇ ਕਿ ਮੁੜ ਖਾਲਸੇ ਦਾ ਪੁਰਾਣਾ ਸੁਨੈਹਰੀ ਇਤਹਾਸ ਚਮਕਿਆ। ਮਿਸਟਰ ਸੀ: ਐਫ. ਐਂਡਰਯੂਜ਼ ਜਹੇ ਅੰਗਰੇਜ਼ ਪਾਦਰੀਆਂ ਦੀ ਕਲਮ ਨੇ ਆਪੇ ਮੁਹਾਰੀ ਹੀ ਲਿਖ ਦਿਤਾ ਕਿ ਮੈਂ ਗੁਰੂ ਦੇ ਬਾਗ ਵਿਚ ਹਜ਼ਾਰਾਂ ਯਸੂ ਮਸੀਹ ਆਪਣੀ ਅਖੀਂ ਵੇਖੇ ਹਨ।

ਮਹਾਤਮਾਂ ਗਾਂਧੀ ਜੀ ਤੇ ਹੋਰ ਸਾਰੇ ਹਿੰਦੀ ਨੇਤਾ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿਘ ਦੀ ਕਮਾਨ ਹੇਠ ਸ਼ਾਂਤ ਮਈ ਦੇ ਨਜ਼ਾਰੇ ਵੇਖ ਵੇਖ ਮੂੰਹ ਵਿਚ ਉਂਗਲਾਂ ਪਾਂਦੇ ਸਨ।

ਪਰ "ਘਰ ਦਾ ਭੇਤੀ ਲੰਕਾ ਢਾਏ" ਦੇ ਅਖਾਣ ਮੂਜਬ ਉਸ ਸਮੇਂ ਇਹ ਜ਼ਰੂਰੀ ਸਮਝਿਆ ਗਿਆ ਕਿ ਉਨਾਂ ਝੋਲੀ ਚੁਕਾਂ ਦਾ ਧਸ਼ਾਰ ਕੀਤਾ ਜਾਏ ਜੋ ਫਰੰਗੜੇ ਨੂੰ ਮੱਦਦ ਕਰ ਰਹੇ ਹਨ ਤੇ ਮਨਘੜਤ ਰਪੋਟਾਂ ਪਚਾ ਕੇ ਦੇਸ਼ ਸੇਵਕਾਂ ਨੂੰ ਜੇਹਲ ਦੀਆਂ ਕਾਲ ਕੋਠੜੀਆਂ ਤੇ ਫਾਨਸੀਆਂ ਦੀਆਂ ਸਜ਼ਾਵਾਂ ਦਵਾ ਰਹੇ ਹਨ।

ਗੁਰੂ ਕਲਗੀਆਂ ਵਾਲੇ ਪਿਤਾ ਨੇ ਜਿਸ ਸ਼ੁਭ ਮਨੋਰਥ ਲਈ ਪੰਥ ਸਾਜਿਆ ਸੀ ਕਿ.—

"ਭੀੜ ਪਏ ਜੇ ਰਬ ਦੇ ਬੰਦਿਆਂ ਤੇ ਕਦੇ ਖਾਲਸਾ ਲਏ ਆਰਾਮ ਭੁਲਕੇ" ਉਹ ਸੂਰਬੀਰ ਖਾਲਸਾ ਆਪਣੇ ਘਰਾਂ ਦੇ ਸੁਖ ਤੇ ਆਰਾਮ ਤਿਆਗ ਕੇ ਸਿਰ ਤਲੀ ਤੇ ਧਰ ਅਦੁਤੀ ਦੇਸ਼ ਸੇਵਾ ਲਈ 'ਬਬਰ ਅਕਾਲੀ' ਜਾਮਾ ਪਾ ਮੈਦਾਨ ਵਿਚ ਬੁਕਿਆ।

ਸ੍ਰ ਗੁਰਬਚਨ ਸਿੰਘ ਜੀ, ਕਰਤਾ ਬਬਰ ਅਕਲੀ ਲੈਹਰ ਇਕ ਇਨ੍ਹਾਂ ਹੀ ਸਿਰ ਲਥ ਸ਼ੇਰਾਂ ਦੀ ਢਾਣੀ ਵਿਚੋਂ ਹਨ ਜਿਨ੍ਹਾਂ ਝੋਲੀ ਚੁਕ ਸੁਧਾਰ ਹਿਤ ਬਬਰ ਅਕਾਲੀ ਜਥੇ ਵਿਚ ਰਲ ਕੇ ਦੇਸ਼ ਦੀ ਬੜੀ ਉਚ ਸੇਵਾ ਕੀਤੀ ਹੈ। ਆਪ ਦੀ ਰਗ ਰਗ ਅੰਦਰ ਦੇਸ਼ ਤੇ ਕੌਮ ਦੀ ਸੇਵਾ ਲਈ ਖੂਨ ਉਬਾਲੇ ਖਾਂਦਾ ਹੈ। ਆਪ ਨੂੰ ਕੁਰਬਾਨੀ ਵਰਾਸਤ ਵਿਚ ਮਿਲੀ ਹੈ। ਆਪ ਜੀ ਦੇ ਪਿਤਾ ਕੁਰਬਾਨੀ ਦੇ ਪੁੰਜ ਸ੍ਰੀ ਮਾਨ ਬਾਬਾ ਦਲੀਪ ਸਿੰਘ ਜੀ ਦਵਾਬੇ ਦੇ ਇਕ ਉਘੇ ਦੇਸ਼ ਭਗਤ ਹਨ ਤੇ ਪੰਜਾਬ ਦੀਆਂ ਸਾਰੀਆਂ ਹੀ ਸਿਆਸੀ ਲੈਹਰਾਂ ਦੇ ਮੋਢੀ ਹਨ। ਫਖ਼ਰੇ ਕੌਮ ਲਾਲਾ ਲਾਜਪਤ ਰਾਏ, ਪੰਡਤ ਹਰਦਿਆਲ ਤੇ ਸ੍ਰ. ਅਜੀਤ ਸਿੰਘ ਵਰਗੇ ਸੰਸਾਰ ਪਰਸਿਧ ਸੁਚੇ ਪੰਜਾਬੀ ਰਤਨਾਂ ਨੂੰ ਸਿਆਸਤ ਦੇ ਮੈਦਾਨ ਵਿਚ ੧੯੦੯ ਦੇ ਲਗ ਪਗ ਲਿਆਉਨ ਵਾਲੇ ਬਾਬਾ ਦਲੀਪ ਸਿੰਘ ਜੀ ਹੀ ਹਨ। ਆਪ ਦੀ ਆਯੂ ਕੋਈ ਪਚਾਨਵੇਂ ਸਾਲ ਦੇ ਨੇੜੇ ਤੇੜੇ ਹੈ ਪਰ ਆਪਦੀ ਸੇਹਤ ਬਹੁਤ ਹਛੀ ਹੈ ਆਪ ਅਜੇ ਵੀ ਅੰਮ੍ਰਤ ਵੇਲ਼ੇ ਉਠ ਨਾਮ ਸਿਮ੍ਰਣ ਵਿਚ ਜੁਟ ਜਾਂਦੇ ਹਨ। ਮੈਂਨੂੰ ਪਾਕਸਤਾਂਨ ਬੰਣਨ ਪਿਛੋਂ ਆਪਦੀ ਸੰਗਤ ਦਾ ਕਾਫੀ ਸਮਾਂ ਮਿਲਿਆ ਹੈ। ਆਪਦੇ ਦਰਸ਼ਨ ਪੂਰਨ ਸੰਤਾਂ ਦੇ ਦਰਸ਼ਨ ਹਨ। ਇਹੋ ਵਡਾ ਕਾਰਨ ਹੈ ਕਿ ਸ੍ਰ. ਗੁਰਬਚਨ ਸਿੰਘ ਵਡਾ ਸੂਰ ਬੀਰ ਗੁਰ ਸਿਖ ਹੈ।

ਕਰਤਾ ਨੇ ਇਹ ਪੁਸਤਕ ਲ਼ਿਖ ਕੇ ਜਿਥੇ ਵਿਸਰ ਰਹੀਆਂ ਸੂਰ ਬੀਰਾਂ ਦੀਆਂ ਕੁਰਬਾਨੀਆਂ ਨੂੰ ਮੁੜ ਨਵੇਂ ਸਿਰੋਂ ਸੁਰਜੀਤ ਕੀਤਾ ਹੈ ਉਥੇ ਨਾਲ ਹੀ ਸਿਖ ਕੌਮ ਦੀ ਬੜੀ ਨਿਘ੍ਹਰ ਸੇਵਾ ਕੀਤੀ ਹੈ ਕਿਉਂ ਜੇ ਸ੍ਰ. ਕਿਸ਼ਨ ਸਿੰਘ ਜੀ ਗੜਗਜ ਜਹੇ ਕੌਮੀ ਪਰਵਾਨਿਆਂ ਦੀਆਂ ਕੁਰਬਾਨੀਆਂ

ਪੰਥ ਦੀ ਵਸੇਸ਼ਤਾਂ ਨੂੰ ਚਾਰ ਚੰਨ ਲਾਦੀਆਂ ਹਨ ਤੇ ਪੰਥ ਆਪਣੇ ਬਬਰ ਅਕਾਲੀ ਸ਼ਹੀਦਾਂ ਉਤੇ ਜਿਨਾ ਮਾਨ ਕਰੇ ਥੋੜਾ ਹੈ। ਮੇਰੀ ਮੰਗ ਹੈ ਕਿ ਦੁਆਬੇ ਵਿਚ ਇਕ ਬਬਰਾਂ ਦੀ ਯਾਦ ਅੰਦਰ ਆਲੀਸ਼ਾਨ ਗੁਰਦਵਾਰਾ ਤੇ ਸਰੋਵਰ ਬਣਾਨਾਂ ਚਾਹੀਦਾ ਹੈ। ਏਸ ਪੁਸਤਕ ਵਿਚ ਕਰਤਾ ਦੀ ਸੁਘੜ ਕਲਮ ਨੇ ਉਨ੍ਹਾਂ ਪਾਮਰਾਂ ਨੂੰ ਭੀ ਚੰਗਾ ਨੰਗਾ ਕੀਤਾ ਹੈ ਜਿਨਾਂ ਦੇਸ਼ ਤੇ ਕੌਮ ਨਾਲ ਔਖੇ ਸਮੇਂ ਧਰੋਹ ਕੀਤਾ ਤੇ ਬਦੇਸੀ ਹਕੂਮਤ ਦਾ ਸਾਥ ਦਿਤਾ।

ਮੈਂ ਕਰਤਾ ਨੂੰ ਏਥੋਂ ਵਧਾਈ ਦਿਤੇ ਬਗੈਰ ਰਹਿ ਨਹੀਂ ਸਕਦਾ ਕਿ ਜਿਸ ਨੇ ਬੜੇ ਸੁਚੱਜੇ ਢੰਗ ਨਾਲ ਅੰਗ੍ਰੇਜ਼ ਦੇ ਰਾਜ ਦੇ ਇਨਸਾਫ ਨੂੰ ਸੂਰਜ ਦੀ ਚਿਟੀ ਧੁਪੇ ਨਸ਼ਰ ਕੀਤਾ ਹੈ।

ਮੈਂ ਆਸ ਕਰਦਾ ਹਾਂ ਕਿ ਦੇਸ਼ ਦੇ ਆਜ਼ਾਦ ਹੋਣ ਦੇ ਕਾਰਨ ਏਸ ਪੁਸਤਕ ਦਾ ਉਲਥਾ ਹਰ ਬੋਲੀ ਵਿਚ ਕਰ ਕੇ ਬਬਰ ਅਕਾਲੀਆਂ ਦੇ ਸੁਨੈਹਰੀ ਇਤਹਾਸ ਨੂੰ ਅਮੱਰ ਕੀਤਾ ਜਾਏਗਾ।

ਹੁਸ਼ਿਆਰਪੁਰ
੧੨ ਜੂਨ ੧੯੫੦

ਮਾਨ ਸਿੰਘ,––––।
ਐਡੀਟਰ ਪ੍ਰੇਮ ਪਟਾਰੀ।

(ਹ)

ਬਾਬਾ ਦਲੀਪ ਸਿੰਘ ਜੀ ਦੇ ੧੯੨੨ ਵਾਲੇ ਕਦਮੇ ਦੇ ਫੈਸਲੇ ਦੀ ਸਹੀ ਨਕਲ।

ਬਾਅਦਾਲਤ ਮ. ਮਹੰਮਦ ਅਫਜ਼ਲ ਮਖਦੂਮ,
. ਸੀ. ਐਸ: ਮੁਜਸਟਰੇਟ ਦਰਜਾ ਅਵਲ, ਹੁਸ਼ਿਆਰਪੁਰ ਦਾ ਫੈਸਲਾ

ਸਰਕਾਰ ਬਨਾਮ ਦਲੀਪ ਸਿੰਘ ਵਲਦ ਵਿਤੂ ਜ਼ਾਤ ਜਟ ਕਨ ਸਾਹਦੜਾ, ਥਾਨਾ ਬਲਾਚੌਰ ਤਸੀਲ ਗੜ੍ਹਸ਼ੰਕਰ ਜ਼ਿਲਾ ਸ਼ਿਆਰਪੁਰ ਮੁਲਜ਼ਮ।

ਸਤਗਾਸਾ ਜ਼ੇਰ ਦਫਾ ੧੭ (੨) ਐਕਟ ੧੪-੧੯੦੮।

ਫੈਸਲਾ) ਮੁਲਜ਼ਮ ਅਕਾਲੀ ਜਥਾ ਸਾਦਹੜਾ ਦਾ ਜਥੇਦਾਰ ਹੈ। ਜਥੇ ਮੈਂਬਰ ਫੌਜੀ ਤਰੀਕੇ ਨਾਲ ਤਲਵਾਰਾਂ ਤੇ ਸਫਾ ਜੰਗ ਲੈਕੇ ਮਾਰਚ ਰਦੇ ਹਨ ਜਿਸ ਕਰਕੇ ਪੁਰਅਮਨ ਲੋਕ ਭੈ ਭੀਤ ਹੁੰਦੇ ਹਨ।

ਪਿਛਲੀ ਫਰਵਰੀ ਨੂੰ ਪਿੰਡ ਕਾਨੂੰਗੋਆਂ ਵਿਚ ਦਲੀਪ ਸਿੰਘ ਲਜ਼ਮ ਨੇ ਤਕਰੀਰ ਕਰਦਿਆਂ ਹੋਏ ਕਿਹਾ ਕਿ ਸਰਕਾਰ ਦੀ ਮੁਖਾਲਫਤ ਰ ਹੀਲੇ ਸ਼ਾਂਤੀ ਨਾਲ ਯਾ ਤਸ਼ਦੱਦ ਨਾਲ ਕੀਤੀ ਜਾਏ।

ਪਨਿਆਲ ਦੇ ਜਲਸੇ ਵਿਚ ਮੁਲਜ਼ਮ ਆਪਣੇ ਜਥੇ ਸਮੇਤ ਉਸੇ ਤਰਾਂ ਸ਼ਾਮਲ ਹੋਇਆ ਤੇ ਜਲਸੇ ਦੀ ਪ੍ਰਧਾਨਗੀ ਕੀਤੀ। ਇਸ ਜਲਸੇ ਵਿਚ ਕਿਹਾ ਕਿ ਕਿ ਕਰਮ ਸਿੰਘ ਨੰਬਰਦਾਰ ਵਗੈਰਾ ਸਰਕਾਰ ਨੂੰ ਮਦੱਦ ਦੇਂਦੇ ਹਨ, ਅਸੀਂ ਇਨ੍ਹਾਂ ਨੂੰ ਠੀਕ ਕਰਾਂਗੇ। ਇਹ ਨੰਬਰਦਾਰਾਂ ਨੂੰ ਧਮਕੀ ਸੀ।

. ਰਾਮਦਿਤੇ ਗਵਾਹ ਦਾ ਬਿਆਨ ਹੈ ਕਿ ਮੁਲਜ਼ਮ ਤੇ ਉਹਦੇ ਜਥੇ ਨੇ ਇਹਨੂੰ ਧਮਕਾਇਆ ਹੈ ਕਿ ਜੇ ਉਹ ਉਨਾਂ ਦੇ ਖਲਾਫ ਡੋਰੀਆਂ

ਦੇਣਗੇ ਤਾਂ ਉਹਦੇ ਟੁਕੜੇ ਟੁਕੜੇ ਕੀਤੇ ਜਾਣਗੇ ਕਿਉਂ ਕਿ ਅੰਗਰੇਜ਼ ਦੇ ਹੁਣ ਅਖੀਰੀ ਦਿਨ ਹਨ। ਮੁਲਜਮ ਨੇ ਮੇਰੇ ਪਿੰਡ ਦੇ ਜਲਸੇ ਵਿਚ ਪੁਲਸੀਆਂ ਨੂੰ ਕੁਤੇ ਕਿਹਾ ਤੇ ਲੋਕਾ ਨੂੰ ਆਖਿਆ ਕਿ ਇਹਨਾ ਨੂੰ ਪਿੰਡ ਵਿਚ ਨ ਵੜਨ ਦਿਉ। ਮੁਲਜਮ ਨੇ ਤੇ ਇਹਦੇ ਜਥੇ ਨੇ ਆਪ ਪੁਲਸ ਦੇ ਥਾਂ ਪਹਿਰਾ ਦਿਤਾ।

ਸ਼ਿਵਨੰਦ ਗਵਾਹ ਦਾ ਬਿਆਨ ਹੈ ਕਿ ਮੁਲਜਮ ਤੇ ਇਹਦਾ ਜਥਾ ਫੌਜੀ ਤਰੀਕੇ ਨਾਲ ਮਾਰਚ ਕਰਦਾ ਹੈ ਤੇ ਆਪਣੇ ਸ਼ਸਤਰਾਂ ਨਾਲ ਡਰਾ ਧਮਕਾ ਕੇ ਉਹਦੇ ਜੱਦੀ ਘਰ ਦਾ ਸੀਨਾ ਜ਼ੋਰੀ ਨਾਲ ਕਬਜ਼ਾ ਕਰ ਲਿਆ।

ਮੁਲਜ਼ਮ ਮਨਦਾ ਹੈ ਕਿ ਉਹ ਜਥੇਦਾਰ ਹੈ। ਪਰ ਹੋਰ ਸਭ ਕੁਝ ਇਨਕਾਰੀ ਹੈ ਤੇ ਨਹੀਂ ਸਫਾਈ ਪੇਸ਼ ਕਰਦਾ ਹੈ।

ਇਸਤਗਾਸੇ ਦੀ ਸ਼ਹਾਦਤ ਕਾਫੀ ਸਾਫ ਹੈ ਕਿ ਮੁਲਜ਼ਮ ਤੇ ਉਹਦਾ ਜਥਾ ਫੌਜੀ ਤਰੀਕੇ ਨਾਲ ਕਰਪਾਨਾਂ ਤੇ ਸਫਾਜੰਗ ਲੈਕੇ ਮਾਰਚ ਕਰਦੇ ਹਨ। ਇਹ ਠੀਕ ਹੈ ਕਿ ਕਰਪਾਨਾਂ ਰਖਨ ਦਾ ਸਿਖਾਂ ਨੂੰ ਹਕ ਹੈ। ਪਰ ਸਾਰੀਆਂ ਤਲਵਾਰਾਂ ਕਰਪਾਨਾਂ ਨਹੀਂ ਅਤੇ ਸਫਾ ਜੰਗ ਖਤਰਨਾਕ ਹਥਿਆਰ ਹਨ ਜੋ ਖਾਸ ਤੌਰ ਤੇ ਦੇਹਸ਼ਤ ਫੈਲਾਨ ਲਈ ਵਰਤੇ ਜਾਂਦੇ ਹਨ। ਅਕਾਲੀ ਜਥੇ ਦਾ ਬਾਦਸ਼ਾਹੀ ਫੌਜਾਂ ਦੀ ਤਰਾ ਸਫਾਜੰਗਾਂ ਨਾਲ ਲੈਸ ਹੋਕੇ ਮਾਰਚ ਕਰਨਾ, ਜਿਸ ਦੀ ਕਿ ਵੈਸੇ ਉਨ੍ਹਾਂ ਨੂੰ ਕੋਈ ਖਾਸ ਰਖਨ ਦੀ ਲੋੜ ਨਹੀਂ, ਸਾਬਤ ਕਰਦਾ ਹੈ ਕਿ ਜੋ ਲੋਗ ਉਨ੍ਹਾਂ ਨਾਲ ਸਹਿਮਤ ਨਹੀਂ ਉਹਨਾਂ ਨੂੰ ਡਰਾਨ ਵਾਸਤੇ ਹੈ। ਇਹ ਤਰੀਕਾ ਇਹ ਆਮ ਵਰਤਦੇ ਹਨ। ਬਸ ਏਸ ਲਈ ਇਹ ਮੁਕਦਮਾਂ ਦਫਾ ੧੭-(੨)ਹੇਠ ਆਉਂਦਾ ਹੈ ਨਾਲੇ ਮੁਲਜ਼ਮ ਦਾ ਜਥਾ ਗਾਰਡ ਡੀਊਟੀ ਦੇਕੇ ਲੈਕਚਰਾਰਾਂ ਨੂੰ ਮੁਖਾਲਫਤ ਕਰਨ ਵਾਲਿਆਂ ਤੋਂ ਬਚਾਂਦਾ ਹੈ, ਜੋ ਤਸ਼ਦੱਦ ਲਈ ਭੜਕਾਂਦੇ ਹਨ। ਜਿਵੇਂ ਡੈਰੀਆਂ ਲਿਖਨ ਵਾਲਿਆਂ ਨੂੰ ਟੋਟੇ ਟੋਟੇ ਕੀਤਾ ਜਾਏ ਗਾ ਆਦ। ਮੁਲਜਮ ਦੇ ਜਥੇ ਜ਼ਬਰਦਸਤੀ ਸ਼ਿਵਨੰਦ ਨੂੰ

ਘਰੋਂ ਕਢਿਆ। ਇਹ ਹੋ ਸਕਦਾ ਹੈ ਕਿ ਝਗੜਾ ਕੋਈ ਹੋਰ ਹੋਵੇ ਪਰ ਮੁਲਜ਼ਮ ਨੇ ਸ਼ਿਵ ਨੰਦ ਯਾ ਥਾਣੇਦਾਰ ਉਤੇ ਕੋਈ ਜਿਰਹਾ ਨਹਾਂ ਕੀਤੀ ਨਾਹੀਂ ਕੋਈ ਸਫਾਈ ਦਿਤੀ ਹੈ। ਮਗਰ ਹੈਡ ਕਾਨਸਟੇਵਲ ਪੁਲੀਸ ਦੀ ਤਫਤੀਸ਼ ਸ਼ਿਵ ਨੰਦ ਗਵਾਹ ਦੀ ਪਰੋੜਤਾ ਕਰੇਦੀ ਹੈ। ਏਸ ਲਈ ਕੋਈ ਵਜਾ ਨਹੀਂ ਕਿ ਇਹ ਗਲ ਨਾ ਮੰਨੀ ਜਾਏ ਕਿ ਮੁਲਜਮ ਤੇ ਇਹਦੇ ਜਥੇ ਨੇ ਇਕ ਆਦਮੀ ਦੀ ਖੁਲੀ ਜਗਾ ਜਲਸੇ ਲਈ ਸਮਝ ਕੇ ਕਬਜਾ ਕੀਤਾ ਹੋਵੇ।

ਮੁਜ਼ਮ ਦਾ ਜਥਾ ਗਾਰਡ ਡੀਊਟੀ ਦੇਣ ਦੇ ਕਾਰਨ ਲੈਕਚਰਾਰਾਂ ਨੂੰ ਮੁਖਾਲਫਤ ਤੋਂ ਰਕਦਾ ਹੈ ਜੋ ਆਪਣੀਆਂ ਤਕਰੀਰਾਂ ਤਸ਼ਦੱਦ ਲਈ ਕਰਦੇ ਹਨ ਅਤੇ ਮੁਲਜ਼ਮ ਖੁਦ ਆਪਣੀਆਂ ਤਕਰੀਰਾਂ ਵਿਚ ਲੋਕਾਂ ਨੂੰ ਸਰਕਾਰ ਵਰੁਧ ਸ਼ਾਂਤ ਮਈ ਯਾ ਤਸ਼ਦੱਦ ਜਿਵੇਂ ਹੋਵੇ ਮੁਕਾਬਲੇ ਲਈ ਭੜਕਾਂਦਾ ਹੈ। ਮੁਲਜ਼ਮ ਜੰਤਾ ਨੂੰ ਤਸ਼ਦੱਦ ਲਈ ਭੜਕਾਇਆ ਜਿਸ ਜਲੂਸ ਦਾ ਖੁਦ ਸਦਰ ਸੀ। ਮੁਲਜ਼ਮ ਨੇ ਅਕਾਲੀ ਵਾਲੰਟੀਅਰ ਭਰਤੀ ਕੀਤੇ ਜੋ ਐਸ ਸਮੇਂ ਕਾਨੂੰਨ ਵਰੁਧ ਜਾਮਤ ਕਰਾਰ ਦਿਤੀ ਗਈ ਹੈ।

ਬਸ ਏਸ ਲਈ ਮੁਲਜ਼ਮ ਦਾ ਜਥਾ ਆਪਣੇ ਪਰਚਾਰਕਾਂ ਰਾਹੀ ਅੰਦਰੋ ਅੰਦਰੀ ਲੋਕਾਂ ਨੂੰ ਤਸ਼ਦੱਦ ਲਈ ਭੜਕਾਂਦਾ ਹੈ ਏਸ ਲਈ ਇਹ ਕਾਨੂੰਨ ਵਰੁਧ ਜਮਾਤ ਹੈ। ਮੁਲਜ਼ਮ ਜਥੇ ਨੂੰ ਭਰਤੀ ਕਰਨ ਵਾਲਾ ਹੈ। ਅਤੇ ਇਹਦਾ ਮੈਨੇਜਰ ਭੀ ਹੈ ਏਸ ਲਈ ਇਹ ਮੁਕਦਮਾਂ ਜ਼ੇਰ ਦਫਾ ੭-(੨) ਐਕਟ ੧੪- ੧੯੦੮ ਹੇਠ ਆਉਂਦਾ ਹੈ।

ਮੁਲਜ਼ਮ ਕਰੀਬਨ ੬੫ ਸਾਲ ਦਾ ਬੁਢਾ ਆਦਮੀ ਹੈ ਏਸ ਲਈ ਨਰਮੀ ਦਾ ਹਕਦਾਰ ਹੈ ਭਾਵੇਂ ਐਸੇ ਜਥੇ ਸਖਤੀ ਨਾਲ ਪੇਸ਼ ਆਉਣੇ ਚਾਹੀਦੇ ਹਨ ਤਾਂ ਜੋ ਹੋਰ ਐਸੇ ਨਵੇਂ ਜਥੇ ਪੈਦਾ ਨਾ ਹੋਣ। ਮੈਂ ਮੁਲਜ਼ਮ ਨੂੰ ਇਕ ਸਾਲ ਮਹਿਜ਼ ਕੈਦ ਦੀ ਸਜਾ ਦੇਂਦਾ ਹਾਂ।

ਦਸਖਤ ਐਮ. ਅਫਜਲ ਮਖਦੂਮ

੯ – ੬ – ੨੨ ਮੁਜਸਟਰੇਟ ਦਰਜਾ ਅਵਲ।

ਮਾਤਾ ਅਤਰ ਕੌਰ ਜੀ ਦਾ ਹਾਲ।

(ਦਾਸ ਦੀ ਮਾਤਾ)

ਮੈਂ ਥੋੜਾ ਜਿਹਾ ਸੰਖੇਪ ਹਾਲ ਮਾਤਾ ਜੀ ਦਾ ਲਿਖਣਾ ਚਾਹੁੰਦਾ ਹਾਂ। ਕਿਉਂਕਿ ਆਪ ਦਾ ਇਕ ਵੀਰ ਸ੍ਰ. ਸੁਰਜਨ ਸਿੰਘ ਤੇ ਦੋ ਭਤੀਜੇ ਸ੍ਰ. ਸੁੰਦਰ ਸਿੰਘ ਤੇ ਸ੍ਰ. ਧਰਮ ਸਿੰਘ ਜੀ ਬਬਰ ਕੇਸ ਵਿਚ ਫਾਂਸੀ ਦਿਤੇ ਗਏ।

ਆਪ ਪ੍ਰਾਣੇ ਗੁਰ ਸਿਖ ਘਰਾਣੇ ਦੀਆਂ ਬੀਬੀਆਂ ਵਿਚੋਂ ਇਕ ਸਨ ਜਿਨ੍ਹਾਂ ੧੯੧੩ ਦੀ ਗਦਰ ਲੈਹਰ ਤੋਂ ਕੌਮੀ ਪਰਵਾਨਿਆ ਦੀ ਰਜ ਰਜ ਕੇ ਸੇਵਾ ਕੀਤੀ। ਮੇਰੇ ਪਿਤਾ ਜੀ ਜਦ ਬੀ ਕਿਸੇ ਸਿਆਸੀ ਲੈਹਰ ਵਿਚ ਜੇਲ ਯਾਤਰਾ ਕਰਦੇ, ਮੇਰੀ ਮਾਤਾ ਜੀ ਬੜੇ ਧੀਰਜ ਤੇ ਹੌਂਸਲੇ ਨਾਲ ਪਿਛੋ ਜਥਿਆਂ ਦੀ ਸੇਵਾ ਕਰਦੇ। ਮੇਰੀ ਵਡੀ ਭੈਣ ਬੀਬੀ ਕਰਮ ਕੌਰ ਜੀ ਨੂੰ ਬੀ ਆਪਦੀ ਸੇਵਾ ਵਾਲੀ ਪੁਠ ਚੜੀ ਹੋਈ ਸੀ। ਆਪ ਦੋਵੇਂ ਆਏ ਗਏ ਬਬਰਾਂ ਤੇ ਹੋਰ ਅਕਾਲੀ ਸੂਰ ਬੀਰਾਂ ਦੇ ਲੰਗਰ ਆਦ ਦੀ ਸੇਵਾ ਵਿਚ ਬੜੇ ਪਰਸੰਨ ਰਹਿੰਦੇ।

ਮਾਤਾ ਜੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਸੰਨ ੧੯੩੯ ਵਿਚ ਕੋਈ ੭੦ ਸਾਲ ਦੀ ਆਯੂ ਵਿਚ ਚੜਾਈ ਕਰ ਗਏ।

ਗੁਰਬਚਨ ਸਿੰਘ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ।

ਬੱਬਰ ਅਕਾਲੀ ਲਹਿਰ

ਪੰਜਾਬ (ਪੰਜ-ਆਬ) ਹਿੰਦੁਸਤਾਨ ਦਾ ਇਕ ਛੋਟਾ ਜਿਹਾ ਸੂਬਾ ਹੈ, ਇਸ ਵਿਚ ਦੁਆਬਾ (ਜਿਸ ਦਾ ਅਸਲ ਨਾਮ ਬਿਸਤ ਦੁਆਬ ਹੈ) ਜੋ ਖੁਸ਼ਹਾਲ ਤੇ ਬਾਰੌਣਕ ਆਬਾਦ ਹੈ। ਬਹਾਦਰੀ (ਸੂਰਬੀਰਤਾ) ਇਸ ਦੁਆਬੇ ਵਿਚ ਕਦੀਮ ਜ਼ਮਾਨੇ ਤੋਂ ਕੁਦਰਤਨ ਪਾਈ ਜਾਂਦੀ ਹੈ, ਤਲੀਂ ਉਤੇ ਸੀਸ ਰਖਕੇ ਮੈਦਾਨੇ ਜੰਗ ਵਿਚ ਲੜਨ ਵਾਲੇ ਸ਼ਹੀਦ ਬਾਬਾ ਦੀਪ ਸਿੰਘ ਜੀ ਬਿਸਤ ਦੁਆਬਾ ਜਾਲੰਧਰ ਪੋਹੋ ਪਿੰਡ ਦੇ ਸਨ।

ਸਿਖ ਰਾਜ ਤੋਂ ਬਾਦ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਸੂਰਬੀਰ ਸਿਪਾਹੀ ਆਪੋ ਆਪਣੇ ਘਰ ਟੁਰ ਗਏ, ਜਿਨ੍ਹਾਂ ਵਿਚੋਂ ਇਕ ਏਹ ਸ਼ੇਰ ਬਹਾਦਰ *ਸ੍ਰ: ਦੂਲਾ ਸਿੰਘ ਜੀ ਹਿਆਤਪੁਰ ਰੁੜਕੀ (ਹੁਸ਼ਿਆਰਪੁਰ) ਵੀ ਸਨ। ਆਜ਼ਾਦੀ ਦੇ ਚਾਹਵਾਨ ਸ੍ਰ: ਦੂਲਾ ਸਿੰਘ ਜੀ ਨੇ ਸ਼ੁਰੂ ਸੰਨ ੧੯੦੦ ਵਿਚ ਸਾਧੜੇ (ਹੁਸ਼ਿਆਰਪੁਰ) ਵਿਖੇ ਦੀਵਾਨ ਰਖਿਆ ਮੌਜੂਦਾ ਹਕੂਮਤ ਦੇ ਹਾਲਾਤ ਤੇ ਰੌਸ਼ਨੀ ਪਾਈ ਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਸ਼ਹੀਦੀ ਜਥੇ ਨੂੰ ਮੁੜ ਕਾਇਮ ਕੀਤਾ ਤੇ ਜਿਸ ਦਾ ਨਾਮ 'ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ' ਰਖਿਆ, ਜਿਸ ਦੇ ਜਥੇਦਾਰ ❀ਬਾਬਾ ਦਲੀਪ ਸਿੰਘ ਜੀ ਨੀਯਤ ਕੀਤੇ ਗਏ। ਸਮੇ ਅਨੁਸਾਰ ਕੰਮ ਸ਼ੁਰੂ ਕਰ ਦਿਤਾ।

---

*ਸ੍ਰ: ਦੂਲਾ ਸਿੰਘ ਜੀ ੧੮੭੨ ਵਾਲੀ ਕੂਕਾ ਬਗਾਵਤ ਦੇ ਮੋਢੀ ਸਨ ਜਿਸ ਦੇ ਪੋਤਰੇ ਭਾ: ਧਰਮ ਸਿੰਘ ਜੀ ਸ਼ਹੀਦ (ਬਬਰ ਕੇਸ ਵਿਚ ਫਾਂਸੀ ਤੇ ਲਟਕੇ ਸਨ) ਤੇ ਭਾਈ ਸੁੰਦਰ ਸਿੰਘ ਜੀ ਸਨ ਤੇ ਸ੍ਰ: ਸੁਰਜਣ ਸਿੰਘ ਜੀ ੨੦ ਸਾਲੇ ਕੈਦੀ ਸ੍ਰ: ਦੂਲਾ ਸਿੰਘ ਦੇ ਭਤੀਜੇ ਸਨ।

❀ਜਥੇਦਾਰ ਬਾਬਾ ਦਲੀਪ ਸਿੰਘ ਜੀ।

ਆਜ਼ਾਦੀ ਵਾਸਤੇ ਲੜਨ ਵਾਲੇ ਪਤੰਗੇ ਨਿਰ ਲੋਭ ਤੇ ਨਿਰ ਮਾਨ ਹੀ ਅਕਸਰ ਹੋਇਆ ਕਰਦੇ ਹਨ। ਉਨ੍ਹਾਂ ਵਿਚ ਭੇਖੀ ਸਾਧੂਆਂ ਵਾਲਾ ਪਾਖੰਡ ਤੇ ਨਾ ਤਨਖਾਹ ਦਾਰ ਸਪਾਹੀਆਂ ਵਾਲਾ ਲਾਲਚ, ਇਸ ਵਾਸਤੇ ਉਕਤ ਜਥੇ ਦੇ ਮੈਂਬਰਾਂ ਨੇ ਵੀ ਵਧ ਚੜ੍ਹ ਕੇ ਨਿਸ਼ਕਾਮ ਕੁਰਬਾਨੀਆਂ ਕੀਤੀਆਂ (੧੯੦੭, ❋੧੯੧੪-੧੫ ਤੇ ੨੦-੨੧ ੨੨-੨੩ ਦਾ ਗਦਰ ਆਦਿ) ਕਿਉਂ ਕਿ ਦੇਸ਼ ਨੂੰ ਆਜ਼ਾਦ ਕਰੌਣ ਦੀ ਸਪਿਰਿਟ ਇਨਾਂ ਕੌਮੀ ਸੇਵਕਾਂ ਵਿਚ ਕੁਟ ਕੁਟ ਕੇ ਭਰੀ ਹੋਈ ਸੀ।

ਰੌਲਟ ਐਕਟ

ਪਹਿਲੀ ਜਰਮਨ ਜੰਗ (੧੯੧੪-੧੮) ਦੀ ਸੁਲ੍ਹਾ ਦੇ ਮਗਰੋਂ (ਜੋ ਸੰਨ ੧੯੧੮ ਦੇ ੧੧ਵੇਂ ਮਹੀਨੇ ੧੧ ਤਾਰੀਖ ੧੧ ਬਜੇ ੧੧ ਮਿੰਟ ਤੇ ੧੧ ਸਕਿੰਡ ਤੇ ਖਤਮ ਹੋਈ ਸੀ) ਬਜਾਏ ਹਿੰਦੁਸਤਾਨ ਨੂੰ ਆਜ਼ਾਦ ਕਰਨ ਦੇ ਉਲਟਾ ਟੈਕਸਾਂ ਦਾ ਬੋਝ ਪਾ ਕੇ ਹਿੰਦੁਸਤਾਨ ਦੀ ਮਾਲੀ ਹਾਲਤ ਨੂੰ ਕੁਚਲਣ ਦਾ ਢੰਗ ਕਢ ਮਾਰਿਆ ਕਿਉਂਕਿ ਜੰਗ ਸਮੇ ਹਿੰਦੁਸਤਾਨ ਨੇ ਇਸ ਵੈਹਦੇ ਉਤੇ ਮਦਦ ਦਿਤੀ ਸੀ ਕਿ ਜਰਮਨ ਜੰਗ ਤੋਂ ਬਾਦ ਹਿੰਦੁਸਤਾਨ ਆਜ਼ਾਦ ਕੀਤਾ ਜਾਵੇ (ਜਿਸ ਕਰਕੇ ਅਨਗਿਣਤ ਹਿੰਦੁਸਤਾਨੀ ਨੌਜਵਾਨ ਤਾਂ ਜੰਗ ਸਮੇ ਮੌਤ ਦੇ ਘਾਟ ਲੰਘ ਹੀ ਚੁਕੇ ਸਨ), ਹੁਣ ੧੧ ਮਾਰਚ ਸੰਨ ੧੯੧੯ ਨੂੰ ਰੌਲਟ ਐਕਟ ਚੁਕ ਬਣਾਇਆ। ਸਾਰੇ ਹਿੰਦੁਸਤਾਨ ਵਿਚ ਬੇਚੈਨੀ ਫੈਲ ਗਈ।

੧੧ ਅਪ੍ਰੈਲ ੧੯੧੯ ਨੂੰ ਹਾਦਸਾ ਜਲ੍ਹਿਆਂਵਾਲਾ ਬਾਗ।

ਪੰਜਾਬ ਵਿਚ ਐਕਟ ਦੇ ਮੁਤੱਲਕ ਬਹੁਤ ਜੋਸ਼ ਫੈਲ ਗਿਆ। ਜਗਾ ਜਗਾ ਰਾਜਸੀ ਜਲਸੇ ਕਰਨੇ ਸ਼ੁਰੂ ਕਰ ਦਿਤੇ ਸਭ ਤੋਂ ਪਹਿਲਾਂ

❋ਇਸ ਦਾ ਸੰਖੇਪ ਹਾਲ ਕਿਸੇ ਹੋਰ ਜਗਾ ਪੜ੍ਹੋ।

ਏਹ ਕੰਮ ਦੁਆਬੇ ਵਿਚ ਸ਼ਹੀਦ ਭਾਈ ਕਰਮ ਸਿੰਘ ਜੀ 'ਬਬਰ' ਨੇ ਆਪਣੇ ਪਿੰਡ ਦੌਲਤਪੁਰ, ਜਥੇਦਾਰ ਬਾਬਾ ਦਲੀਪ ਸਿੰਘ ਨੇ ਸਾਧੜੇ ਭਾਈ ਕਰਮ ਸਿੰਘ ਜੀ ਸ਼ਹੀਦ ਝਿੰਗੜ ਨੇ ਆਪਣੇ ਪਿੰਡ ਝਿੰਗੜ ਖੁਰਦਪੁਰ ਬੜੋਂ ਰੁੜਕਾ ਕਲਾਂ ਕੋਟ ਫਤੂਈ ਭਾਈ ਲਖਾ ਸਿੰਘ ਜੀ ਨੇ ਸ਼ਹੀਦ ਭਾਈ ਹਰਬੰਸ ਸਿੰਘ ਜੀ ਦੇ ਪਿਤਾ ਪਿਨਸ਼ਨਰ ਸ੍ਰ: ਖੇਮ ਸਿੰਘ ਜੀ ਹਵਾਲਦਾਰ ਨੇ ਪਿੰਡ ਸਰਹਾਲਾ ਖੁਰਦ ਮਹਿਤਪੁਰ ਲਦੰਨੀ ਬਛੋੜੀ ਗੜ੍ਹੀ ਕਾਨੂੰਗੋਆਂ ਤੇ ਬਿਲਗਾ ਆਦਿ ਪਿੰਡਾਂ ਵਿਚ ਸ਼ੁਰੂ ਕੀਤਾ। ਪੋਲੀਟੀਕਲ ਲਹਿਰ ਦਿਨੋ ਦਿਨ ਵਧਦੀ ਗਈ, ਹਕੂਮਤ ਵਲੋਂ ਵੀ ਸਖਤੀਆਂ ਸ਼ੁਰੂ ਹੋ ਗਈਆਂ। ਜਲੰਧਰ ਵਿਚ ਮਾਰ ਕੁਟਾਈ ਦਾ ਦੌਰ ਦੌਰਾ ਗਰਮ ਹੋਇਆ ਤੇ ਜਲ੍ਹਿਆਂ ਵਾਲੇ ਬਾਗ (ਅੰਮ੍ਰਿਤਸਰ) ਵਿਚ ਕਠੇ ਹੋਏ ਨਿਹਤੇ ਪੰਜਾਬੀਆਂ ਤੇ ੧੧ ਅਪ੍ਰੈਲ ੧੯੧੯ ਨੂੰ *ਓਡਵਾਇਰ ਨੇ ਗੋਲੀ ਚਲਾ ਦਿਤੀ। ਬਲਦੀ ਉਤੇ ਤੇਲ ਪਾਕੇ ਦੁਖੀ ਹਿੰਦੁਸਤਾਨ ਨੂੰ ਹੋਰ ਦੁਖਾਇਆਂ, ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ ਦੇ ਦਿਲ ਉਤੇ ਡਾਢੀ ਸਟ ਵਜੀ।

ਸਾਜ਼ਸ਼ ੧੯੨੧

੧) ਉਕਤ ਸਾਕੇ ਹੋਣ ਪਰ ਸ੍ਰੀ ਮਾਨ ਮਾਸਟਰ ਮੋਤਾ ਸਿੰਘ ਜੀ ਅਕਾਲੀ ਹਿਰਦਾ ਬੇਧਕ ਬਾਬਾ ਦਲੀਪ ਸਿੰਘ ਜੀ ਬਬਰ ਸਾਧੜਾ।

੨) ਭਾਈ ਕਿਸ਼ਨ ਸਿੰਘ ਜੀ 'ਗੜਗੱਜ', ਬੜਿੰਗ (ਜਲੰਧਰ) ਸਕਤ੍ਰ ਸ਼੍ਰੋਮਣੀ ਅਕਾਲੀ ਦਲ।

੩) ਭਾਈ ਤਾਰਾ ਸਿੰਘ ਜੀ ਠੇਠਰ [ਲਾਹੌਰ]

੪) ਭਾਈ ਤੋਤਾ ਸਿੰਘ ਜੀ (ਪਸ਼ਾਵਰ)

---

*ਇਸ ਦਾ ਨਾਮ ਓਡਵਾਇਰ ਸੀ, ਸ੍ਰ: ਊਧਮ ਸਿੰਘ ਨੇ ਇਸ ਨੂੰ ਲੰਡਨ ਵਿਚ ਤਕਰੀਰ ਕਰਦੇ ਨੂੰ ਮਾਰਿਆ ਤੇ ਦੋ ਹੋਰ ਲਾਰਡ ਜ਼ੈਟਲੈਂਡ ਤੇ ਲਾਰਡ ਵਲਿੰਗਟਨ ਨੂੰ ਮਾਰਿਆ ਪਰ ਲਾਰਡ ਜ਼ੈਟਲੈਂਡ ਫਟੜ ਹੋ ਗਿਆ ਸੀ, ਇਹ ਸਾਕਾ ੧੩ ਮਾਰਚ ੧੯੪੦ ਦਾ ਹੈ।

੫) ਭਾਈ ਬੇਲਾ ਸਿੰਘ ਘੋਲੀਆ [ਫੀਰੋਜ਼ਪੁਰ]
੬) ਭਾਈ ਨਰੈਣ ਸਿੰਘ ਜੀ ਚਾਟੀ ਵਿੰਡ (ਅੰਮਿਰਤਸਰ)
੭) ਭਾਈ ਵਤਨ ਸਿੰਘ ਜੀ ਕੈਨੇਡੀਅਨ ਕਾਹਰੀ (ਹੁਸ਼ਿਆਰਪੁਰ) ਆਦਿ ਉਕਤ ਜਥੇ ਦੇ ਮੈਂਬਰਾਂ ਨੇ ਕਿੰਗ ਚੀਫ ਕਮਿਸ਼ਨਰ ਲਾਹੌਰ, ਕਰੀ ਡਿਪਟੀ ਕਮਿਸ਼ਨਰ ਸ਼ੇਖੂਪੁਰਾ, ਬੋਰਿੰਗ ਸੁਪਰਿੰਟੈਂਡੈਂਟ ਸੀ: ਆਈ: ਡੀ:, ਸੁੰਦਰ ਸਿੰਹ ਮਜੀਠਾ, ਗਜਣ ਸਿੰਹ ਲੁਧਿਆਣਾ, ਮਹੰਤ ਦੇਵਾ ਦਾਸ ਨਨਕਾਣਾ ਸਾਹਿਬ, ਮਹੰਤ ਬਸੰਤ ਦਾਸ ਮਾਣਕ, ਕਰਤਾਰ ਸਿੰਹ ਬੇਦੀ, ਬੇਲਾ ਸਿੰਹ ਜਿਅਣ ਆਦ ਦੇਸ਼ ਘਾਤੀਆਂ ਨੂੰ ਮਾਰਨ ਦੀ ਗੋਂਦ ਗੁੰਦੀ ਗਈ।

ਇਸ ਵੇਲੇ ਸ੍ਰੀ ਮਾਨ ਮਾਸਟਰ ਮੋਤਾ ਸਿੰਘ ਜੀ ਦਾ ਵਾਰੰਟ ੧੨੪ ਤੇ ੧੫੩ ਹੇਠ ਜਾਰੀ ਹੋ ਚੁਕਾ ਸੀ। ਭਾਈ ਕਿਸ਼ਨ ਸਿੰਘ ਜੀ ਗੜਗੱਜ ਸਕੱਤ੍ਰ, ਭਾਈ ਬੇਲਾ ਸਿੰਘ ਜੀ ਅਕਾਲੀ, ਗੰਡਾ ਸਿੰਹ ਤੇ ਸਾਧੂ ਸਿੰਹ ਲਾਹੌਰ (ਜਿਸ ਨੇ ਬਾਦ ਵਿਚ ਕੌਮ ਪ੍ਰਸਤ ਅਖਬਾਰ ਕਢੀ ਸੀ) ਬੋਰਿੰਗ ਨੂੰ ਮਾਰਨ ਵਾਸਤੇ ਲਾਹੌਰ ਗਏ। ਸਾਧੂ ਸਿੰਹ ਦੀ ਬੇਈ-ਮਾਨੀ ਨਾਲ ਭਾਈ ਬੇਲਾ ਸਿੰਘ ਤੇ ਗੰਡਾ ਸਿੰਹ ਜੋ ਪਸਤੌਲਾਂ ਨਾਲ ਸਨਧ ਬਧ ਸਨ, ਲਾਹੌਰ ਸਟੇਸ਼ਨ ਪਰ ੧੩ ਮਈ ੧੯੨੧ ਗ੍ਰਿਫਤਾਰ ਹੋ ਗਏ। ਜਿਨਾਂ ਵਿਚੋਂ ਗੰਡਾ ਸਿੰਹ ਵੈਹਦਾ ਮੁਆਫ ਹੋ ਗਿਆ ਜਿਸ ਕਰਕੇ ਸ੍ਰ. ਚੈਂਚਲ ਸਿੰਘ ਜੀ ਕੈਨੇਡੀਅਨ ਜੰਡਿਆਲਾ (ਜਲੰਧਰ) ਭਾਈ ਠਾਕਰ ਸਿੰਘ ਜੀ ਭੋਜੋਵਾਲ (ਜਲੰਧਰ), ਬਾਬਾ ਚਤ੍ਰ ਸਿੰਘ ਜੀ ਜੇਠੂਵਾਲ [ਅੰਮਰਿਤਸਰ], ਭਾਈ ਪਰੇਮ ਸਿੰਘ ਜੀ ਗਰੰਥੀ ਚੁਮਾਲਾ ਸਾਹਿਬ, ਭਾਈ ਬਿਸ਼ਨ ਸਿੰਘ ਜੀ ਸ਼ੇਰਪੁਰ (ਪਟਿਆਲਾ) ਤੇ ਸਾਧੂ ਸਿੰਘ ਸੂਹੀਆ ਆਦਿ ਮੁਖੀ ਅਕਾਲੀ ਗਰਿਫਤਾਰ ਕੀਤੇ ਗਏ।

ਗੰਡਾ ਸਿੰਹ ਸਰਲ (ਅੰਮ੍ਰਤਸਰ ਸਨ), ਸੁੰਦਰ ਸਿੰਹ ਉਰਫ ਸ਼ਾਮ ਸਿੰਹ ਕਾਹਰੀ (ਹੁਸ਼ਿਆਰ ਪੁਰ), ਬੂੜ ਸਿੰਹ ਲੁਧੜ ਕਰਮ ਸਿੰਘ ਵਾਲੇ (ਸਿਆਲਕੋਟ), ਗੁਰਬਖਸ਼ ਸਿੰਹ ਪਸ਼ੌਰੀ, ਚਤਰ ਸਿੰਹ ਉਰਫ ਸੰਤਾ ਸਿੰਹ, ਸਰਮੁਖ ਸਿੰਹ, ਇਨਾਂ ਛੇ ਆਦਮੀਆਂ ਨੂੰ ਵਾਇਦਾ ਮੁਆਫ਼ ਬਣਾਕੇ

ਅਕਾਲੀ ਸਾਜ਼ਸ਼ ਦਾ ਮੁਕਦਮਾ ਜੇ.ਪੀ.ਰੈਸਟ ਦੀ ਅਦਾਲਤ ਲਾਹੌਰ ਵਿਚ ਭਾ: ਤਾਰਾ ਸਿਘ ਜੀ ਠੇਠਰ (ਲਾਹੌਰ), ਭਾ. ਤੋਤਾ ਸਿੰਘ ਜੀ ਪਸ਼ੌਰੀ ਭਾ. ਬੇਲਾ ਸਿਘ ਜੀ ਘੋਲੀਆਂ [ਫੀਰੋਜ਼ਪੁਰ] †ਭਾ. ਨਰੈਣ ਸਿੰਘ ਚਾਟੀ ਵਿੰਡ (ਅੰਮ੍ਰਿਤਸਰ) ੨/੩੫ ਸਿਖ ਪਲਟਨ ਵਿਚ ਨੈਕ ਸਨ ਤੇ ਪੰਲਟਨ ਵਿਚੋਂ ਗਰਿਫਤਾਰ ਕੀਤੇ ਗਏ, ਅਮਰ ਸਿੰਹ ਕੋਟ ਬਾਰੇ ਖਾਂ [ਗੁਜਰਾਂਵਾਲਾ] ਭਾਈ ਪਰੇਮ ਸਿੰਘ ਜੀ ਚੁਮਾਲਾ ਸਾਹਿਬ ਲਾਹੌਰ ਦੇ ਬਰਖਲਾਫ ੮-੧੧-੨੧ ਨੂੰ ਕੇਸ ਚਲਾਇਆ ਗਿਆ। ਮਾਸਟਰ ਮੋਤਾ ਸਿੰਘ ਜੀ ਅਕਾਲੀ, ਭਾਈ ਕਿਸ਼ਨ ਸਿੰਘ ਜੀ ਚਕ੍ਰਵਰਤੀ, ਬਿਜਲਾ ਸਿੰਘ ਘੜਆਂ (ਪਟਿਆਲਾ), ਭਾਈ ਗੁਰਬਚਨ ਸਿੰਘ ਜੀ ਕਿਸ਼ਨਪੁਰਾ (ਅੰਬਾਲਾ) ਤੇ ਅਮਰ ਸਿੰਘ ਦਹਿਲਵੀ ਇਨ੍ਹਾਂ ਪੰਜਾਂ ਨੂੰ ਮਫਰੂਰ ਕਰਾਰ ਦਿਤਾ ਗਿਆ।

ਭਾ. ਬਿਸ਼ਨ ਸਿੰਘ ਸਾਧੂ ਸਿੰਘ ਸੂਹੀਆ ਤੇ ਠਾਕਰ ਸਿੰਘ ਭੋਜੋ ਵਾਲ ਨੂੰ ਛਡ ਦਿਤਾ ਗਿਆ, ਭਾ. ਚੈਨਚਲ ਸਿੰਘ ਜੀ ਨੂੰ ਜ਼ਮਾਨਤ ਨ ਦੇਣ ਕਰਕੇ ਇਕ ਸਾਲ ਕੈਦ ਕੀਤਾ ਗਿਆ, ਬਾਬਾ ਚਤਰ ਸਿੰਘ ਜੀ ਬਾਦ ਵਿਚ ਛਡੇ ਗਏ, ਅਤੇ ਭਾ. ਪਰੇਮ ਸਿੰਘ ਜੀ ਫਰਦ ਜੁਰਮ ਲੌਣ ਸਮੇ ਛਡੇ ਗਏ।

---

†ਭਾਈ ਬੇਲਾ ਸਿੰਘ ਘੋਲੀਆ ਤੇ ਨੈਕ ਨਰੈਣ ਸਿੰਘ ਜੀ ਚਾਟੀ ਵਿੰਡ ੨/੩੫ ਸਿਖ ਪਲਟਣ ਵਿਚ ਹੀ ਭਾ. ਕਿਸ਼ਨ ਸਿੰਘ ਜੀ ਚਕ੍ਰਵਰਤੀ (ਜੋ ਪਲ਼ਟਨ ਦੇ ਕੁਆਰਟਰ ਮਾਸਟਰ ਹਵਾਲਦਾਰ ਸਨ) ਦੇ ਪਾਰਟੀ ਦੇ ਆਦਮੀ ਸਨ। ਆਪ ਨੇ ਪਲਟਨ ਵਿਚ ਬੇਲਾ ਸਿੰਘ ਗੰਡਾ ਸਿੰਘ ਤੇ ਨੈਕ ਨਰੈਨ ਸਿੰਘ ਨੂੰ ਆਖ ਦਿਤਾ ਸੀ ਕਿ ਜਿਨ੍ਹਾਂ ਦੇਸ਼ ਘਾਤੀਆਂ ਨੇ ਬੇਦੋਸ਼ ਦੇਸ਼ ਭਗਤਾਂ ਨੂੰ ਫੜਾਇਆ ਜਾਂ ਝੂਠੀ ਗਵਾਹੀਆਂ ਦੇ ਕੇ ਕੈਦ ਤੇ ਫਾਂਸੀਆਂ ਤੇ ਚੜਾਇਆ ਹੈ ਉਨਾਂ ਨੂੰ ਮਾਰਨ ਵਾਸਤੇ ਪਾਰਟੀ ਬਣਾਉ ਤੇ ਹਥਿਆਰ ਕਾਇਮ ਕਰੋ (ਭਾਈ ਬੇਲਾ ਸਿੰਘ ਜੀ ਜੋ ਬੜੇ ਬਹਾਦਰ ਸਨ) ਨੇ ਅੰਬਾਲੇ ਤੋਂ ਗੋਰਿਆਂ ਦਾ ਕੋਤ ਭੰਨਕੇ ਸਤ ਰੀਵਾਲਵਰ ਕਢੇ ਤੇ ਦੋਵੇਂ ਹਰਨ ਹੋ ਗਏ।

੫) ਭਾਈ ਬੇਲਾ ਸਿੰਘ ਘੋਲੀਆ [ਫੀਰੋਜ਼ਪੁਰ]

੬) ਭਾਈ ਨਰੈਣ ਸਿੰਘ ਜੀ ਚਾਟੀ ਵਿੰਡ (ਅੰਮ੍ਰਿਤਸਰ)

੭) ਭਾਈ ਵਤਨ ਸਿੰਘ ਜੀ ਕੈਨੇਡੀਅਨ ਕਾਹਰੀ (ਹੁਸ਼ਿਆਰਪੁਰ) ਆਦਿ ਉਕਤ ਜਥੇ ਦੇ ਮੈਂਬਰਾਂ ਨੇ ਕਿੰਗ ਚੀਫ ਕਮਿਸ਼ਨਰ ਲਾਹੌਰ, ਕਰੀ ਡਿਪਟੀ ਕਮਿਸ਼ਨਰ ਸ਼ੇਖੂਪੁਰਾ, ਬੋਰਿੰਗ ਸੁਪਰਿੰਟੈਂਡੈਂਟ ਸੀ: ਆਈ: ਡੀ:, ਸੁੰਦਰ ਸਿੰਹ ਮਜੀਠਾ, ਗਜਣ ਸਿੰਹ ਲੁਧਿਆਣਾ, ਮਹੰਤ ਦੇਵਾ ਦਾਸ ਨਨਕਾਣਾ ਸਾਹਿਬ, ਮਹੰਤ ਬਸੰਤ ਦਾਸ ਮਾਣਕ, ਕਰਤਾਰ ਸਿੰਹ ਬੇਦੀ, ਬੇਲਾ ਸਿੰਹ ਜਿਅਣ ਆਦ ਦੇਸ਼ ਘਾਤੀਆਂ ਨੂੰ ਮਾਰਨ ਦੀ ਗੋਂਦ ਗੁੰਦੀ ਗਈ।

ਇਸ ਵੇਲੇ ਸ੍ਰੀ ਮਾਨ ਮਾਸਟਰ ਮੋਤਾ ਸਿੰਘ ਜੀ ਦਾ ਵਾਰੰਟ ੧੨੪ ਤੇ ੧੫੩ ਹੇਠ ਜਾਰੀ ਹੋ ਚੁਕਾ ਸੀ। ਭਾਈ ਕਿਸ਼ਨ ਸਿੰਘ ਜੀ ਗੜਗੱਜ ਸਕੱਤ੍ਰ, ਭਾਈ ਬੇਲਾ ਸਿੰਘ ਜੀ ਅਕਾਲੀ, ਗੰਡਾ ਸਿੰਹ ਤੇ ਸਾਧੂ ਸਿੰਹ ਲਾਹੌਰ (ਜਿਸ ਨੇ ਬਾਦ ਵਿਚ ਕੌਮ ਪ੍ਰਸਤ ਅਖਬਾਰ ਕਢੀ ਸੀ) ਬੋਰਿੰਗ ਨੂੰ ਮਾਰਨ ਵਾਸਤੇ ਲਾਹੌਰ ਗਏ। ਸਾਧੂ ਸਿੰਹ ਦੀ ਬੇਈ-ਮਾਨੀ ਨਾਲ ਭਾਈ ਬੇਲਾ ਸਿੰਘ ਤੇ ਗੰਡਾ ਸਿੰਹ ਜੋ ਪਸਤੌਲਾਂ ਨਾਲ ਸਨਧ ਬਧ ਸਨ, ਲਾਹੌਰ ਸਟੇਸ਼ਨ ਪਰ ੧੩ ਮਈ ੧੯੨੧ ਗ੍ਰਿਫਤਾਰ ਹੋ ਗਏ। ਜਿਨਾਂ ਵਿਚੋਂ ਗੰਡਾ ਸਿੰਹ ਵੈਹਦਾ ਮੁਆਫ ਹੋ ਗਿਆ ਜਿਸ ਕਰਕੇ ਸ੍ਰ. ਚੈਂਚਲ ਸਿੰਘ ਜੀ ਕੈਨੇਡੀਅਨ ਜੰਡਿਆਲਾ (ਜਲੰਧਰ) ਭਾਈ ਠਾਕਰ ਸਿੰਘ ਜੀ ਭੋਜੋਵਾਲ (ਜਲੰਧਰ), ਬਾਬਾ ਚਤ੍ਰ ਸਿੰਘ ਜੀ ਜੇਠੂਵਾਲ [ਅੰਮਰਿਤਸਰ], ਭਾਈ ਪਰੇਮ ਸਿੰਘ ਜੀ ਗਰੰਥੀ ਚੁਮਾਲਾ ਸਾਹਿਬ, ਭਾਈ ਬਿਸ਼ਨ ਸਿੰਘ ਜੀ ਸ਼ੇਰਪੁਰ (ਪਟਿਆਲਾ) ਤੇ ਸਾਧੂ ਸਿੰਘ ਸੂਹੀਆ ਆਦਿ ਮੁਖੀ ਅਕਾਲੀ ਗਰਿਫਤਾਰ ਕੀਤੇ ਗਏ।

ਗੰਡਾ ਸਿੰਹ ਸਰਲ (ਅੰਮ੍ਰਤਸਰ ਸਨ), ਸੁੰਦਰ ਸਿੰਹ ਉਰਫ ਸ਼ਾਮ ਸਿੰਹ ਕਾਹਰੀ (ਹੁਸ਼ਿਆਰ ਪੁਰ), ਬੂੜ ਸਿੰਹ ਲੁਧੜ ਕਰਮ ਸਿੰਘ ਵਾਲੇ (ਸਿਆਲਕੋਟ), ਗੁਰਬਖ਼ਸ਼ ਸਿੰਹ ਪਸ਼ੌਰੀ, ਚਤਰ ਸਿੰਹ ਉਰਫ ਸੰਤਾ ਸਿੰਹ, ਸਰਮੁਖ ਸਿੰਹ, ਇਨਾਂ ਛੇ ਆਦਮੀਆਂ ਨੂੰ ਵਾਇਦਾ ਮੁਆਫ਼ ਬਣਾਕੇ

ਅਕਾਲੀ ਸਾਜ਼ਸ਼ ਦਾ ਮੁਕਦਮਾ ਜੇ.ਪੀ.ਰੈਸਟ ਦੀ ਅਦਾਲਤ ਲਾਹੌਰ ਵਿਚ ਭਾ: ਤਾਰਾ ਸਿਘ ਜੀ ਠੇਠਰ (ਲਾਹੌਰ), ਭਾ. ਤੋਤਾ ਸਿੰਘ ਜੀ ਪਸ਼ੋਰੀ ਭਾ. ਬੇਲਾ ਸਿਘ ਜੀ ਘੋਲੀਆਂ [ਫੀਰੋਜ਼ਪੁਰ] †ਭਾ. ਨਰੈਣ ਸਿੰਘ ਚਾਟੀ ਵਿੰਡ (ਅੰਮ੍ਰਤਸਰ) ੨/੩੫ ਸਿਖ ਪਲਟਨ ਵਿਚ ਨੈਕ ਸਨ ਤੇ ਪਲਟਨ ਵਿਚੋਂ ਗਰਿਫਤਾਰ ਕੀਤੇ ਗਏ, ਅਮਰ ਸਿੰਹ ਕੋਟ ਬਾਰੇ ਖਾਂ [ਗੁਜਰਾਂਵਾਲਾ] ਭਾਈ ਪਰੇਮ ਸਿੰਘ ਜੀ ਚੁਮਾਲਾ ਸਾਹਿਬ ਲਾਹੌਰ ਦੇ ਬਰਖਲਾਫ ੮-੧੧-੨੧ ਨੂੰ ਕੇਸ ਚਲਾਇਆ ਗਿਆ। ਮਾਸਟਰ ਮੋਤਾ ਸਿੰਘ ਜੀ ਅਕਾਲੀ, ਭਾਈ ਕਿਸ਼ਨ ਸਿੰਘ ਜੀ ਚਕ੍ਰਵਰਤੀ, ਬਿਜਲਾ ਸਿੰਘ ਘੜਆਂ (ਪਟਿਆਲਾ), ਭਾਈ ਗੁਰਬੰਚਨ ਸਿੰਘ ਜੀ ਕਿਸ਼ਨਪੁਰਾ (ਅੰਬਾਲਾ) ਤੇ ਅਮਰ ਸਿੰਘ ਦਹਿਲਵੀ ਇਨ੍ਹਾਂ ਪੰਜਾਂ ਨੂੰ ਮਫਰੂਰ ਕਰਾਰ ਦਿਤਾ ਗਿਆ।

ਭਾ. ਬਿਸ਼ਨ ਸਿੰਘ ਸਾਧੂ ਸਿੰਘ ਸੂਹੀਆ ਤੇ ਠਾਕਰ ਸਿੰਘ ਭੋਜੋ ਵਾਲ ਨੂੰ ਛਡ ਦਿਤਾ ਗਿਆ, ਭਾ. ਚੈਨਚਲ ਸਿੰਘ ਜੀ ਨੂੰ ਜ਼ਮਾਨਤ ਨ ਦੇਣ ਕਰਕੇ ਇਕ ਸਾਲ ਕੈਦ ਕੀਤਾ ਗਿਆ, ਬਾਬਾ ਚਤਰ ਸਿੰਘ ਜੀ ਬਾਦ ਵਿਚ ਛਡੇ ਗਏ, ਅਤੇ ਭਾ. ਪਰੇਮ ਸਿੰਘ ਜੀ ਫਰਦ ਜੁਰਮ ਲੌਣ ਸਮੇ ਛਡੇ ਗਏ।

---

†ਭਾਈ ਬੇਲਾ ਸਿੰਘ ਘੋਲੀਆ ਤੇ ਨੈਕ ਨਰੈਣ ਸਿੰਘ ਜੀ ਚਾਟੀ ਵਿੰਡ ੨/੩੫ ਸਿਖ ਪਲਟਣ ਵਿਚ ਹੀ ਭਾ. ਕਿਸ਼ਨ ਸਿੰਘ ਜੀ ਚਕ੍ਰਵਰਤੀ (ਜੋ ਪਲਟਨ ਦੇ ਕੁਆਰਟਰ ਮਾਸਟਰ ਹਵਾਲਦਾਰ ਸਨ) ਦੇ ਪਾਰਟੀ ਦੇ ਆਦਮੀ ਸਨ। ਆਪ ਨੇ ਪਲਟਨ ਵਿਚ ਬੇਲਾ ਸਿੰਘ ਗੰਡਾ ਸਿੰਘ ਤੇ ਨੈਕ ਨਰੈਨ ਸਿੰਘ ਨੂੰ ਆਖ ਦਿਤਾ ਸੀ ਕਿ ਜਿਨ੍ਹਾਂ ਦੇਸ਼ ਘਾਤੀਆਂ ਨੇ ਬੇਦੋਸ਼ ਦੇਸ਼ ਭਗਤਾਂ ਨੂੰ ਫੜਾਇਆ ਜਾਂ ਝੂਠੀ ਗਵਾਹੀਆਂ ਦੇ ਕੇ ਕੈਦ ਤੇ ਫਾਂਸੀਆਂ ਤੇ ਚੜ੍ਹਾਇਆ ਹੈ ਉਨਾਂ ਨੂੰ ਮਾਰਨ ਵਾਸਤੇ ਪਾਰਟੀ ਬਣਾਉ ਤੇ ਹਥਿਆਰ ਕਾਇਮ ਕਰੋ (ਭਾਈ ਬੇਲਾ ਸਿੰਘ ਜੀ ਜੋ ਬੜੇ ਬਹਾਦਰ ਸਨ) ਨੇ ਅੰਬਾਲੇ ਤੋਂ ਗੋਰਿਆਂ ਦਾ ਕੋਤ ਭੰਨਕੇ ਸਤ ਰੀਵਾਲਵਰ ਕਢੇ ਤੇ ਦੋਵੇਂ ਹਰਨ ਹੋ ਗਏ।

ਹੁਕਮ ਸਨੌਣ ਵੇਲੇ ਭਾ: ਸਰੈਣ ਸਿੰਘ ਜੀ ਚਾਟੀ ਵਿੰਡ ਤੇ ਅਮਰ ਸਿੰਘ ਬਰੀ ਕਰ ਦਿਤੇ ਗਏ, ਭਾ. ਤਾਰਾ ਸਿੰਘ ਜੀ ਤੇ ਭਾ ਤੋਤਾ ਸਿੰਘ ਜੀ ਭਾ: ਬੇਲਾ ਸਿੰਘ ਜੀ ਪੰਜ ੨ ਸਾਲ ਕੈਦ ਕਰ ਦਿਤੇ ਗਏ।

ਸ੍ਰੀ ਮਾਨ ਮਾ. ਮੋਤਾ ਸਿੰਘ ਜੀ ਇਕ ਸਾਥੀ ਸਿੰਘ ਸਹਿਤ ਜ਼ਰੂਰੀ ਕੰਮ ਦੇ ਕਾਰਨ ੩੧ ਮਈ ਸਨ ੧੯੨੧ ਨੂੰ ਇਲਾਕਾ [ਕਾਬਲ] ਵਿਚ ਚਲੇ ਗਏ, ਭਾਈ ਵਤਨ ਸਿੰਘ ਜੀ ਕਾਹਰੀ (ਸ਼ਰੋਮਨੀ ਅਕਾਲੀ ਦਲ ਦਾ ਜਥੇਦਾਰ ਸੀ) ਗ੍ਰਿਫਤਾਰੀ ਸਮੇਂ ਸਵਰਗ ਸੁਧਾਰ ਗਏ ਸਨ, ਅਤੇ ਭਾ. ਕਿਸ਼ਨ ਸਿੰਘ ਜੀ ਗੜਗੱਜ ਚ: ਵ: ਸਕਤਰ ਅਕਾਲੀ ਦਲ ੪ ਜੂਨ ੧੯੨੨ ਨੂੰ (ਜਦੋਂ ਆਪ ਨੂੰ ਪੁਲਸ ਗਰਿਫਤਾਰ ਕਰਨ ਹਿਤ ਅੰਮ੍ਰਤਸਰ ਆਈ) ਮਾਸਟਰ ਸੁੰਦਰ ਸਿੰਘ ਜੀ ਸਿਖ ਲੀਡਰਾਂ ਦੀ ਆਗਿਆ ਪਾਕੇ [ਚਕ੍ਰਵਰਤੀ) ਮਫਰੂਰ ਹੋ ਗਏ।

ਸਿਖ ਲੀਗ ਤੇ ਸ੍ਰ: ਅਜੀਤ ਸਿੰਘ ਜੀ ਖਟਕੜ।

ਅਕਤੂਬਰ ੧੯੨੧ ਵਾਲੇ ਸੈਂਟ੍ਰਲ ਸਿਖ ਲੀਗ ਦੇ ਅਜਲਾਸ ਵਾਸਤੇ ਲਾਇਲਪੁਰ ਵਿਖੇ ਸਿਖ ਲੀਡਰ ਬਾਬ ਗੁਰਦਿਤ ਸਿੰਘ ਜੀ ਆਦ ਲੀਡਰਾਂ ਦੇ ਨਾਮ ਉਤੇ ਦਰਵਾਜ਼ੇ ਬਣਾਏ ਗਏ ਸਨ, ਅਤੇ ਉਨਾਂ ਦੀ ਹਮਦਰਦੀ ਲਈ ਗੁਰਮਤੇ ਪਾਸ ਕੀਤੇ ਗਏ, ਪਰ ਅਫਸੋਸ ਕਿ ਪੰਥ ਦੇ ਰਤਨ ਤੇ ਸਭ ਤੋਂ ਵਡੇ ਲੀਡਰ †ਸ੍ਰ: ਅਜੀਤ ਸਿੰਘ ਸਾਹਿਬ ਜੀ ਤੇ

---

†ਸ੍ਰ: ਅਜੀਤ ਸਿੰਘ ਜੀ ਖਟਕੜ (ਜਾਲੰਧਰ)। ਇਕ ਬੜੇ ਪੜ੍ਹੇ ਲਿਖੇ ਤੇ ਪਵਿਤਰ ਖਿਆਲਾਂ ਦੇ ਕੌਮੀ ਦੇਸ਼ ਸੇਵਕ ਸਨ। ੧੯੦੭ ਈਸਵੀ ਤੋਂ ਲੈਕੇ ਅਜ ਤਕ ਸਾਰੀ ਆਯੂ ਪ੍ਰਦੇਸ ਵਿਚ ਜਾ ਕੇ ਹਿੰਦਸਤਾਨ ਨੂੰ ਆਜ਼ਾਦ ਕਰੌਣ ਹਿਤ ਯਤਨ ਕਰਦੇ ਰਹੇ ਹਨ ਇਨ੍ਹਾਂ, ਦੇ ਭਤੀਜੇ ਸ੍ਰ: ਭਗਤ ਸਿੰਘ ਜੀ ਹੋਏ ਹਨ, ਜਿਸ ਦੀ ਉਮਰ ਅਜੇ ੧੯ ਸਾਲ ਸੀ ਕਾਲਜ ਵਿਚ ਤਾਲੀਮ ਹੀ ਪਾ ਰਹੇ ਸਨ ਦੋ ਸਾਥੀਆਂ ਸਹਿਤ ਐਸੰਬਲੀ (ਦਿਲੀ) ਵਿਚ ਬੰਬ ਚਲਾਇਆ। ਤੇ ਸਾਂਡਰਸ ਕੇਸ ਵਿਚ ਫਾਂਸੀ ਦੇ ਤਖ਼ਤੇ ਤੇ ਚੜ੍ਹ ਕੇ ਸ਼ਹੀਦੀ ਪ੍ਰਾਪਤ ਕੀਤੀ।

ਉਨਾਂ ਦੇ ਸਾਥੀਆਂ ਦੇ ਨਾਮ ਉਤੇ ਨਾਂ ਕੋਈ ਦਰਵਾਜ਼ਾ ਬਣਾਇਆ ਗਿਆ ਤੇ ਨਾਂਹੀ ਉਕਤ ਲੀਡਰਾਂ ਦੀ ਹਮਦਰਦੀ ਵਿਚ ਕੋਈ ਗੁਰਮਤਾ ਪਾਸ ਕੀਤਾ ਗਿਆ ਜੇ ਉਨਾਂ ਦੇ ਚਕਰ ਵਰਤੀ ਹੋਣ ਕਰਕੇ ਲੀਡਰਾਂ ਦੀ ਯਾਦ ਵਿਚੋਂ ਭੁਲ ਗਏ ਸਨ ਤਾਂ ਬਾਬਾ ਜੀ ਵੀ ਚਕਰ ਵਰਤੀ ਹੀ ਸਨ, ਪਰ ਗਲ ਮਰੇ ਖਿਆਲ ਵਿਚ ਤਾਂ ਇਹ ਹੋਈ ਕਿ ਦੁਆਬੇ ਦੇ ਵਰਤਮਾਨ ਲੀਡਰ ਕੁਝ ਜਿਆਦਾ ਸਮਝਦਾਰ ਨਹੀਂ ਸਨ, ਤੇ ਉਚੇ ਲੀਡਰਾਂ ਮੋਹਰੇ ਬੋਲਣ ਦੀ ਜੁਰਅਤ ਨਹੀਂ ਰਖਦੇ ਸਨ ਜੇ ਕਿਤੇ ਸ੍ਰ: ਅਜੀਤ ਸਿੰਘ ਜੀ ਤੇ ਮਾ: ਮੋਤਾ ਸਿੰਘ ਜੀ ਅਕਾਲੀ ਜ਼ਿੰਦਾ ਸ਼ਹੀਦ ਦੁਆਬੇ ਦੇ ਜੰਮੇਂ ਹੋਏ ਨਾਂ ਹੁੰਦੇ ਤਾਂ ਆਪ ਹੋਰਾਂ ਦਾ ਨਾਮ ਸਭ ਲੀਡਰਾਂ ਤੋਂ ਉਚਾ ਹੁੰਦਾ ਇਹ ਕੋਈ ਨਵੀਂ ਗਲ ਨਹੀਂ। ਦੁਆਬੇ ਦੀਆਂ ਕੁਰਬਾਨੀਆਂ ਲਕੋਣ ਹਿਤ ਸ਼ੁਰੂ ਤੋਂ ਹੀ ਯਤਨ ਹੁੰਦੇ ਰਹੇ ਹਨ, ਬਾਬਾ ਗਿਆਨ ਸਿੰਘ, ਗਿ: ਪਟਿ-ਆਲਵੀ, ਗਿ: ਕਰਤਾਰ ਸਿੰਘ ਕਲਾਸਵਾਲੀਏ ਤੇ ਬਾਬਾ ਗੁਰਦਿਤ ਸਿੰਘ ਜੀ ਨੇ ਇਸ ਕੰਮ ਵਿਚ ਸਭ ਤੋਂ ਵਧ ਕੇ ਹਿਸਾ ਲੀਤਾ, ਖੈਰ ਅੰਤ ਨੂੰ ਸਚ ਪਰਗਟ ਹੋਵੇਗਾ ਤੇ ਪਾਜ ਲਹੇਗਾ।

ਸ਼ਹੀਦ ਭਾ: ਕਰਮ ਸਿੰਘ ਜੀ ਬਬਰ, ਦੌਲਤ ਪੁਰੀ (ਜਾਲੰਦਰ) ਕੈਨੇਡਾ ਵਿਚ ਕਾਫੀ ਸਮਾ ਰਹਿ ਚੁਕੇ ਸੰਨ, ਧਰਮਅਰ ਦੇਸ਼ ਨਾਲ ਪੂਰਨ ਮੁਹਬਤ ਕਰਦੇ ਸਨ, ਗ਼ੁਬਾਂ ਦੀ, ਗੁਲਾਮੀ ਕਰਨ ਹਿਤ ਅਪਣੀ ਤਕੜੀ ਜ਼ਾਇਦਾਦ ਦਾ ਪ੍ਰੀਤਿਆਗ ਕਰਕੇ ਆਪਣੇ ਵਤਨ ਨੂੰ ਵਾਪਸ ਆਏ, ਕੌਮ ਦੀ ਸੇਵਾ ਤਨ, ਮਨ ਤੇ ਧਨ ਨਾਲ ਤੇ ਲੇਕਚ੍ਰ ਦੁਆਰਾ ਯੋਗ ਢੰਗ ਨਾਲ ਕਰਦੇਂ ਰਹੇ ਤੇ ਸਾਥ ਹੀ ਇਕ ਕਾਰਖਾਨਾਂ ਕ੍ਰਿਪਾਨਾਂ ਤੇ ਸਫਾ ਜੰਗ ਬਨੌਣ ਦਾ ਖੋਲਿਆ *ਆਪ ਜੀ ਦਾ ਵਰੰਟ ੧੨੪, ੧੫੩ ਹੇਠ ਜਾਰੀ

---

*ਉਨ੍ਹਾਂ ਦਿਨਾਂ ਵਿਚ ਸਿਖ ਨੂੰ ਕਿਰਪਾਣ ਰਖਣ ਦੀ ਮੁਮਾਨਤ ਸੀ ਇਸੇ ਜੁਰਮ ਵਿਚ ਬਬਰ ਜੀ ਨੂੰ ਜ਼ਰਮਾਨੇ ਦੀ ਸਜ਼ਾ ਅਦਾਲਤ ਜਾਲੰਧਰ ਵਲੋਂ ਹੋਈ, ਲੇਕਣ ਬੱਬਰ ਜੀ ਨੇ ਕੰਮ ਬਾਕਾਇਦਾ ਜਾਰੀ ਰਖਿਆ ਤੇ ਪੌਲੀਟੀਕਲ ਆਪਣੇ ਪਿੰਡ ਦੋਲਤਪੁਰ (ਬਾਕੀ ਸਫਾ ੮ ਤੇ)

ਹੋਗਿਆ ਪਰਆਪ ਨੇ ਕੌਮੀ ਸੇਵਾ ਨੂੰ ਮੁਖ ਰਖ ਕੇ ਜ਼ਾਲਮ ਦੇ ਪਿੰਜਰੇ (ਜੇਲ੍ਹ) ਪੈਣਾ ਮਨਾਸਬ ਖਿਆਲ ਨਾਂ ਕਰਕੇ ਚਕਰ ਵਰਤੀ ਮਫਰੂਰ ਹੋਗਏ।

(ਸਫਾ ੭ ਦੀ ਬਾਕੀ) ਰਾਜੋਵਾਲ ਦਿਆਨਤਪੁਰ, ਕੋਟਲੀ ਜਸੋਵਾਲ ਮੋਰਾਂਵਾਲੀ ਰਾਮਗੜ੍ਹ ਝੁੰਗੀਆਂ (ਨਗਰ ਸ਼ਹੀਦ ਭਾ ਉਦੇ ਸਿੰਘ) ਹਿਆਤ ਪੁਰ ਰੁੜਕੀ ਸਾਧੜੇ ਬਛੋੜੀ ਗੜ੍ਹੀ ਕਾਨੂੰਗੋਆਂ ਰਕੜ ਬੇਟ (ਜਿਥੇ ਦੇ ਸ: ਰਤਨ ਸਿੰਘ ਸ਼ਹੀਦ ਹੋਏ ਹਨ) ਭਾ-ਰਤਨ ਸਿੰਘ ਜੀ ਸ਼ਹੀਦ ਨੇ ਜਿਸ ਵੇਲੇ ਆਪਣੇ ਪਿੰਡ ਜਲਸਾ ਰਖਿਆ। ਬੱਬਰ ਜੀ ਦੇ ਲੇਕਚਰ ਦਾ ਇਹਦੇ ਉਤੇ ਐਸਾ ਅਸਰ ਹੋਇਆ ਕਿ ਆਪ ਨੇ ਇਸ ਦਿਨ ਤੋਂ ਬੰਬ, ਰੀਵਾਲ-ਵਰ ਰੈਫਲ ਵਗੈਰਾ ਸਾਮਾਨ ਕਠਾ ਕਰਨਾ ਸ਼ੁਰੂ ਕਰ ਦਿਤਾ, ਇਤਫਾਕਨ ਇਸ ਦੀ ਅਦਮ ਮੌਜੂਦਗੀ ਵਿਚ (ਜਦੋਂ ਇਹ ਦੋਸਤ ਕਰੋੜਾ ਸਿੰਘ ਜੀ ਥਾਨੇਦਾਰ ਦੇ ਨਾਲ ਪਟਿਆਲੇ ਵਿਚ ਵਿਆਹ ਤੇ ਗਏ ਹੋਏ ਸਨ, ਪੁਲਸ ਨੇ ਬੇਈਮਾਨ ਸਕੰਦਰ ਮਹਿਤਪੁਰ ਤੋਂ ਸੂਹ ਪਾਕੇ ਸਾਰਾ ਸਾਮਾਨ ਪਕੜ ਲਿਆ ਤੇ ਆਪ ਇਕ ਸਟੇਸ਼ਨ ਤੋਂ ਉਤਰਦੇ ਹੀ ਫੜੇ ਗਏ। ਏਸ ਜੁਰਮ ਵਿਚ ਇਹਨੂੰ ਪੰਜ ਸਾਲ ਸਜ਼ਾ ਹੋਈ ਤੇ ਕੈਦ ਕਟਕੇ ਸੰਨ ੧੯੨੭ ਵਿਚ ਫੇਰ ਏਹੀ ਕੰਮ ਸ਼ੁਰੂ ਕਰ ਦਿਤਾ। ਕੌਮ ਤੇ ਮੁਲਕ ਤੋਂ ਮਰ ਮਿਟਣ ਵਾਲੇ ਸ਼ਹੀਦ ਰਤਨ ਸਿੰਘ ਨੇ ਥਾਣਾ ਬਲਾਚੌਰ ਤੇ ਥਾਣਾ ਗੜ੍ਹ ਸ਼ੰਕਰ ਵਿਚ ਬੰਬ ਸੁਟੇ। ਦੋ ਸਾਲ ਚਕਰ ਵਰਤੀ ਰਹਿ ਕੇ ੧੯੩੦ ਵਿਚ ਗਰਿਫਤਾਰ ਕੀਤੇ ਗਏ। ੨੦ ਸਾਲ ਕੈਦ ਹੋ ਕੇ ਦਰੀਆਏ ਸ਼ੋਰ [ਕਾਲੇ ਪਾਣੀ) ਜਾ ਰਹੇ ਸਨ ਤੇ ਰਮਾਣੇ ਸਟੇਸ਼ਨ ਤੇ ਜਦੋਂ ਪੁਜੇ ਤਾਂ ਪਹਿਰੇਦਾਰਾਂ ਤੋਂ ਰਾਈਫਲ ਲੈਕੇ ਤੇ ਆਪਣੇ ਸਾਥੀਆਂ ਨੂੰ ਕਢ ਕੇ ਫੇਰ ਮਫਰੂਰ ਹੋਗਏ ਕੁਛ ਦਿਨ ਚਕਰਵਰਤੀ ਰਹਿਕੇ ੨੪ ਜੁਲਾਈ ੧੯੩੨ ਨੂੰ ਰੁੜਕੀ ਸੈਣੀਆਂ (ਹੁਸ਼ਿਆਰਪੁਰ) ਵਿਚ ਘੇਰੇ ਗਏ ਤੇ ਉਸ ਮਕਾਨ ਨੂੰ ਪੋਲੀਸ ਨੇ ਅਗ ਲਾ ਦਿਤੀ। ਜਿਸ ਦੇ ਨਾਲ ਕੁਝ ਮਕਾਨ ਜਲ ਕੇ ਢੇਹ ਪਏ ਇਸ ਨੇ ਸਤ ਕੰਧਾਂ ਪਾੜੀਆਂ ਧੂਏਂ ਨੇ ਬੇਹੋਸ਼ ਕਰ ਦਿਤਾ ਪਰ

ਭਾਈ ਉਦੇ ਸਿੰਘ ਜੀ ਸ਼ਹੀਦ

ਇਸ ਦਿਲ ਚਲੇ ਬਹਾਦਰ ਸ਼ੇਰ ਮਰਦ ਨੇ ਸ੍ਰ. ਵੀਰ ਸਿੰਘ ਜੀ ਧਾਮ ਪਿੰਡ ਗੜ੍ਹਬੁਗੀਆਂ [ਜ਼ਿਲਾ ਹੁਸ਼ਿਆਰਪੁਰ) ਵਿਖੇ ਜਨਮ ਲੀਤਾ ਛੋਟੀ ਉਮਰ ਵਿਚ ਉਰਦੂ ਗੁਰਮੁਖੀ ਵਿਦਿਆ ਪ੍ਰਾਪਤ ਕਰਕੇ ੧੭-੧੮ ਸਾਲ ਦੀ ਉਮਰ ਵਿਚ ੨੭ ਨੰਬਰ ਪਲਟਨ ਵਿਚ ਭਰਤੀ ਹੋ ਗਏ। ਜਲ੍ਹਿਆਂਵਾਲੇ ਬਾਗ ਤੇ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਸਮੇ ਆਪ ਨਾ ਮਿਲ ਵਰਤਨ ਦੇ ਅਸੂਲ ਅਨੁਸਾਰ ਨੌਕਰੀ ਛਡ ਆਏ ਤੇ ਅਕਾਲੀ ਸਜ ਗਏ। ਧਰਮ ਤੇ ਦੇਸ਼ ਦੀ ਆਜ਼ਾਦੀ ਖਾਤਿਰ ਪ੍ਰਚਾਰ ਦੁਆਰਾ ਸੇਵਾ ਕਰਦੇ ਰਹੇ। ਆਪ ਹੋਠੀਆਂ ਗੁਰਦੁਆਰੇ ਦੇ ਮਾਮਲੇ ਸਮੇ ਭਾ. ਕਰਮ ਸਿੰਘ ਜੀ ਸ਼ਹੀਦ †ਬਬਰ ਦੇ ਜਥੇ ਵਿਚ ਸ਼ਾਮਲ ਹੋ ਕੇ ਹੋਠੀਆਂ ਦੇ ਗੁਰਦੁਆਰੇ ਜਾਕੇ ਸੇਵਾ ਕੀਤੀ। ੧੨-੧-੨੨ ਨੂੰ ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ ਵਿਚ ਸ੍ਰੀ ਅਨੰਦ ਪੁਰ ਸਾਹਿਬ ਦੇ ਗੁਰਦਵਾਰੇ ਤੇ ਕਬਜ਼ਾ ਕਰਨ ਸਮੇ ਹੋ ਕੇ ਗੁਰਦਵਾਰੇ ਤੇ ਕਬਜ਼ਾ ਕੀਤਾ। ਹਰ ਵੇਲੇ ਆਪ ਸੰਤ ਮਤੇ ਵਿਚ ਹੀ ਰਹਿੰਦੇ ਸਨ, ਆਪ ਬਾਲ ਬਚੇ, ਘਰ ਬਾਰ ਤੇ ਕਾਫੀ ਜਾਇਦਾਦ ਨੂੰ ਤਿਆਗ ਕੇ ਕੌਮੀ ਸੇਵਾ ਦੇ ਮੈਦਾਨ ਵਿਚ ਕੁਦ ਪਏ ਤੇ ਤਨ, ਮਨ, ਧਨ ਦੁਆਰਾ ਸੇਵਾ ਕਰਕੇ ਜਨਮ ਸਫਲ ਕਰਨ ਲਗ ਪਏ।

---

†ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ ਵਿਚ।

(ਸਫਾ ੮ ਦੀ ਬਾਕੀ)

ਹੋਸਲਾ ਨਾਂ ਛਡਿਆ। ਮੁਕਾਬਲਾ ਕਰਦਿਆਂ ਹੋਇਆਂ ਤਿਨ ਸਪਾਹੀ ਤੇ ਨੰਬਰ ਦਾਰ ਹਜ਼ਾਰਾ ਸਿੰਘ ਨੂੰ ਮਾਰ ਕੇ ਆਪ ਭੀ ਸ਼ਹੀਦ ਹੋ ਗਏ।

ਸਕੰਦਰ ਮਹਿਤਪੁਰ ਲਦਣੀ (ਹੁਸ਼ਿਆਰਪੁਰ) ਦੇ ਨੂੰ [ਜਿਸ ਨੇ ਸ਼ਹੀਦ ਰਤਨ ਸਿੰਘ ਨੂੰ ਗਰਿਫਤਾਰ ਕਰਾਇਆ ਸੀ] ੨੬ ਪੋਹ ੧੯੪੨ ਵਿਚ ਮਾਰਿਆ ਸੀ।

ਸ਼ਹੀਦ ਕਰਮ ਸਿੰਘ ਜੀ ਝਿੰਗੜ।

੩੦ ਨਵੰਬਰ ੧੯੨੧ ਨੂੰ ਸ੍ਰੀ ਮਾਨ ਭਾਈ ਕਰਮ ਸਿੰਘ ਜੀ ਸ਼ਹੀਦ ਝਿੰਗੜ ਜੋ ਕੈਨੇਡਾ ਵਿਚੋਂ ਦੇਸ਼ ਤੇ ਧਰਮ ਦੀ ਸੇਵਾ ਹਿਤ ਵਾਪਸ ਆਏ ਹੋਏ ਸਨ ੧੯੧੫ ਤੋਂ ਲੈ ਕੇ ਤਿਨ ਸਾਲ ਦੇ ਲਗ ਭਗ ਮੁਲਤਾਨ ਕੈਂਬਲਪੁਰ ਜੇਲ੍ਹਾਂ ਵਿਚ ਰਹਿ ਕੇ ਦੇਸ਼ ਭਗਤੀ ਦਾ ਫਖਰ ਹਾਸਲ ਕਰ ਰਹੇ ਸਨ ਅਤੇ ੧੯੨੦-੨੧ ਨੂੰ ਆਪਣੇ ਪਿੰਡ ਝਿੰਗੜ ਵਿਚ ਰਾਜਸੀ ਦੀਵਾਨ ਲਾਉਣ ਦੇ ਕਾਰਨ ਆਪ ਜੀ ਦਾ ਵਾਰੰਟ ੧੦੭ ਹੇਠ ਜਾਰੀ ਹੋ ਗਿਆ ਸੀ ਪਰ ਆਪ ਜੇਲ੍ਹ ਜਾਣਾ ਨਾ ਪਸੰਦ ਕਰਕੇ ਚਕਰ ਵਰਤੀ ਹੋ ਗਏ।

ਜਥੇਦਾਰ ਬਾਬਾ ਦਲੀਪ ਸਿੰਘ ਜੀ ਪਿਨਸ਼ਨਰ

ਉਸੀ ਸਮੇ ਸ੍ਰੀ ਮਾਨ ਜਥੇ: *ਬਾਬਾ ਦਲੀਪ ਸਿੰਘ ਜੀ ਸਾਧੜਾ ਜੋ ਮੁਦਤ ਤੋਂ ਕੌਮੀ ਸੇਵਾ ਕਰ ਰਹੇ ਸਨ ਤੇ ਪ੍ਰਚਾਰ ਦੁਆਰਾ ਆਪਣੇ ਕੌਮੀ ਫਰਜ਼ ਨੂੰ ਪੂਰਾ ਕਰ ਰਹੇ ਸਨ। ਆਪਣੇ ਪਿੰਡ ਸਾਧੜਾ ਵਿਖੇ ਰਾਜਸੀ ਜਲਸੇ ਤੇ ਲੈਕਚਰ ਕਰਨ ਦੇ ਅਪ੍ਰਾਧ ਵਿਚ ਆਪ ਜੀ ਦਾ ਵਾਰੰਟ ੧੭ ਬੀ ਹੇਠਾਂ ਜਾਰੀ ਹੋ ਚੁਕਾ ਸੀ। ਸ਼ਹੀਦ ਭਾਈ ਕਰਮ ਸਿੰਘ ਜੀ ਨੇ (ਮਫਰੂਰ ਹੋਏ) ਮਿਲ ਕੇ ਕਾਂਗਰਸ ਕਮੇਟੀਆਂ ਤੇ ਪੰਚੈਤਾਂ ਪਿੰਡਾਂ ਵਿਚ ਕਾਇਮ ਕੀਤੀਆਂ।

ਪਹਿਲਾ ਗੁਰਮਤਾ

ਹੁਣ ਦੁਆਬੇ ਵਿਚ ਇਨਾਂ [ਮਫਰੂਰ ਚਕ੍ਰ ਵਰਤੀਆਂ] ਧਰਮੀ

---

*ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ ਦੇ ਜਥੇਦਾਰ ਸਨ ਤੇ ਭਾਈ ਕਰਮ ਸਿੰਘ ਜੀ ਸ਼ਹੀਦ ਝਿੰਗੜ ਇਨ੍ਹਾਂ ਦੇ ਭਣੇਵੇਂ (ਭਾਣਜੇ) ਸਨ। ਬਬਰ ਅਕਾਲੀ ਕੇਸ ਵਿਚ ਆਉਣ ਦੇ ਕਾਰਨ ਹੀ ਜਥੇਦਾਰ ਜੀ ਦੀ ਪਿਨਸ਼ਨ ਜ਼ਬਤ ਹੋਈ ਸੀ।

ਤੇ ਕੌਮੀ ਨਿਰਲੋਭ ਸੇਵਕਾਂ ਦਾ ਆਜ਼ਾਦ ਤੌਰ ਪਰ ਪ੍ਰਚਾਰ ਸ਼ੁਰੂ ਹੋਇਆ ਤੇ ਆਮ ਜਨਤਾਂ ਜੋ ਗੁਲਾਮੀ ਦੀ ਨੀਂਦ ਵਿਚ ਘੂਕ ਸੁਤੀ ਪਈ ਸੀ ਜਾਗਰਿਤ ਵਿਚ ਆ ਗਈ, ਮੌਜੂਦਾ ਹਕੂਮਤ ਦੇ ਬਰਖਲਾਫ ਇਨਕ-ਲਾਬੀ ਲਹਿਰ ਪੈਦਾ ਕਰ ਦਿਤੀ ਤੇ ਸਿਵਲ ਨਾਫਰਮਾਨੀ ਸ਼ੁਰੂ ਹੋ ਗਈ, ਜੋ ਮਹਾਤਮਾ ਗਾਂਧੀ ਜੀ ਦੇ ਪਰੋਗਰਾਮ ਅਨੁਸਾਰ ਸ਼ੁਰੂ ਤੇ ਬੰਦ ਕੀਤੀ ਗਈ ਸੀ।

ਸਖਤੀਆਂ ਤਾਂ ਹਕੂਮਤ ਵਲੋਂ ਪਹਿਲੇ ਹੀ ਸ਼ੁਰੂ ਸਨ, ਪਰ ਹੁਣ ਸੀ. ਆਈ. ਡੀ., ਪੰਜਾਬ ਪੋਲੀਸ ਤੇ ਝੋਲੀ ਚੁਕਾਂ ਵਲੋਂ ਡਾਇਰੀਆਂ ਦੇ ਕੇ ਕੌਮ ਤੋਂ ਬਿਕੇ ਹੋਏ ਸੇਵਕਾਂ ਨੂੰ ਗਰਿਫਤਾਰ ਕਰੌਣ ਦੀਆਂ ਚਾਲਾਂ ਚਲਣੀਆਂ ਸ਼ੁਰੂ ਹੋ ਗਈਆਂ।

੧) ਸ਼ਹੀਦ ਭਾ: ਕਰਮ ਸਿੰਘ ਜੀ ਬਬਰ, ਦੌਲਤ ਪੁਰ। (੨) ਸ਼ਹੀਦ ਭਾ: ਕਰਮ ਸਿੰਘ ਜੀ ਝਿੰਗੜ। (੩) ਜਥੇਦਾਰ ਬਾਬਾ ਦਲੀਪ ਸਿੰਘ ਜੀ ਸਾਧੜੇ। (੪) ਸ਼ਹੀਦ ਭਾ: ਉਦੇ ਸਿੰਘ ਜੀ ਰਾਮ ਗੜ੍ਹੀਆਂ। ੫) ਸ਼ਹੀਦ ਭਾ: ਧਰਮ ਸਿੰਘ ਜੀ। ੬) ਸ਼ਹੀਦ ਸ੍ਰ ਸੁਰਜਣ ਸਿੰਘ ਜੀ ਹਿਆਤ ਪੁਰ ਰੁੜਕੀ ਆਦ ਸਿੰਘਾਂ ਨੇ ਪਿੰਡ ਸਾਧੜਾ ਵਿਖੇ ਕਠੇ ਹੋਕੇ ਇਹ ਗੁਰਮਤਾ ਪਾਸ ਕੀਤਾ ਕਿ ਝੋਲੀ ਚੁਕਾਂ ਦਾ ਸੁਧਾਰ ਕੀਤਾ ਜਾਵੇ ਤੇ ਇਕ ਅਖਬਾਰ ਸੁਤੰਤ੍ਰ ਜਾਰੀ ਕੀਤੀ ਜਾਵੇ ਜਿਸ ਦਾ ਨਾਮ ਬਬਰ ਅਕਾਲੀ ਦੁਆਬਾ ਅਖਬਾਰ ਰਖਿਆ ਜਾਵੇ, ਤੇ ਭਾ: ਉਦੇ ਸਿੰਘ ਜੀ ਸ਼ਹੀਦ ਨੂੰ ਡੁਪਲੀਕੇਟ ਮਸ਼ੀਨ ਲਿਔਣ ਵਾਸਤੇ ਲਾਹੌਰ ਭੇਜਕੇ ਮਸ਼ੀਨ ਮੰਗਵਾਈ ਗਈ, ਸ਼ਾਂਤ ਮਈ ਦੀ ਪੌਲਸੀ ਕਿਸੀ ਹਦ ਤੀਕ ਲਾਭ ਦਾਇਕ ਹੈ ਨਿਰਵਲ ਕੌਮਾਂ ਨੂੰ ਅੰਤ ਵਿਚ ਏਹੋ ਢੰਗ ਬ੍ਰਤਣਾ ਪੈਂਦਾ ਹੈ, ਇਸ ਢੰਗ ਨਾਲ ਕੌਮ ਕਸ਼ਟ ਸਹਿਣੇ ਤੇ ਕੁਰਬਾਨੀ ਕਰਨੀ ਸਿਖ ਜਾਂਦੀ ਹੈ, ਤੇ ਜਦੋਂ ਕੋਈ ਕੌਮ ਬਗੈਰ ਹਥ ਉਠੌਣ ਦੇ ਮਾਰ ਖਾਂਦੀ ਹੈ, ਤਾਂ ਅਕਸਰ ਕਰਕੇ ਹਮਸਾਈ ਕੌਮ ਦੀ ਉਸ ਨਾਲ ਹਮਦਰਦੀ ਹੋ ਜਾਂਦੀ ਹੈ ਜਿਸ ਕਰਕੇ ਕਿ ਆਪੋ ਵਿਚ ਪਿਆਰ ਪੈਦਾ ਹੋਕੇ ਇਤਫਾਕ ਹੋ ਜਾਂਦਾ

ਹੈ, ਇਸ ਹਦ ਤੀਕ ਤਾਂ ਸ਼ਾਂਤ ਮਈ ਲਾਭ ਦਾਇਕ ਹੈ, ਮਗਰ ਹਦ ਤੋਂ ਲੰਘ ਕੇ ਕੌਮ ਨੂੰ ਮੁਰਦਾ ਬਣਾ ਦਿੰਦੀ ਹੈ, ਬੀਰਤਾ ਅਤੇ ਜੋਸ਼ ਉਸ ਵਿਚੋਂ ਪੰਖ ਲਾਕੇ ਉਡ ਜਾਂਦੇ ਹਨ, ਕੁਝ ਕਾਲ ਤੋਂ ਲੈਕੇ ਸਿਖ ਪੰਥ ਤੇ ਕਾਂਗਰਸ ਲੀਡਰਾਂ ਦਾ ਅਜੇਹਾ ਅਸਰ ਹੋ ਚੁਕਾ ਸੀ ਕਿ ਸਿਖ ਆਪਣੇ ਅਦ੍ਰਿਸ਼ ਨੂੰ ਭੁਲ ਕੇ ਇਸ ਸ਼ਾਂਤ ਮਈ ਦੀ ਪੌਲਸੀ ਨੂੰ ਇਕ ਅਸੂਲ ਬਲਕਿ ਧਰਮ ਮਨ ਬੈਠੇ ਸਨ, ਇਥੋਂ ਤਕ ਕਿ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਤੇ ਦਸਮੇਸ਼ ਪਿਤਾ ਦਾ ਜੀਵਨ ਪੜ੍ਹਨਾ ਸੁਣਨਾ ਭੀ ਬੰਦ ਹੋ ਗਿਆ ਸੀ ਕੋਈ ਪ੍ਰਚਾਰਕ ਸਿਖ ਦੀਵਾਨਾ ਵਿਚ ਉਕਤ ਗੁਰੂ ਸਾਹਿਬ ਜੀ ਦਾ ਜੀਵਨ ਸਨੌਣ ਦਾ ਹੀਆ ਨਹੀਂ ਕਰਦਾ ਸੀ ਕਿਉਂਕਿਹ ਅਜੇਹਾ ਕਰਨ ਵਾਲੇ ਨੂੰ ਸ਼ਾਂਤੀ ਰੋਗ ਦੇ ਗ੍ਰਸੇ ਹੋਏ ਪੁਰਸ਼ ਸੀ ਆਈ, ਡੀ, ਯਾ ਕਿਸੇ ਰਿਆਸਤ ਦਾ ਚਾਟੜ ਅਖਰ ਨੂੰ ਸੋਚੇ ਸਮਝੇ ਤੋਂ ਬਿਨਾ ਹੀ ....ਹੋ ਜਾਂਦੇ ਸਨ, ਅਤੇ ਜੋਸ਼ੀਲੇ ਚੈਕਚੂ ਉਤੇ ਭੀ ਏਹ ਫਤਵੇ ਤੁਰਤ ਲਗ ਜਾਂਦੇ ਹਨ, ਬਲਕਿ ਨਧੜਕ ਪ੍ਰਚਾਰਕਾਂ ਨੂੰ ਆਮ ਦੀਵਾਨਾਂ ਵਿਚ ਬੋਲਣ ਦੀ ਆਗਿਆ ਹੀ ਨਹੀਂ ਸੀ ਹੁੰਦੀ, ਅਕਾਲੀ ਫੂਲਾ ਸਿੰਘ ਜੀ ਤੇ ਸ: ਹਰੀ ਸਿੰਘ ਜੀ ਨਲਵਾਂ ਆਦ ਬਹਾਦਰ ਸਿਖ ਸ਼ਹੀਦਾਂ ਦੇ ਕਾਰਨਾਮੇ ਸਨੌਣੇ ਤਾਂ ਇਸ ਸਮੇਂ ਡਾਢੇ ਕਠਨ ਹੋ ਗਏ ਸਨ, ਇਨ੍ਹਾਂ ਸਾਰੀਆਂ ਗਲਾਂ ਨੂੰ ਮਦੇ ਨਜ਼ਰ ਰਖਦੇ ਕਿ ਕਿਤੇ ਸ਼ਾਂਤ ਮਈ ਹਿੰਦੂਆਂ ਵਾਂਗ ਸਿਖ ਬਹਾਦਰਾਂ ਨੂੰ ਭੀ ਮੁਰਦੇ ਨਾ ਬਣਾ ਦੇਵੇ ਮੁੜ ਸਿਖ ਇਤਹਾਸ ਦਾ ਪ੍ਰਚਾਰ ਪੰਥ ਵਿਚ ਬੀਰ ਰਸ ਭਰਨ ਲਈ ਅਤੇ ਸਾਂਤੀ ਰੋਗ ਦੂਰ ਕਰਨ ਹਿਤ ਸੁਤੰਤ੍ਰ ਅਖਬਾਰ ਦੀ ਲੋੜ ਭਾਸੀ ।

ਔਣ ਵਾਲੀਆਂ ਔਕੜਾਂ

ਢਕਰ ਵਰਤੀਆਂ ਨੂੰ ਇਸ ਵੇਲੇ ਇਹ ਭੀ ਭਲੀ ਪ੍ਰਕਾਰ ਮਾਲਮ ਸੀ ਕਿਹ ਇਸ ਮੌਕੇ ਜਦ ਕਿ ਹਿੰਦੋਸਤਾਨ ਦਾ ਬਚਾ ਬਚਾ ਸ਼ਾਂਤੀ ਦਾ ਸ਼ਰਧਾਲੂ ਹੋ ਚੁਕਾ ਸੀ ਐਸੀ ਜਿੰਦਾ ਦਿਲ ਅਖਬਾਰ ਦੀ ਬਰੋਧਤਾ ਭੀ ਲੋਕਾਂ ਨੇ ਰਜਕੇ ਕਰਨੀ ਹੈ ; ਅਤੇ ਕੋਈ ਸੁਸਾਇਟੀ ਭੀ ਸਾਡੀ ਪਿਠ

ਉਤੇ ਮਾਇਆ ਦੀ ਸਹਾਇਤਾ ਕਰਨ ਹਿਤ ਬਿਲਕੁਲ ਨਹੀਂ, ਪਰ ਅਕਾਲ ਪੁਰਖ ਵ ਹਿ ਗੁਰੂ ਉਤੇ ਭਰੋਸਾ ਰਖਤੇ ਹੋਏ ਜਾਣਦੇ ਸਨ ਕਿ ਜਿਸ ਦਾ ਕਾਰਜ ਹੈ ਓਹ ਖੁਦ ਹੀ ਕੋਈ ਅਜੇਹਾ ਵਸੀਲਾ ਬਣਾ ਦੇਵੇਗਾ ਜਿਸ ਕਰਕੇ ਅਖਬਾਰ ਅਪਣੇ ਮਿਸ਼ਨ ਦਾ ਪ੍ਰਚਾਰ ਨਿਰ ਭੈ ਹੋਕੇ ਕਰੇਗਾ ਅਸੂਲ ਪ੍ਰਸਤੀ ਇਸੇ ਦਾ ਨਾਮ ਹੈ ਸੇਵਕ ਨੰਗੇ ਧੜ ਮੈਦਾਨ ਵਿਚ ਕੁਦਨ ਨੂੰ ਤਿਆਰ ਬੈਠੇ ਸਨ, ਤੇ ਕੁਦ ਪਏ।

ਸੰਤ ਕਰਤਾਰ ਸਿੰਹ ਵੈਹਦਾ ਮੁਆਫ

ਏਹ ਸ਼ਖਸ ਮੁਸਲਮਾਨੋ ਸਿੰਘ ਸਜਿਆ ਸੀ ਅਤੇ ਬਿਲਕੁਲ ਗੁਣ ਹੀਨ ਅਨਪੜ੍ਹ,ਤੇ ਮੂੜ੍ਹ ਹੈਸੀ ਅਕਾਲੀ ਲਹਿਰ ਦੇ ਅਰੰਭ ਹੋਣ ਸਮੇਂ ਇਸ ਨੇ ਭੀ ਕਾਲੀ ਪਗ ਬਨ ਲਈ, ਤੇ ਦੀਵਾਨਾਂ ਵਿਚ ਜਾਣ ਲਗ ਪਿਆ ਪੁਲਸ ਨੇ ਮਾਰਚ ੧੯੨੨ ਨੂੰ ਏਹਦਾ ਵਰੰਟ ੨੦੧ ਹੇਠ ਜਾਰੀ ਕਰ ਦਿਤਾ ਤੇ ਇਹ ਕੈਦੋਂ ਤਾਂ ਡਰ ਕੇ ਲੁਕ ਗਿਆ ਪਰ ਚਕਰ-ਵਰਤੀ ਦੌਰੇ ਦੀਆਂ ਤਕਲੀਫਾਂ ਨੂੰ ਝਾਗਣਾ ਭੀ ਡਾਢਾ ਕਠਨ ਹੈ ਅਪਰੈਲ ਵਿਚ ਹੀ ਏਹ ਆਪਣੇ ਜੁੰਡੀ ਦੇ ਯਾਰ ਸੰਤ ਗੁਰਬਖਸ਼ ਸਿੰਘ ਘੁੜਿਆਲ ਵਾਸੀ ਨੂੰ ਨਾਲ ਲੈਕੇ ਉਸ ਦੇ ਰਾਹੀਂ ਥਾਣੇਦਾਰ ਕਾਨ੍ਹ ਸਿੰਘ ਨੂੰ ਜਾਲੰਧਰ ਮਿਲਿਆ ਤੇ ਪੁਲਸ ਦੀ ਸ਼ਰਨ ਲੈਕੇ ਵਾਰੰਟ ਵਾਪਸ ਕਰੌਣ ਦੇ ਯਤਨ ਕੀਤੇ, ਅੰਤ ਪੁਲਸ ਅਫਸਰਾਂ ਵਲੋਂ ਇਸ ਨੂੰ ਕਿਹਾ ਗਿਆ ਕਿਹ ਤੇਰਾ ਵਰੰਟ ਇਸ ਸ਼ਰਤ ਉਤੇ ਅੰਦਰੋਂ ਅੰਦਰੀ ਵਾਪਸ ਲੀਤਾ ਜਾਵੇਗਾ ਕਿ ਜੇ ਤੂੰ ਸ਼ਹੀਦ ਭਾ: ਕਰਮ ਸਿੰਘ ਜੀ ਬਬਰ ਸ਼ਹੀਦ, ਭਾ: ਕਰਮ ਸਿੰਘ ਝਿੰਗੜ, ਜਥੇਦਾਰ ਬਾਬਾ ਦਲੀਪ ਸਿੰਘ ਜੀ ਸਾਧੜਾ, ਸ੍ਰੀ ਮਾਨ ਮ. ਮੋਤਾ ਸਿੰਘ ਜੀ ਅਕਾਲੀ, ਭਾ. ਕਿਸ਼ਨ ਸਿੰਘ ਜੀ ਸ਼ਹੀਦ ਗੜਗਜ ਚਕਵਰਤੀਆਂ ਵਿਚੋਂ ਕਿਸੇ ਇਕ ਨੂੰ ਫੜਾ ਦੇਵੇਂ ਇਸ ਨੇ ਪ੍ਰਵਾਨ ਕੀਤਾ ਹੁਣ ਹਲਕਾਏ ਕੁਤੇ ਵਾਂਗ ਚਕਰ ਵਰਤੀਆਂ ਮਗਰ ਫਿਰਨ ਲਗਾ ਇਸ ਦੇ ਨਾਲ ਥਾਨੇਦਾਰ ਕਾਹਨ ਸਿੰਘ ਦਿਤਾ ਅਤੇ ਫਿਰ ਟੁਰ ਕੇ ਇਨ੍ਹਾਂ ਦੇ

ਠੇਹਰਨ ਦਾ ਵਡਾ ਅਡਾ ਗੁਰਬਖਸ਼ ਸਿੰਘ ਘੁੜਿਆਲ ਦਾ ਬੂੰਗਾ ਹੀ ਸੀ ਲਗ ਭਗ ਦੋ ਮਹੀਨੇ ਸਨ ਸਿਰ ਤੋੜ ਕੋਸ਼ਸ ਕੀਤੀ ਪਰ ਬਦਕਿਸਮਤੀ ਦੇ ਕਾਰਨ ਇਹ ਪਾਪੀ ਕਾਮਯਾਬ ਨਾ ਹੋਇਆ, ਅਤੇ ਵੇਹਦਾ ਨ ਪੂਰਾ ਕਰਨ ਦੇ ਕਾਰਨ ਪੁਲਸ ਨੇ ਇਸ ਨੂੰ ੨੭ ਜੂਨ ੧੯੨੨ ਨੂੰ ੧੦੭ ਹੇਠ ਫੇਰ ਗ੍ਰਿਫਤਾਰ ਕਰ ਲਿਆ ਤੇ ਅਬਦੁਲ ਫਤਾ ਨੇ ੧ ਸਾਲ ਮਹਿਜ਼ ਕੈਦ ਕੀਤੀ ਪਰ ਇਹ ਕਿਥੇ ਕੈਦ ਕਟ ਸਕਦਾ ਸੀ, ਤਿਨ ਮਹੀਨੇ ਬਾਦ ਫਿਰ ਚਕ੍ਰਵਰਤੀਆਂ ਨੂੰ ਫੜੌਨ ਦਾ ਇਕਰਾਹ ਕਰਕੇ ਤੇ ਮੁਆਫੀ ਮੰਗਕੇ ਆਇਆ, ਡਿਪਟੀ ਕਮਿਸ਼ਨਰ ਜਾਲੰਧੁਰ ਨੇ ਇਸ ਨੂੰ ਫੇਰ ਮੌਕਾ ਦਿਤਾ।

ਇਨਾਮ

ਇਸੇ ਸਮੇ ਮਾਰਚ ੧੯੨੨ ਵਿਚ ਚਕ੍ਰਵਰਤੀਆਂ ਦੇ ਇਨਾਮ ਸੀ. ਆਈ. ਡੀ ਪੰਜਾਬ ਵਲੋਂ ਛਾਪ ਕੇ ਹਰ ਥਾਂ ਵੰਡੇ ਗਏ ਸਨ।

(ਸੁਧਾਰ)

ਉਨ੍ਹਾਂ ਹੀ ਦਿਨਾਂ ਵਿਚ ਤਕੜੇ ੨ ਨਿਰ ਲੋਭ ਤੇ ਨਿਸਕਾਮ ਅਕਾਲੀਆਂ ਦਾ ਇਕ ਖੁਫੀਆ ਜਥਾ ਕੈਮ ਕੀਤਾ ੨੦ ਮਈ ੧੯੨੨ ਨੂੰ ਹਰਨਾਮ ਸਿੰਘ ਸਫੈਦ ਪੋਸ਼ ਮਹਦੀਪੁਰ (ਜਲੰਧਰ) ਦੇ ਅੰਗ ਕਟਣ ਲਈ ਭਾ: ਹਜ਼ਾਰਾ ਸਿੰਘ ਜੀ ਵਲਦ ਸ੍ਰ. ਇੰਦਰ ਸਿੰਘ ਜੀ ਮਤੇਰ ਭਾ. ਛਜਾ ਸਿੰਘ ਜੀ ਅਕਾਲੀ ਮਸਾਣੀਆਂ ਭਾ: ਅਮਰ ਸਿੰਘ ਜੀ ਅਕਾਲੀ ਸੇਵਕ ਰਾਜੋਵਾਲ ਪੁਜੇ, ਕੁਝ ਜ਼ਖਮ ਤਾਂ ਉਸ ਨੂੰ ਲਗੇ ਪਰ ਅੰਗ ਭੰਗ ਨਾ ਹੋਇਆ

ਗ੍ਰਿਫਤਾਰੀਆਂ

ਮਈ ੧੯੨੨ ਵਿਚ ਭਾ. ਕਿਸਨ ਸਿੰਘ ਜੀ ਤੇ ਸਾਥੀ ਭਾ. ਸੁੰਦਰ ਸਿੰਘ ਜੀ ਮਖਸੂਦਪੁਰ, ਪਿੰਡ ਸੂਢ ਭਾ ਅਰਜਣ ਸਿੰਘ ਜੀ ਪਾਸ

ਗਏ ਇਤਫਾਕਨ ਅਗੇ ਪੁਲਸ ਆਈ ਹੋਈ ਸੀ, ਭਾ: ਅਰਜਣ ਸਿੰਘ ਜੀ ਸੂੰਢ ਭਾ: ਸੁੰਦਰ ਸਿੰਘ ਜੀ ਮਖਸੂਦਪੁਰ ਦੋਵੇਂ ਗ੍ਰਿਫਤਾਰ ਕੀਤੇ ਗਏ ਭਾ. ਕਿਸ਼ਨ ਸਿੰਘ ਜੀ ਦਾਉ ਬਚਾਕੇ ਨਿਕਲ ਗਏ।

ਭਾ. ਸੁੰਦਰ ਸਿੰਘ ਜੀ ਤੇ ਭਾ. ਅਰਜਣ ਸਿੰਘ ਸੂੰਢ ਦਾ ਮੁਕਦਮਾਂ ਮਿਸਟਰ ਅਬਦੁਲ ਫਤਹ ਦੀ ਅਦਾਲਤ ਵਿਚ ਲਾਇਆ ਗਿਆ ਭਾ. ਸੁੰਦਰ ਸਿੰਘ ਨੂੰ ੧੯ ਮਾਹ ਕੈਦ ਤੇ ੧੦੦ ਰੁਪੀਆ ਜਰਮਾਨਾ ਤੇ ਭਾ. ਅਰਜਣ ਸਿੰਘ ਅਕਾਲੀ ਨੂੰ ਛੇ ਮਾਹ ਕੈਦ ਦਿਤੀ ਗਈ (ਸ੍ਰੀ ਮਾਨ ਬਾ. ਦਲੀਪ ਸਿੰਘ ਜਥੇਦਾਰ ਸਾਧੜਾ ਜੋ ਛੋਟੀ ਅਵਸਤਾ ਤੋਂ ਲੈਕੇ ਅਜ ਤਕ ਮੁਲਕ ਦੀ ਅਜ਼ਾਦੀ ਦੀ ਸੇਵਾ ਵਿਚ ਲਗੇ ਹੋਏ ਸਨ ਤਨ, ਮਨ, ਧਨ, ਤੇ ਪ੍ਰਚਾਰ ਦੁਆਰਾ ਕੋਮੀ ਫਰਜ਼ ਨੂੰ ਪੂਰਾ ਕਰ ਰਹੇ ਸਨ, ਘਰ ਬਾਰ ਤੇ ਪਿਨਸ਼ਨ ਦੀ ਕੁਛ ਪ੍ਰਵਾਹ ਨਾਂ ਕਰਦੇ ਹੋਏ ਹੁਣ ਜਾਨ ਉਤੇ ਖੇਡਣ ਲਈ ਤੀਆਰ ਸਨ ੨੮ ਮਈ ੧੯੨੨ ਨੂੰ ਕਾਕਾ ਨੰਬ੍ਰਦਾਰ ਬਛੋੜੀ (ਹੁਸ਼ਿਆਰਪੁਰ) ਰਲਾ ਤੇ ਦਿਤੂ ਕੋਲਪੁਰ (ਹੁਸ਼ਿਆਰਪੁਰ) ਦਾ ਬੇਈਮਾਨੀ ਨਾਲ ਗ੍ਰਿਫਤਾਰ ਕੀਤੇ ਗਏ ਮੁਜਸਟਰੇਟ ਮਖਦੂਮ ਜਿਲਾ ਹੁਸ਼ਿਆਰਪੁਰ ਦੀ ਅਦਾਲਤ ਵਿਚੋਂ ੧੬-੬-੨੨ ਨੂੰ ਇਕ ਸਾਲ ਕੈਦ ੧੭ ਬੀ ਹੇਠ ਕੀਤੇ ਗਏ।†

ਇਸ ਦੌਰਾਨ ਵਿਚ ਸ੍ਰੀ ਮਾਨ ਮਾ. ਮੋਤਾ ਸਿੰਘ ਜੀ ਅਕਾਲੀ ਕੁਝ ਸੋਚ ਹੀ ਰਹੇ ਸਨ, ਤੇ ਇਕ ਕਤਾਬ ਲਿਖ ਰਹੇ ਸਨ ਕਤਾਬ ਨੂੰ ਪੂਰਾ ਕਰਨ ਤੋਂ ਪਹਿਲੇ ਹੀ ੬ ਜੂਨ ੧੯੨੨ ਨੂੰ ਪ੍ਰੀਤਮ ਸਿੰਘ ਮਸਤ ਸ਼ਿਹੌਰ (ਪਟਿਆਲਾ) ਅਰਜਣ ਸਿੰਘ ਵਲਦ ਚੜਤ ਸਿੰਘ ਹਰੀਪੁਰ

---

† ਜਥੇ ਦਾਰ ਦੇ ਸਕੇ ਭਤੀਜੇ ਭਾ: ਮੇਹਰ ਸਿੰਘ ਕ੍ਰਿਪਾਨ ਰਖਣ ਦੇ ਜੁਰਮ ਵਿਚ ਛੇ ਮਾਹ ਕੈਦ ਹੋਈ ਸੀ, ਭਾ: ਉਧਮ ਸਿੰਘ ਜਥੇ ਦਾਰ ਦੇ ਸਪੁਤ੍ਰ ਭਾ: ਨਰੰਜਣ ਸਿੰਘ ਜੀ ਨੇ ਇਕ ਖੂਨ ਖਵਾਰ ਚਿੜੀ (ਜੋ ਕਈ ਦਿਨ ਰਸਤਾ ਰੋਕੀ ਬੈਠਾ ਸੀ) ਅਪਣੀ ਜੂਹ ਵਿਚ ਟੋਕਿਆਂ ਤੇ ਕ੍ਰਪਾਨਾ ਨਾਲ ਹੀ ਉਠਾਲ ਕੇ ੧੦ ਅਗਸਤ ੧੯੪੬ ਨੂੰ ਮਾਰਿਆ ਸੀ।

(ਜਾਲੰਧਰ) ਛੋਜਾ ਸਿੰਘ ਹੌਲਦਾਰ ਸੀ, ਆਈ, ਡੀ ਛਜਲ ਬਸੀ ਅਮ੍ਰਿਤਸਰ ਦੀ ਗਦਾਰੀ ਨਾਲ ਆਪਣੇ ਜਨਮ ਅਸਥਾਨ ਪਿੰਡ ਪਤਾਰੇ ਤੋਂ ਗ੍ਰਿਫਤਾਰ ਹੋਗਏ ਇਨ੍ਹਾਂ ਦੀਆਂ ਗ੍ਰਿਫਤਾਰੀਆਂ ਤੇ ਚਕ੍ਰ ਵਰਤੀਆਂ ਦੇ ਦਿਲਾਂ ਉਤੇ ਕਰੜੀ ਸਟ ਵਜੀ।

ਬੱਬਰ, ਅਕਾਲੀ ਦੁਆਬਾ ਅਖਬਾਰ

ਉਕਤ ਪਹਿਲੇ ਗੁਰਮਤੇ ਅਨਸਾਰ ਡੁਪਲੀਕੇਟ ਮਸ਼ੀਨ ਜਥੇਦਾਰ ਜੋ ਭਾ. ਉਦੇ ਸਿੰਘ ਜੀ ਸ਼ਹੀਦ ਨੂੰ ਭੇਜ ਕੇ ਲਾਹੌਰੋਂ ਮੰਗਾਈ ਸੀ ਉਸ ਦਾ ਨਾਮ ਸਫਰੀ ਮਸ਼ੀਨ ਰਖਿਆ ਬਾਦ ਵਿਚ ਇਕ ਹੋਰ ਮੰਗਾਈ ਇਸ ਦਾ ਨਾ ਉਡਾਰੂ ਪ੍ਰੈਸ ਰਖਿਆ ਸੀ।

੨੦ ਅਗਸਤ ਨੂੰ ਬਬਰ ਅਕਾਲੀ ਦੁਆਬਾ ਅਖਬਾਰ ਦੇ ਐਡਰੈਸ ਤੇ ਪਹਿਲਾ ਦੂਜਾ ਤੇ ਤ੍ਰੀਜਾ ਪ੍ਰਚਾ ਪਿੰਡ ਸਾਧੜੇ ਵਿਖੇ ੨੧ ੨੨ ਅਗਸਤ ੧੯੨੨ ਨੂੰ ਦਾਸ ਗੁਰਬਚਨ ਸਿੰਘ ਸਾਧੜ ਨੇ ਹਥੀਂ ਛਾਪੇ, ਜਿਸ ਦੇ ਅਡੀਟਰ ਸ਼ਹੀਦ ਭਾ: ਕਰਮ ਸਿੰਘ ਜੀ ਬਬਰ ਦੌਲਤਪੁਰ ਸਨ

੧੮ ਅਗਸਤ ਨੂੰ ਸ਼ਹੀਦ ਭਾ: ਕਰਮ ਸਿੰਘ ਜੀ ਝਿੰਗੜ ਮਾਸਟਰ ਦਲੀਪ ਸਿੰਘ ਗੋਸਲ ਤੇ ਸ਼ਹੀਦ ਭਾ: ਕਿਸਨ ਸਿੰਘ ਜੀ ਬੜ੍ਹਿੰਗ ਚਕਰਵਰਤੀ ਮਿੰਟਗੁਮਰੀ ਕੈਂਪ ਜੇਲ ਵਿਚ ਦੇਸ਼ ਭਗਤ ਅਕਾਲੀ ਭਾਈ ਮੁੰਦਰ ਸਿੰਘ ਆਦ ਨੂੰ ਮਿਲਕੇ ਔਂਦਿਆਂ ਹੀ ਬਬਰ ਜੀ ਦਾ ਸੰਦੇਸ਼ਾ ਪੁਜਾ ਕਿ ਸ਼ੀਘਰ ਤੋਂ ਸ਼ੀਘਰ ਭਾ: ਕਰਮ ਸਿੰਘ ਜੀ ਬਬਰ ਨੂੰ ਮਿਲਣ ਤਾਕਿ ਸਭ ਮਿਲ ਕੇ ਕਾਰਵਾਈ ਅਰੰਭ ਕੀਤੀ ਜਾਵੇ, ਇਹ ਸੰਦੇਸ਼ਾ ਦੇਣ ਵਾਲੇ ਨੇ ਭਾ8 ਸਾਹਿਬ ਚਕਰਵਰਤੀਆਂ ਨੂੰ ਬਬਰ ਅਕਾਲੀ ਦੁਆਬਾ ਅਖਬਾਰ ਦੇ ਤਿਨ ਪਰਚੇ ਦਿਤੇ ਜੋ ੨੦—੨੧—੨੨ ਅਗਸਤ ਨੂੰ ਛਪੇ ਸਨ ਜਿਵੇਂ ੧੯੨੪ ਵਿਚ ਕੇਨੇਡਾ ਅਮਰੀਕਾ ਅਧ ਟਾਪੂਆਂ ਤੋਂ ਆਏ ਦੇਸ਼ ਭਗਤਾਂ ਨੂੰ ਸ੍ਰਕਾਰ ਅੰਗਰੇਜ਼ੀ ਦੇ ਜ਼ੁਰਮ ਦਸਣ ਤੋਂ ਦੇਸ਼ ਦੀ ਅਜ਼ਾਦੀ ਹਿਤ ਸਚੀ ਅਵਾਜ਼ ਓਠੋਣ ਕਰਕੇ ਉਸ ਵੇਲੇ ਸਿਖ ਪੰਥ ਦੇ ਮੁਖੀ ਜਥੇ ਚੀਫ ਖਾਲਸਾ ਦੀਵਾਨ ਨੇ ਸ੍ਰੀ ਅਕਾਲ ਤਖਤ ਤੋਂ ਧਰਮੀ

ਪਤੰਗਿਆਂ ਨੂੰ ਅਸਿਖ ਦਾ ਫਤਵਾ ਦੇ ਕੇ ਕਾਲਖ ਦਾ ਟਿਕਾ ਖਟਿਆ ਇਸੇ ਤਰਾਂ ਬਬਰ ਅਕਾਲੀ ਦੁਆਬਾ ਅਖਬਾਰ ਅਰੰਬ ਹੋਣ ਸਮੇ ਪੰਜਾਬ ਦਰਪਨ ਅਤੇ ਅਕਾਲੀ ਤੇ ਪ੍ਰਦੇਸੀ ਨੇ ਭੀ ਭਾਵੇਂ ਰੌਲੀ ਪਾਈ ਸੀ ਅਤੇ ਲਿਖ ਮਾਰਿਆ ਸੀ ਕਿ ਬਬਰ ਅਕਾਲੀ, ਗੁਰਦ੍ਵਾਰਾ ਸਧਾਰ ਲਹਿਰ ਦੇ ਵਰੋਧੀਆਂ ਵਲੋਂ ਕਢੀ ਗਈ ਹੈ ਆਦ।

† ਅਜੇਹਾ ਹੀ ਇਕਐਲਾਨ ਅਕਾਲੀਦਲ ਵਲੋਂਕਢਿਆਗਿਆ ਸੀ, ਪਰ ਬਬਰ ਅਕਾਲੀ ਸੇਵਕ ਖਾਮੋਸ਼ ਰਹਿਕੇ ਆਪਣੇ ਖਿਆਲ ਦਾ ਪ੍ਰਚਾਰ ਕਰੀ ਗਏ।

ਬਬਰ ਅਕਾਲੀ ਜਥਾ

ਸੰਦੇਸਾ ਪੁਜਣ ਤੇ ਸ਼ਹੀਦ ਭਾ: ਕਰਮ ਸਿੰਘ ਜੀ ਝਿੰਗੜ ਸ਼ਹੀਦ ਭਾ: ਕਿਸਨ ਸਿੰਘ ਜੀ ਤੇ ਸ੍ਰੀ ਮਾਨ ਮਾਸਟਰ ਦਲੀਪ ਸਿੰਘ ਜੀ ਗੋਸੰਲ ਬੋਰ ਥਾਂ ਸ਼ਹੀਦ ਭਾ: ਕਰਮ ਸਿੰਘ ਜੀ ਬਬਰ ਦੌਲਤ ਪੁਰ ਤੇ ਸ਼ਹੀਦ ਭਾ:

---

† ਨਿਰਵੈਰ ਸੇ. ਸ਼ਹੀਦ ਜਥਾ ਦੁਆਬੇ ਦਾ ਨਾਮ ਬਬਰ ਅਕਾਲੀ ਦੁਆਬਾ ਅਖਬਾਰ ਕਢਣ ਤੇ ਹੀ ਬਬਰ ਅਕਾਲੀ ਜਥਾ ਮਸ਼ਹੂਰ ਹੋ ਗਿਆ, ੨੦ ਅਕਤੂਰ ਨੂੰ ਸ੍ਰੀ ਅਮ੍ਰਿਤਸਰ ਵਿਚ ਬ. ਅ. ਦੁਆਬੇ ਦੇ ਪ੍ਰਚੇ ਵੰਡਣ ਵਾਲੇ ਇਕ ਦੋ ਸੇਵਕਾਂ ਨੂੰ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਚ ਫੜਕੇ ਲਜਾਇਆ ਗਿਆ ਤੇ ਉਨ੍ਹਾਂ ਦੀ ਬਹੁਤ ਬੇਇਜ਼ਤੀ ਕੀਤੀ ਗਈ, ਅਪ੍ਰਾਧ ਏਹ ਸੀ ਕਿ ਉਹ ਉਕਤ ਅਖਬਾਰ ਵੰਡ ਕੇ ਸ਼ਾਂਤ ਮਈ ਦੇ ਉਲਟ ਪ੍ਰਚਾਰ ਕਰਦੇ ਸਨ, ਇਥੇ ਹੀ ਬਸ ਨਹੀਂ ਜਦ ਕਦੇ ਕਿਸੇ ਝੋਲੀ ਚੁਕ ਦਾ ਕਤਲ ਹੋ ਗਿਆ ਉਸ ਵੇਲੇ ਸ਼੍ਰੋਮਨੀ ਕਮੇਟੀ ਨੇ ਐਲਾਨ ਕਰਕੇ ਅਫਸੋਸ ਪਰਗਟ ਕੀਤਾ, ਅਰ ਬਬਰ ਅਕਾਲੀ ਮੁਕਦਮੇ ਵਿਚ ਕਮੇਟੀ ਅਤੇ ਕਿਸੇ ਕੌਮੀ ਅਖਬਾਰ ਨੇ ਕੋਈ ਰੀਪੋਰਟ੍ਰ ਭੇਜਣ ਦੀ ਖੇਚਲ ਨਹੀਂ ਕੀਤੀ, ਪੁਲਸ ਨੇ ਗਵਾਹਾਂ ਤੋਂ ਜੋ ਬਕਵਾਸ ਬਬਰਾਂ ਵਰੁਧ ਕਰਵਾਇਆ ਉਹੀ ਸਚ ਮਨਾਇਆ ਗਿਆ, ਅਸਲ ਗਲ ਦੀ ਅਸਲੀਂਤ ਕਿਨੇ ਨਾ ਲਭੀ।

ਉਤੇ ਸਿੰਘ ਜੀ ਰਾਂਮਗੜ੍ਹ ਝੁੰਗੀਆਂ ਨੂੰ ਮਿਲੇ ਪਹਿਲੇ ਜਥੇ (ਨਿਰਵੈਰ ਸੇਵਕ ਸ਼ਹੀਦ ਜਥਾ ਦੁਆਬਾ) ਦਾ ਨਾਮ ਬਬਰ ਅਕਾਲੀ ਜਥਾ ਦੁਆਬਾ ਰਖਿਆ ਗਿਆ, ਤੇ ਭਰਤੀ ਜਾਰੀ ਕੀਤੀ ਗਈ, ਪਰ ਸਕੀਮ ਉਹੀ ਜਾਰੀ ਰਖੀਗਈ ਜੋ ਝੋਲੀ ਚੁਕਾਂ ਦੇ ਸੁਧਾਰ ਸਬੰਧੀ ਪਹਿਲੇ ਗੁਰਮਤੇ ਅਨੁਸਾਰ ਬੈਸਾਖੀ ਦੇ ਪੁਰਬ ਤੇ ੧੩ ਅਪ੍ਰੈਲ ੧੯੨੨ ਨੂੰ ਬਣਾਈ ਗਈ ਸੀ,

ਬਬਰ ਅਕਾਲੀ ਦੁਆਬਾ ਅਖਬਾਰ ਦੇ ਅਡੀਟਰ ਭਾ: ਕਰਮਸਿੰਘ ਜੀ ਬਬਰ ਜੋ ਪਹਿਲੇ ਹੀ ਸਨ) ਤੇ ਲਖਾਰੀ ਭਾ: ਧਨਾ ਸਿੰਘ ਜੀ ਸ਼ਹੀਦ ਭਾ: ਕਿਸ਼ਨ ਸਿੰਘ ਜੀ ਤੇ ਮਾਸਟਰ ਦਲੀਪ ਸਿੰਘ ਜੀ ਗੋਸਲ (ਜੋ ਧਾਨ ਖਾਂਨਾ ਜਿਲਾ ਜਲੰਧਰ ਦੇ ਸਿਖ ਸਕੂਲ ਵਿਚ ਬਚਿਆਂ ਨੂੰ ਵਿਦਿਆ ਪੜ੍ਹਾਕੇ ਉਨ੍ਹਾ ਦੇ ਅੰਦਰ ਕੌਮੀ ਸਪ੍ਰਿਟ ਭਰ ਰਹੇ ਸਨ ਤੇ ਆਪ ਜੀਦਾ ਧਾਰਮਕ ਅਤੇ ਦੇਸ਼ ਨਾਲ ਪੂਰਾ ਪੂਰਾ ਪ੍ਰੇਮ ਸੀ ਜਿਸ ਕਰਕੇ ਆਪਣੇ ਸਕੂਲ ਦੇ ਕੰਮ ਤੋਂ ਵੇਹਲਾ ਸਮਾਂ ਕਢ ਕੇ ਪਿੰਡਾਂ ਵਿਚ ਲੈਕਚਰ ਦੇਣੇ ਅਰੰਭ ਕਰ ਦਿਤੇ ਤੇ ਆਪ ਜੀ ਦਾ ਵਾਰੰਟ ੧੨੪–੧੫੩ ਹੇਠ ਸ਼ੁਰੂ ੧੯੨੨ ਤੋਂ ਜਾਰੀ ਹੋਚੁਕਾ ਸੀ, ਇਸ ਸਮੇ ਆਪ ਬਬਰ ਅਕਾਲੀ ਜਥੇ ਵਿਚ ਸ਼ਾਮਲ ਹੋਗਏ)

ਨੀਯਤ ਕੀਤੇ ਗਏ ਤੇ ਕੰਮ ਕਰਦੇ ਰਹੇ ਅਤੇਅਖਬਾਰ ਤੇ ਲੈਕਚਰ ਦੁਆਰਾ ਦੁਆਬੇ ਵਿਚ ਪ੍ਰਚਾਰ ਹੁੰਦਾ ਰਿਹਾ, ਅਰ ਇਸੇਸਮੇ ਵਿਚ ਦੇਸ਼ ਘਾਤੀਆਂ ਨੂੰ ਪਹਿਲੇ ਦੋ ਤ੍ਰੀਕਿਆਂ ਤੋਂ ਇਲਾਵਾ ਤਾੜਨਾ ਭੀ ਕੀਤੀ ਗਈ ਕਿ ਉਹ ਕੁਕਰਮ ਛਡ ਦੇਣ ਤੇ ਕੌਮ ਦਾ ਸਾਖ ਨਥੋਣ, ਕਈ ਤਾਂ ਸਮਝ ਗਏ ਪਰ ਜੇਹੜੇ ਝੋਲੀ ਚੁਕ ਬਹੁਤ ਢੀਠ ਹੋਕੇ ਕੌਮ, ਦੇਸ਼ਤੇ ਧਰਮ ਨੂੰ ਤਲਾਂ ਜਲੀ ਦੇ ਚੁਕੇ ਸਨ, ਨਾ ਸਮਝੇ ਦੇਸ਼ ਘਾਤ ਕਰ ਗਏ,

ਹੋਰ ਗ੍ਰਿਫਤਾਰ

ਗਿ. ਭਾ: ਕਰਤਾਰ ਸਿੰਘ ਜੀ ਗੋਂਦਿ ਪੁਰ ਅਪਣੇ ਆਪ ਨੂੰ ਇਸ ਜਥੇ ਵਿਚ ਕੰਮ ਕਰਨੋ ਅਸਮ੍ਰਿਥ ਸਮਝਦੇ ਹੋਏ ਅਪਣੀ ਖੁਸ਼ੀ ਨਾਲ

੨੦ ਜੁਲਾਈ ੧੯੨੨ ਨੂੰ ਹੁਸ਼ਿਆਰ ਪੁਰ ਡਿਪਟੀ ਕਮਿਸ਼ਨਰ ਦੇ ਖੁਦ ਪੇਸ਼ ਹੋ ਗਏ।

ਦੂਜਾ ਮਤਾ

ਅਖੀਰ ਸਤੰਬਰ ੧੯੨੨ ਨੂੰ ਫੌਜ †ਸੰਤ ਠਾਕਰ ਜੀ ਦੀ ਕੁਟੀਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸ਼ਹੀਦ ਭਾ: ਕਰਮ ਸਿੰਘ ਜੀ ਬੀ. ਸ਼ਹੀਦ ਭਾ: ਕਰਮ ਸਿੰਘ ਜੀ ਝਿੰਗੜ ਸ਼ਹੀਦ ਭਾਈ ਕਿਸ਼ਨ ਸਿੰਘ ਜੀ ਗ. ਗ. ਚ. ਵ. ਮਾਸਟਰ ਦਲੀਪ ਸਿੰਘ ਜੀ ਗੋਸਲ ਬਾਬੂ ਸੰਤਾ ਸਿੰਘ ਜੀ ਨਧੜਕ (ਹਰਿਓਂ ਲੁਧਿਆਨਾ) ਮਤਾਬ ਸਿੰਘ ਓਰਫ ਘਾਸਾ ਸਿਹੇ ਨੇ ਮਿਲਕੇ ਗੁਰਮਤਾ ਕੀਤਾ ਕਿ ਅਰਜਣ ਸਿੰਘ ਪੁਟਵਾਰੀ ਹਰੀ ਪੁਰ (ਜਿਸਨੇ ਮਾਸਟਰ ਜੀ ਨੂੰ ਗਿਫਤਾਰ ਕਰਾਇਆ ਸੀ) ਦਾ ਕਤਲ ਦੁਆਰਾ ਸੁਧਾਰ ਕੀਤਾ ਜਾਵੇ ਸ੍ਰਬ ਸੰਮਤੀ ਨਾਲ਼ ਪਾਸ ਕੀਤਾ ਤੇ ਉਸੇ ਦਿਨ ਸ਼ਹੀਦ ਭਾ: ਕਰਮ ਸਿੰਘ ਜੀ ਬੀ ਸ਼ਹੀਦ ਭਾ: ਉਦੇ ਸਿੰਘ ਜੀ ਰਾਮਗੜ੍ਹਿ ਝੁੰਗੀਆਂ ਨੇ ਆਪਣੇ ਆਪ ਮਨਜ਼ੂਰ ਕੀਤਾ ਤੇ ਕਮਰ ਕਸੇ ਕਰਕੇ ਆਪ ਹਰੀ ਪੁਰ ਤਲਾਸ਼ ਕਰਦੇ ਹੋਏ ਜਾਲੰਧਰ ਸ਼ੈਹਿਰ ਸੂਹ ਪਾਕੇ ਪੁਜੇ, ਲੇਕਨ ਅਰਜਣ ਸਿੰਘ ਦਾ ਪਤਾ ਓਥੇ ਭੀ ਨਾ ਲਗਾ, ਤ੍ਰੈ ਚਾਰ ਦਿਨ ਏਧਰ ਓਧਰ ਢੂੰਡ ਭਾਲ ਕਰਕੇ ਸ਼ੇਰ ਜੋੜੀ ਵਾਪਸ ਗਈ।

ਫੌਜੀਆਂ ਉਤੇ ਪ੍ਰਚਾਰ ਦਾ ਅਸਰ

ਬਬਰ ਅਕਾਲੀ ਦੁਆਬਾ ਅਖਬਾਰ ਦੇ ਪ੍ਰਚੇ ਫੌਜਾਂ ਅਤੇ ਪਬਲਕ ਵਿਚ ਮੁਫਤ ਵੰਡੇ ਜਾਂਦੇ ਸਨ ਪ੍ਰਚੇ ਨੇ ਫੌਜੀਆਂ ਵਿਚ ਪ੍ਰਚਾਰ ਕਰਕੇ ਉਨਾਂ ਦੇ ਦਿਲਾਂ ਨੂੰ ਖਿਚ ਲਿਆ ਸੀ, ਜਿਸ ਕਰਕੇ ਫੌਜੀਆਂ ਵਲੋਂ ਬਹੁਤ ਚਿਠੀ ਪਤ੍ਰ ਬ. ਅ. ਕੋਲ ਪੁਜ ਦੇ ਸਨ, ਜਿਨ੍ਹਾਂ ਵਿਚ ਨਮੂਨੇ ਦੇ ਤੌਰ ਉਤੇ ਦੋ ਪਤ੍ਰ ਜੋ ਡਿਪਟੀ ਕਮਿਸ਼ਨਰ ਤੇ ਫੌਜੀਆਂ ਦੀ ਗਲ ਬਾਤ ਦੇ ਸਬੰਧ ਵਿਚ ਸਨ ੮ ਅਠ ਦੁਸੰਬਰ ਤੇ ੧੨ ਜਨਵਰੀ ਦੇ

---

† ਸੰਤ ਠਾਕਰ ਸਿੰਘ ਜੀ ਗੁਰਮਤੇ ਸਮੇ ਹਾਜ਼ਰ ਨਹੀਂ ਸਨ।

ਬ. ਆ: ਪਰਚਿਆਂ ਵਿਚ ਛਾਪੇ ਗਏ ਸੀ, ਤੇ ਫੌਜੀ ਕਈ ਪ੍ਰਕਾਰ ਦੀ ਇਮਦਾਦ ਕਰਨ ਨੂੰ ਤਿਆਰ ਸਨ। ਕਿਉਂਕਿ ਚਕ੍ਰ ਵਰਤੀ ਖੁਦ ਭੀ ਯੋਗ ਸਮੇਂ ਤੇ ਯੋਗ ਥਾਂ ਫੌਜੀ ਸਿੰਘਾਂ ਨੂੰ ਮਿਲਕੇ ਆਪ ਕੰਮ ਦਾ ਦੇਸ਼ ਦੀ ਸੇਵਾ ਕਰਨ ਹਿਤ ਪ੍ਰੇਰਨਾ ਕੀਤਾ ਕਰਦੇ ਸਨ ਇਨਾ ਤੇ ਪਰਚੇ ਦੇ ਅਸਰ ਨਾਲ ਫੌਜੀਆਂ ਨੇ ਬ: ਅਕਾਲੀਆਂ ਨੂੰ ਰਾਇਫਲ ਰੀਵਾਲਵਰ ਤੇ ਕਾਰਤੂਸ ਤੇ ਕਾਫੀ ਤੋਂ ਜਿਆਦਾ ਬੰਬ ਦਿਤੇ ਸੀ ਤੇ ਖੁਦ ਜਥੇ ਵਿਚ ਮਿਲਣ ਦੀ ਇਛਾ ਭੀ ਪ੍ਰਗਟ ਕਰਦੇ ਰਹੇ।

ਮਾਇਆ

ਬਬਰ ਅਕਾਲੀ ਜਥੇ ਦਾ ਮੁਖ ਮੰਤਵ ਦੇਸ਼ ਧਰਮ ਵਾ ਪੰਥ ਦੀ ਸੇਵਾ ਸੀ ਅਤੇ ਡਾਕੇ ਮਾਰਕੇ ਪੈਸਾ ਇਸ ਕੰਮ ਯਾ ਘਰ ਵਾਸਤੇ ਅਕਠਾ ਕਰਨਾ ਗੁਨ੍ਹਾ ਸਮਝਦੇ ਸਨ, ਜਥੇ ਤੇ ਅਖਬਾਰ ਦਾ ਖਰਚ ਤੇ ਹਥਿਆਰ ਜੋ ਖਰੀਦੇ ਜਾਂਦੇ ਸੀ ਉਹ ਕੇਵਲ ਉਸ ਰੁਪੈਏ ਵਿਚੋਂ ਸਨ ਜੋ ਚਕ੍ਰ ਵ.ਨੂੰ† ਦਾਤਿਆਂ ਵਲੋਂ ਦੋਸਤਾਨਾ ਤੌਰ ਉਤੇ ਸਹਾਇਤਾ ਵਜੋਂ ਮਾਇਆ ਦੇ ਗਹਿਰੇ ਗਫੇ ਮਿਲਦੇ ਸੀ ਇਸ ਮੌਕੇ ਦੇ ਬੰਦੂਕਾਂ ਤੇ ਕੁਝ ਬੰਬ ਅਤੇ ੬–੭ ਰੀਵਾਲਵਰ ਜਥੇ ਪਾਸ ਮੌਜੂਦ ਸੀ ਸਵਾਏ ਬੰਬਾ (ਜੋ ਫੌਜੀ ਅਤੇ ਅਪਣੇ ਬਣਾਏ ਹੋਏ ਸਨ) ਦੇ ਬਾਕੀ ਦੀਆਂ ਕਿਰਪਾਨਾ ਤੇ ਹਥਿਆਰ ਸਭ ਉਸ ਪੈਸੇ ਵਿਚੋਂ ਖ੍ਰੀਦੇ ਹੋਏ ਸਨ ਜਿਸਦਾਂ ਵਰਨਨ ਉਪਰ ਹੋ ਚੁਕਾ ਹੈ।

ਤੀਜਾ ਗੁਰਮਤਾ

ਅਖੀਰ ਅਕਤੂਬਰ ਨੂੰ ਜਸੋਵਾਲ, ਦਦਿਅਲ ਤੇ ਕੁਕੜਾਂ ਬੀੜਾਂ ਦੇ ਵਿਚਕਾਰ ਬ. ਅਕਾਲੀ ਜਥੇ ਦੇ ਮੈਂਬਰਾਂ ਦੀ ਇਕ ਇਕਤ੍ਰਤਾ ਹੋਈ ਜਿਸ ਵਿਚ ਵਰਕਿੰਗ ਕਮੇਟੀ ਬਣਾਈ ਤੇ ਹੇਠ ਲਿਖੇ ਅਨੁਸਾਰ

---

†ਵਲੋਂ ਮਹਾਰਾਜਾ ਨਾਭਾ ਵਲ਼ੋਅਦਕ।

ਔਹਦੇ ਚੁਣੇ ਗਏ ੧ ਸ਼ਹੀਦ ਭਾਈ ਕਰਮ ਸਿੰਘ ਜੀ ਬਬਰ ਵਡੇ ਜਥੇ ਦਾਰ, ੨ ਸ਼ਹੀਦ ਭਾਈ ਕਿਸ਼ਨ ਸਿੰਘ ਜੀ ਛੋਟੇ ਜਥੇਦਾਰ ੩ ਵਡ ਸਕਤਰ ਸ੍ਰੀ ਮਾਨ ਮਾਸਟਰ ਦਲੀਪ ਸਿੰਘ ਜੀ ਮੋਸਲ ਛੋਟੇ ਸਕਤਰ ਭਾਈ ਉਦੇ ਸਿੰਘ ਜੀ ਸ਼ਹੀਦ ਰਾਮਗੜ ਝੁੰਗੀਆਂ , ਖਜ਼ਾਨਚੀ ਸ਼ਹੀਦ ਭਾਈ ਕਰਮ ਸਿੰਘ ਜੀ ਝਿੰਗੜ ਗੁੰਥੀ ਸ਼ਹੀਦ ਬਾਬੂ ਸਿੰਘ ਜੀ ਨਧੜਕ (ਲੁਧਿਆਨਾ)

ਭਾਈ ਧਨਾ ਸਿੰਘ ਜੀ ਸ਼ਹੀਦ ਬਹਿਵਲ ਪੁਰ

ਏਹ ਭਾਈ ਸਾਹਿਬ ਅਕਾਲੀ ਜਥਾ ਬਹਿਵਲ ਪੁਰ ਦੇ ਜਥੇਦਾਰ ਤੇ ਦੇਸ਼ ਔਰ ਧਰਮ ਨਾਲ ਪੂਰਨ ਮੁਹਬਤ ਰਖਦੇ ਸਨ, ਪੰਥਕ ਸੇਵਾ ਦੇ ਕਾਰਣ ਹੀ ਆਪ ਦਾ ਵਾਰੰਟ ਅਧ ੧੯੨੨ ਨੂੰ ਜਾਰੀ ਹੋ ਗਿਆ ਪਰ ਆਪ ਖੁਸ਼ੀ ਨਾਲ ਗਿਰਫਤਾਰ ਨਾ ਹੋਏ ਯੋਗ ਸੇਵਾ ਕਰਦੇ ਹੋਏ ਚਕਰ ਵਰਤੀ ਦੌਰੇ ਦਾ ਬਹੁਤ ਹਿਸਾ ਅਪਣੇ ਪਿੰਡ ਬਹਿਲਪੁਰ ਹੀ ਰਹੇ, ਕਿਉਂਕਿ ਆਪ ਜ਼ੀ ਦਾ ਰਸੂਖ ਤੇ ਰੋਹਬ ਦਾਬ ਪਿੰਡ ਵਿਚ ਕਾਫੀ ਇਸ ਵਾਸਤੇ ਆਪਜੀ ਦੀ ਗਿਰਫਤਾਰੀ ਅਮਲਵਿਚ ਨਾ ਲਾਂ ਸਕੇ ਅਤੇ ਆਪ ਉਵੇਂ ਸ਼ੇਰ ਦਿਲਸਨ ਸ਼ੁਰੂ ਜਨਵਰੀ ੧੯੨੩ ਨੂੰ ਆਪ ਦੋ ਪਸਤੌਲਾਂ ਸਹਿਤ ਬਬਰ ਅਕਾਲੀ ਜਥੇ ਵਿਚ ਸ਼ਾਮਲ ਹੋ ਗਏ ਤੇ ਝੋਲੀ ਚੁਕਾਂ ਦੇ ਸੁਧਾਰ ਉਤੇ ਲਾਏ ਗਏ।

ਚਕਰ ਵਰਤੀਆਂ ਦੇ ਇਨਾਮ ਤੇ ਗਿਰਫਤਾਰੀ

੩੦ ਨਵੰਬਰ ੧੯੨੨ ਨੂੰ ਸੀ ਆਈ ਡੀ ਪੰਜਾਬ ਵਲੋਂ ਹੇਠ ਲਿਖੇ ਵੇਰਵੇ ਅਨੁਸਾਰ ਇਨਾਮ ਰਖਕੇ ਤਿਨ ਚਾਰ ਜ਼ਬਾਨ ਵਿਚ ਇਸ਼ਤਿਹਾਰ ਪ੍ਰਕਾਸ਼ਤ ਕਰਕੇ ਚਕਰ ਵਰਤੀਆਂ ਦੀ ਗਿਰਫਤਾਰੀ ਹਿਤ ਵੰਡੇ ਗਏ ਇਸ ਪਰ ਲੋਭੀ ਕੁਤਿਆਂ ਦੇ ਮੂਹ ਪਾਣੀ ਭਰ ਆਇਆ ਜੋ ਇਨਾਮ ਦੇ ਲਾਲਚ ਵਿਚ ਮਸਤ ਹੋਕੇ ਚ. ਵ. ਦੀ ਗਿਰਫਤਾਰੀ ਵਿਚ ਹਥ ਪੈਰ ਮਾਰਨ ਲਗੇ।

ਇਨਾਮ ਦਾ ਵੇਰਵਾ

ਸ਼ਹੀਦ ਭਾਈ ਕਿਸ਼ਨ ਸਿੰਘ ਜੀ ਗ. ਗ: ਚ ਵ ੨000 ਸ਼ਹੀਦ ਭਾਈ ਕਰਮ ਸਿੰਘ ਜੀ ਬੱਬਰ ੧000 ਸ੍ਰੀ ਮਾਨ ਮਾਸਟਰ ਦਲੀਪ ਸਿੰਘ ਜੀ ਗੋਸਲ ੫00 ਸ਼ਹੀਦ ਭਾਈ ਕਰਮ ਸਿੰਘ ਜੀ ਝਿੰਗੜ ੫00 ਮਤਾਬ ਸਿੰਘ ਓਰਫ ਆਸਾ ਸਿੰਘ ੧੫0,

ਸ਼ਹੀਦ ਭਾਈ ਕਰਮ ਸਿੰਘ ਜੀ ਝਿੰਗੜ ਤੇ ਸ੍ਰੀ ਮਾਨ ਮਾਸਟਰ ਦਲੀਪ ਸਿੰਘ ਜੀ ਗੋਸਲ ੫ ਪੰਜ ਜਨਵਰੀ ੧੯੨੨ ਨੂੰ ਭਾਈ ਕਰਮ ਸਿੰਘ ਜੀ ਅਪਣੇ ਘਰ ਪੁਜੇ, ਭਾਈ ਕਰਮ ਸਿੰਘ ਦੇ ਸਕੇ ਭਾਈ ਕੇਹਿਰ ਸਿੰਘ ਕਾਣੇ ਨੇ ਇਨਾਮ ਦੇ ਲਾਲਚ ਵਿਚ ਆਕੇ ਅਪਣੇ ਘਰੋਂ ਉਕਤ ਦੋਹਾਂ ਦੇਸ਼ ਸੇਵਕਾਂ ਨੂੰ ਧੋਖੇ ਨਾਲ ਗਿਰਫਤਾਰ ਕਰਵਾਕੇ ਸਦਾ ਲਈ ਕਾਲਕ ਦਾ ਟਿਕਾ ਖਟ ਲਿਆ ਆਪ ਦੋਹਾਂ ਕੋਲ ਸਵਾਏ ਕਰਪਾਨਾ ਦੇ ਕੋਈ ਸ਼ਸਤ੍ਰ ਨਹੀਂ ਸੀ, ਭਾਵੇਂ ਅਜੇ ਬਬਰ ਅਕਾਲੀ ਜਥਾ ਆਮ ਝੋਲੀ ਚੁਕਾਂ ਦਾ ਸੁਧਾਰ (ਕਤਲ) ਨਹੀਂ ਸੀ ਕਰਨਾ ਚਾਹੁੰਦਾ ਪਰ ਲਾਲਚੀ ਦੇਸ਼ ਘਾਤੀਆਂ ਨੇ ਜਥੇ ਨੂੰ ਕਤਲ ਹਿਤ ਮਜਬੂਰ ਕਰ ਦਿਤਾ।

ਗੁਰੇ ਮਤਿ ਅਸੂਲ

ਬਬਰ ਅਕਾਲੀ ਜਥੇ ਦੇ ਮੈਂਬਰ ਸਤ ਬਾਣੀ ਦੇ ਨਿਤ ਨੇਮ ਤੇ ਪੰਜ ਕਕਾਰ ਦੀ ਰਹਿਤ ਦੇ ਧਾਰਨੀ ਸਨ ਉਸ ਆਦਮੀ ਨੂੰ ਜਥੇ ਦਾ ਮੈਂਬਰ ਬਿਲ ਕੁਲ ਨਹੀਂ ਸੀ ਬਾਣਾਇਆ ਜਾਂਦਾ ਜੋ ਗੁਰ ਸਿਖ ਅਸੂਲਾਂ ਵਿਚ ਢਿਲੜ ਹੋਵੇ ਅਤੇ ਇਸ ਅਰਸੇ ਵਿਚ ਭੀ ਚਕ ਵਰਤੀ ਅਕਾਲੀ ਲਬਾਸ ਰਖਦੇ ਸਨ ਤੇ ਸਰਮਈ ਦਸ਼ਤਾਰੇ ਕ ਨਹੀਂ ਸੀ ਬਦਲਦੇ,

ਸ਼ਹੀਦ ਭਾਈ ਬੰਤਾ ਸਿੰਘ ਜੀ ਧਾਮੀਆਂ ਕਲਾਂ

ਆਪ ਇਕ ਦਿਲ ਚਲੇ ਸ਼ੇਰ ਮਰਦ ਸਨ, ਭਾਵੇਂ ਜ਼ਿੰਦਗੀ

ਪਹਿਲਾ ਹਿਸਾ ਗੁਰਸਿਖੀ ਵਲੋਂ ਆਗਿਆਤ ਅਵਸਥਾ ਵਿਚ ਗੁਜ਼ਾਰ ਚੁਕੇ ਸਨ ਪਰ ਆਖਰ ਧਰਮ ਅਰ ਦੇਸ਼ ਦੀ ਸੇਵਾ ਕਰਨ ਦਾ ਉਤਸ਼ਾਹ ਪੈਦਾ ਹੋਇਆ ਤੇ ਸੇਵਾ ਦੇ ਮੈਦਾਨ ਆ ਉਤਰੇ ਸ਼ੁਰੂ ਫਰਵਰੀ ੧੯੨੩ ਵਿਚ ਆਪ ਚਕਰ ਵਰਤੀਆਂ ਨੂੰ ਮਿਲੇ ਤੇ ਜਥੇ ਵਿਚ ਮਿਲਕੇ ਸੇਵਾ ਕਰਨ ਦੀ ਇਛਾ ਪ੍ਰਗਟ ਕੀਤੀ ਇਸ ਜਥੇ ਦੇ ਜਥੇਦਾਰਾਂ ਨੇ ਆਪ ਜੀ ਨੂੰ ਜਥੇ ਅਰ ਗੁਰ ਸਿਖੀ ਦੇ ਅਸੂਲ ਦਸੇ ਕਿ ਆਪ ਲਈ ਨਿਤ ਨੇਮ ਦੀ ਬਾਣੀ ਪੰਜ ਕਕਾਰ ਦੀ ਰਹਿਤ ਤੇ ਅਕਾਲੀ ਬਾਣਾ ਧਾਰਨਾ ਜ਼ਰੂਰੀ ਹੋਵੇਗਾ ਭਾਈ ਬੰਤਾ ਸਿੰਘ ਜੀ ਬਖੁਸ਼ੀ ਪ੍ਰਵਾਨ ਕਰਕੇ ਜਥੇ ਵਿਚ ਸ਼ਾਮਲ ਹੋ ਗਏ।

(ਬਿਸ਼ਨ ਸਿੰਘ ਜ਼ੈਲਦਾਰ ਰਾਣੀ ਥੂਹਾ ਝੋਲੀ ਚੁਕ ਨੰ: ੧) ਏਹ ਪੁਰਸ਼ ਦੁਆਬੇ ਵਿਚ ਸਭ ਤੋਂ ਵਡਾ ਝੋਲੀ ਚੁਕਤੇ ਕੌਮੀ ਗੁਦਾਰ ਸੀ, ਜਿਸ ਨੇ ਰਿਆਸਤ ਕਪੂਰਥਲਾ ਦੇ ਵਸਨੀਕ ਦੇਸ਼ ਭਗਤਾਂ ਤੇ ਅਕਾਲੀ ਸਿੰਘਾਂ ਦੇ ਖੂਨ ਨਾਲ ਰਜ ਕੇ ਹਥ ਰੰਗੇ ਸਨ ਕੌਮੀ ਸੇਵਕਾਂ ਦੇ ਖਲਾਫ ਡਾਇਰੀਆਂ ਤੇ ਗਵਾਹੀਆਂ ਦੇਣ ਤੋਂ ਇਲਾਵਾ ਇਸ ਨੇ ਅਕਾਲੀ ਸਿੰਘਾਂ ਦੇ ਪਵਿਤ੍ਰ ਕੇਸ ਦਾੜ੍ਹੀਆਂ ਦੀ ਬੇਅਦਬੀ ਖੁਦ ਕੀਤੀ ਅਤੇ ਪੁਲਸ ਤੋਂ ਕਰਵਾਈ ਸੀ ਅਕਾਲੀਆਂ ਦੇ ਮੂੰਹ ਅਰ ਕੇਸਾਂ ਉਤੇ ਹਥੀਂ ਜੁਤੀਆਂ ਮਾਰੀਆਂ ਅਤੇ ਉਨ੍ਹਾਂ ਦੇ ਕੇਸਾਂ ਵਿਚ ...... ਦਾ ਪਾਣੀ ਪਵਾਉਣ ਤਕ ਭੀ ਚੰਡਾਲ ਨੇ ਹੌਸਲਾ ਕਰ ਲਿਆ ਜਿਸ ਕਰਕੇ ਚੰਦ ਇਕ ਕਮਜ਼ੋਰ ਦਿਲ ਨਵੇਂ ਤੇ ਕਚੇ ਅਕਾਲੀ ਮੁਆਫੀ ਮੰਗ ਕੇ ਘਰੀਂ ਬੈਠ ਗਏ ਅਤੇ ਇਸ ਸਖਤੀ ਨਾਲ ਕਿਸੇ ਹਦ ਤਕ ਰਿਆਸਤ ਦੇ ਅਕਾਲੀਆਂ ਨੂੰ ਦਬਾ ਕੇ ਏਹ ਪਾਪੀ ਕਾਮਯਾਬ ਹੋ ਹੀ ਗਿਆ ਜਿਸ ਕਰਕੇ ਇਸ ਪਾਪੀ ਨੂੰ ਇਕ ਵਧੀਆ ਘੜੀ ਤੇ ਇਕ ਕਿਰਚ ਇਨਾਮ ਵਜੋਂ ਮਿਲੀਆਂ ਤੇ ਹੰਕਾਰ ਵਿਚ ਏਹ ਪੁਰਸ਼ ਧਰਤੀ ਤੋਂ ਗਿਠ ੨ ਉਚਿਆਂ ਹੀ ਟੁਰਿਆ ਕਰਦਾ ਸੀ ਕਿਉਂ ਕਿ ਪਸਤੌਲ ਭੀ ਇਸ ਦੇ ਜੁੰਡੀ ਦੇ ਯਾਰ ਦੁਰਗਾਦਾਸ ਇੰਸਪੈਕਟਰ ਜਨਲ ਰਿਆਸਤ ਕਪੂਰਥਲਾ ਨੇ ਇਸ ਨੂੰ ਦੁਆ ਛਡਿਆ ਸੀ. ਪਰ ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ,

ਦਾ ਬੋਲ ਭੀ ਅਗਿਆ, ਇਸ ਜ਼ੈਲਦਾਰ ਨੂੰ ਪਹਿਲੇ ਮਿੰਨਤ ਨਾਲ ਸਮਝਾਇਆ ਗਿਆ ਫੇਰ ਫਗਵਾੜੇ ਖੰਜੂਰਲੇ ਆਦ ਕਈ ਦੀਵਾਨਾਂ ਵਿਚ ਬਾਈਕਾਟ ਕੀਤਾ ਗਿਆ, ਪਰ ਉਹ ਆਪਣੇ ਝੋਲੀ ਚੁਕ ਕੁਕਰਮ ਤੋਂ ਬਾਜ਼ ਨਾ ਆਇਆ ਬਲਕਿਹ ਦੇਸ਼ ਘਾਤ ਕਰਨ ਵਲ ਰਚੀ ਨੂੰ ਬਧਾਈ ਗਿਆ, ਤੇ ਹੁਣ ਉਸ ਦਾ ਪਾਪ ਪੂਪ ਫਲ ਪਕਣ ਤੇ ਆਗਿਆ ।

ਇਕ ਸ੍ਰੀ ਦਸਮੇਸ਼ ਜੀ ਦਾ ਲਾਲ ਬਬਰ ਅਕਾਲੀ ਜਥੇ ਦਾ ਮੈਂਬਰ ਬਾਬੂ ਸੰਤਾ ਸਿੰਘ ਜੀ ਸ਼ਹੀਦ ੧੦ ਫਰਵਰੀ ੧੯੨੩ ਨੂੰ ਦਿਨ ਛਿਪ ਤੋਂ ਕੁਝ ਕਾਲ ਪਹਿਲੇ ਫਲ ਚਖੌਣ ਹਿਤ ਪੁਜਾ ਤੇ ਮਾਧੋਪੁਰ ਪਿੰਡ ਦੇ ਨੇੜੇ ਮਲਾਪ ਹੋ ਗਿਆ ਜਦ ਕਿ ਇਹ ਦੁਸ਼ਟ ਮਹਾਰਾਜਾ ਕਪੂਰਥਲਾ ਦੀ ਸ਼ਾਦੀ ਤੋਂ ਪਿੰਡ ਨੂੰ ਵਾਪਸ ਆ ਰਿਹਾ ਸੀ 'ਨਧੜਕ' ਜੀ ਨੇ ਕਿਹਾ ਕਿ ਐ ਦੁਸ਼ਟ ਤੇਰਾਪਾਪਦਾ ਮੇਵਾ ਪਕ ਚੁਕਾਹੈ ਤੂੰ ਹੁਣ ਖਾਣ ਨੂੰ ਤਿਆਰ ਹੋ ਜਾ, ਕਿਉਂ ਕਿ ਪਹਿਲੇ ਦੋ ਢੰਗ ਨਾਲ ਤੈਨੂੰ ਸਮਝਾਇਆ ਜਾ ਚੁਕਾ ਹੈ ਪਰ ਤੂੰ ਨਾ ਸਮਝਿਆ ਇਸ ਸਮੇਂ ਤੇਰਾ ਕਤਲ ਦੁਆਰਾ ਸੁਧਾਰ ਕਰਕੇ ਤੇਰੇ ਜ਼ੁਲਮ ਪਾਸੋਂ ਮਜ਼ਲੂਮਾਂ ਨੂੰ ਤੇ ਤੇਰੇ ਪਾਪਾਂ ਪਾਸੋਂ ਤੈਨੂੰ ਛੁਟਕਾਰਾ ਦਿੰਦਾ ਹਾਂ ਅਤੇ ਆਹ ਲੈ ਗੋਲੀਆਂ ਰੂਪੀ ਮੁਰਬੇ ਤਿਆਰ ਹੈਨ ਇਹ ਕਹਿ ਕੇ ਪਸਤੌਲ ਦੀ ਗੋਲੀ ਛਡ ਦਿਤੀ ਤੇ ਪਾਪੀ ਘੋੜੀ ਤੋਂ ਹੇਠ ਆ ਪਿਆ, ਦੂਜੀ ਤੀਜੀ ਤੇ ਚੌਥੀ ਮਾਰਕੇ ਆਖਿਆ ਇਹ ਲੈ ਅਜ ਤੈਨੂੰ ਚਾਰ ਮਰਬੇ ਦਿਤੇ ਗਏ, ਇਸ ਵੇਲੇ ੧੦-੧੫ ਆਦਮੀ ਇਸ ਥਾਂ ਦੇ ਇਰਦ ਗਿਰਦ ਆਪਨਾ ਕਾਰੋਬਾਰ ਕਰ ਰਹੇ ਸਨ ਦਸੁਟ ਨੂੰ ਛਡੌਣ ਹਿਤ ਕੋਈ ਭੀ ਨਾ ਆਇਆ ਮਗੋਂ ਇਸ ਦੇ ਮਰਨ ਦੀ ਖੁਸੀ ਮਨਾਈ ਬਸ ਆਪਣਾ ਕੰਮ ਕਰਕੇ ਬਬਰ ਸ਼ੇਰ ਰਾਹ ਪਿਆ (**ਇਕ ਖੂਬੀ**)

ਇਸ ਵੇਲੇ ਜ਼ੈਲਦਾਰ ਦਾ ੧੦-੧੧ ਸਾਲ ਦਾ ਪੋਤ੍ਰਾ ਰਤਨ ਸਿੰਘ ਭੀ ਇਸ ਦੇ ਨਾਲ ਸੀ, ਉਸ ਉਤੇ ਬਿਲਕੁਲ ਕੋਈ ਬਾਰ ਕੀਤਾ ਨਹੀਂ ਗਿਆ ਬਲਕਿ ਬਾਰ ਕਰਨ ਤੋਂ ਪਹਿਲੇ ਬਚੇ ਨੂੰ ਕਿਹਾ ਗਿਆ ਕਿ

ਕਾਕਾ ਤੂੰ ਨਾ ਡਰ ਮੈਂ ਤੈਨੂੰ ਕੁਝ ਨਹੀਂ ਕਹਾਂਗਾ ਬਚੇ ਨਾਲ ਬਚਿਆਂ ਵਾਲਾ ਪਿਆਰ ਕੀਤਾ ਗਿਆ ਅਤੇ ਜ਼ੈਲਦਾਰ ਦੇ ਪਾਸ ਘੋੜੀ, ਨਕਦੀ ਆਦ ਜੋ ਮਾਲ ਸੀ ਬਿਲਕੁਲ ਨਹੀਂ ਲੀਤਾ ਗਿਆ, ਕਿਉਂਕਿ ਇਨ੍ਹਾਂ ਗਦਾਰਾਂ ਦੇ ਧਨ ਨੂੰ ਬਬਰ ਅਕਾਲੀ ਜਥਾ ਜ਼ਹਿਰ ਖਿਆਲ ਕਰਦਾ ਸੀ ਜਥੇ ਜਾ ਮਕਸਦ ਝੋਲੀ ਚੁਕਾਂ ਦਾ ਸੁਧਾਰ ਸੀ, ਨਾ ਕਿ ਲੁਟਣਾ।

ਦੀਵਾਨ ਹਿਅਤਪੁਰ ਰੁੜਕੀ ਝੋਲੀ ਚੁਕਾਂ ਨੰ: ੨

ਏਹ ਆਦਮੀ ਭੀ ਝੋਲੀ ਚੁਕਾਂ ਵਿਚੋਂ ਇਕ ਗਿਣਤੀ ਦਾ ਸੀ ਏਹ ਗਦਾਰ ਇਕ ਵਡੇ ਝੋਲੀ ਚੁਕ ਸਰਧੇ ਸਮੁੰਦਰੇ ਵਾਲੇ ਨੂੰ ਬਬਰ ਅਕਾਲੀ ਦੇ ਹਿਅਤਪੁਰ ਔਣ ਜਾਣ ਦੀ ਖਬਰ ਦਿੰਦਾ ਸੀ ਦੇਸ਼ ਘਾਤੀ ਤੇ ਖੁਫੀਆ ਪੋਲੀਸ ਦਾ ਆਦਮੀ ਹੋਣ ਕਰਕੇ ਪੋਲੀਸ ਦਾ ਪਕਾ ਯਾਰ ਸੀ ਪਰ ਇਸ ਨੇ ਕੋਈ ਬਿਸ਼ਨ ਸਿੰਹ ਨੰ: ੧ ਵਾਂਗ ਵਧ ਕੇ ਦੇਸ਼ ਘਾਤ ਨਹੀਂ ਕੀਤਾ।

ਸੁਧਾਰ

ਪਹਿਲੇ ਦੋ ਢੰਗਾਂ ਨਾਲ ਇਸੇ ਨੂੰ ਸੁਧਾਰਨ ਦੀ ਕੋਸ਼ਸ਼ ਕੀਤੀ ਗਈ ਪਰ ਪਾਪੀ ਨਾ ਸੁਧਰਿਆ ਜਿਸ ਕਰਕੇ ੧੩ ਫਰਵਰੀ ਨੂੰ ਸ਼ਹੀਦ ਭਾ: ਉਦੇ ਸਿੰਘ ਜੀ ਹਿਅਤਪੁਰ ਪੁਜਾ ਅਰ ਭਾ: ਸੁੰਦਰ ਸਿੰਘ ਜੀ ਸ਼ਹੀਦ, ਤੇ ਸ਼ਹੀਦ ਭਾ: ਧਰਮ ਸਿੰਘ ਜੀ ਤੇ ਸ਼ਹੀਦ ਸ: ਸਰਜਣ ਸਿੰਘ ਜੀ ਅਕਾਲੀਆਂ ਦੇ ਰਾਹੀਂ ਬਾਹਰ ਬੁਲਾਕੇ ਝੋਲੀ ਚੁਕ ਦੀਵਾਨ ਨੂੰ ਆਖਿਆ ਕਿ ਤੂੰ ਬਾਵਜੂਦ ਸਾਡੇ ਦੋ ਢੰਗਾਂ ਨਾਲ ਸਮਝੌਣ ਤੇ ਨਹੀਂ ਸਮਝਿਆ ਇਸ ਵਾਸਤੇ ਹੁਣ ਤੈਨੂੰ ਗੋਲੀਆਂ ਰੂਪੀ ਮੁਰਬੇ ਦਿਤੇ ਜਾਂਦੇ ਹਨ ਕਿਉਂ ਕਿ ਤੂੰ ਮੁਰਬਿਆਂ ਦਾ ਸਰਧਾਲੂ ਤੇ ਇਛਾਵਾਨ ਹੈ, ਇੰਝ ਆਖ ਕੇ ਬੰਦੂਕ ਦੀ ਗੋਲੀ ਮਾਰ ਦਿਤੀ, ਤੇ ਉਸ ਦੇ ਗਿਰਦ ਹੀ ਇਕ ਹੋਰ ਮਾਰਕੇ ਪਾਰ ਕੀਤਾ, ਅਤੇ ਉਸ ਦੇ ਜ਼ੁਲਮ ਧਰਮੀਆਂ ਨੂੰ ਤੇ ਉਸ ਦੇ ਪਾਪ ਤੋਂ ਉਸ ਨੂੰ ਸਦਾ ਲਈ ਛੁਟਕਾਰਾ ਬਖਸ਼ ਕੇ

ਖਾਲਸਾ ਬਹਾਦਰ ਦਸਮੇਸ਼ ਜੀ ਦਾ ਜਸ ਗੌਂਦੇ ਹੋਇਆਂ ਆਪਣੇ ਰਹ
ਪਿਆ, ਏਹ ਸਮਾਂ ੮–੯ ਬਜੇ ਰਾਤ ਦਾ ਸੀ।

ਸ਼ਹੀਦ ਭਾਃ ਕਿਸ਼ਨ ਸਿੰਘ ਜੀ ਗ. ਗ. ਚ. ਵ. ਦੀ ਗ੍ਰਿਫਤਾਰੀ।

੧੩ ਫਰਵਰੀ ੧੯੨੩ ਨੂੰ ਬ: ਅਕਾਲੀ ਜਥੇ ਦੇ ਮੈਬ੍ਰਾਂ ਦੀ ਇਕਤ੍ਰਤਾ ਹੋਈ ਜਿਸ ਵਿਚ ਫੈਸਲਾ ਹੋਇਆ ਕਿ ਦੋ ਤਿਨ ਸੇਵਕ ਸਮੂਹ ਕਤਲਾਂ ਦੀ ਜ਼ਿਮੇਵਾਰੀ ਲੈਣ ਹਿਤ ਆਪਣੇ ਨਾਮ ਬ: ਅ. ਦੁਆਬਾ ਅ. ਵਿਚ ਛਾਪ ਕੇ ਐਲਾਨ ਕਰ ਦੇਣ ਕਿ ਝੋਲੀ ਚੁਕਾਂ ਦਾ ਸੁਧਾਰ ਉਹੀ ਕਰਦੇ ਹਨ ਤੇ ਉਹੀ ਕਰਨਗੇ, ਤੇ ਇਸ ਲਈ ਸਰਕਾਰ ਉਨ੍ਹਾਂ ਨੂੰ ਹੀ ਫੜਕੇ ਸਜ਼ਾ ਦੇਵੇ ਕਿਸੇ ਹੋਰ ਅਕਾਲੀ ਨੂੰ ਤੰਗ ਨਾ ਕਰੇ ਇਸ ਮੀਟੰਗ ਪਿਛੋਂ ਸ਼ਹੀਦ ਭ: ਕਿਸ਼ਨ ਸਿੰਘ ਜਥੇ ਦੇ ਕਿਸੇ ਜ਼ਰੂਰੀ ਕੰਮ ਵਾਸਤੇ ਮਾਝੇ ਨੂੰ ਜਾ ਰਿਹਾ ਸੀ, ਕਿ ਆਪ ਪੰਡੋਰੀ ਮੋਲ ਆਪਣੇ ਦੋਸਤ ਕਾਬਲ ਸਿੰਘ (ਜੋ ਇਕ ਮੁਸਲਮਾਨ ਫਕੀਰ ਕਮਰਦੀਨ ਦੇ ਪਾਸ ਰਹਿੰਦਾ ਸੀ) ਦੇ ਕੋਲ ਪੁਜਾ ਉਸ ਫਕੀਰ ਦੀ ਬੇਈਮਾਨੀ ਨਾਲ ਭਾ. ਸਾਹਿਬ ੨੪–੨--੨੩ ਦੀ ਰਾਤ ਨੂੰ ਗ੍ਰਿਫਤਾਰ ਹੋਣ ਕਰਕੇ ਬ. ਅਕਾਲੀਆਂ ਦੇ ਦਿਲਾਂ ਉਤੇ ਡਾਢੀ ਸਟ ਵਜੀ।

ਮਤਾਬ ਸਿੰਹ ਦੀ ਗ੍ਰਿਫਤਾਰੀ

ਏਹ ਪੁਰਸ਼ ਬਿਲਕੁਲ ਨਾਮ ਮਾਤ੍ਰ ਅਤੇ ਡਰਪੋਕ ਸੀ, ਕੈਨੇਡਾ ਤੋਂ ਆਇਆ ਹੋਇਆ ਕਰਕੇ ੧੨੪–੧੫੩ ਹੇਠ ਇਸ ਦਾ ਵਾਰੰਟ ਜਾਰੀ ਹੋ ਗਿਆ ਤੇ ਡਰਪੋਕ ਹੋਣ ਦੇ ਕਾਰਣ ਚਕ੍ਰਵਰਤੀਆਂ ਦੀ ਰੀਸ ਕਰਕੇ ਇਸ ਭਿਆਨਕ ਮੈਦਾਨ ਵਿਚ ਕੁਦ ਪਿਆ ਮਗਰ ਚਕ੍ਰਵਰਤੀਆਂ ਨੇ ੧੯੨੨ ਦੇ ਬ. ਅਕਾਲੀ ਜਥੇ ਦਾ ਬਾਕਾਇਦਾ ਮੈਂਬਰ ਨਹੀਂ ਸੀ ਬਣਾਇਆ, ਤੇ ਨਾ ਕਦੇ ਇਸ ਕੰਮ ਵਿਚ ਹੀ ਸ਼ਾਮਲ ਕੀਤਾ ਸੀ, ਜੈਸਾ ਕਿ ਇਸ ਦੀ ਗਵਾਹੀ ਤੋਂ ਪ੍ਰਗਟ

ਹੈ, ਕਿ ਮੋਟੇ ਗੁਰਮਤੇ ਮੇਂ ਮੁਝੇ ਸ਼ਾਮਲ ਹੀ ਨਹੀਂ ਸੀ ਕਰਦੇ, ਇਸ ਪਾਸੋਂ ਕੇਵਲ ਲਾਗਿਆਂ ਦਾ ਕੰਮ ਲਿਆ ਜਾਂਦਾ ਸੀ ਜੈਸਾ ਬ: ਅਕਾਲੀ ਦੂ. ਅਖਬਾਰ ਦੇ ਪਰਚੇ ਵੰਡਣੇ ਔਰ ਇਕ ਚਕ੍ਰ ਵਰਤੀ ਦਾਦੂਜੇ ਕੋਲ ਸੰਦੇਸਾ ਪੁਜਾ ਦੇਣਾ ਆਦ ੨ ਜਿਸ ਵੇਲੇ ਝੋਲੀ ਚੁਕਾਂ ਦਾ ਕਤਲ ਦੁਆਰਾ ਸੁਧਾਰ ਅਰੰਭ ਹੋ ਗਿਆ ਤਦ ਏਹ ਸ਼ਹੀਦ ਭਾ: ਕਰਨ ਸਿੰਘ ਜੀ ਬਬਰ, ਤੇ ਸ਼ਹੀਦ ਭਾ: ਉਦੇ ਸਿੰਘ ਜੀ ਦੀ ਮਰਜ਼ੀ ਤੋਂ ਬਰੁਧ (ਇਸ ਡਰ ਕਰਕੇ ਕਿ ਮੈਨੂੰ ਕਤਲ ਦੀ ਜ਼ਿਮੇਵਾਰੀ ਲੈਣ ਵਾਲਿਆਂ ਵਿਚ ਨਾਮ ਨਾ ਦੇਣਾ ਪਵੇ) ਗ੍ਰਿਫਤਾਰ ਹੋਣ ਲਈ ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ ਉਤੇ ਚਲਿਆ ਗਿਆ, ਤੇ ਸ੍ਰਕਾਰੀ ਮੁਖਬਰ ਸੰਤ ਕਰਤਾਰ ਸਿੰਘ ਝੋਲੀ ਚੁਕ (ਜੋ ਬ. ਅਕਾਲੀਆਂ ਦੇ ਸ਼ਕਾਰ ਹਿਤ ਹੋਲੇ ਤੇ ਗਿਆ ਹੋਇਆ ਸੀ) ਨੇ ੨੫੦ ਰੁਪਏ ਦੇ ਲਾਲਚ ਤੇ ਨਿਮਕ ਹਲਾਲੀ ਦਾ ਸਬੂਤ ਦੇਣ ਹਿਤ ਸ੍ਰੀ ਕੀਰਤ ਪੁਰ ਤੋਂ ਇਸ ਨੂੰ ਗ੍ਰਿਫਤਾਰ ਕਰਾ ਦਿਤਾ।

ਬਬਰ ਅਕਾਲੀ ਜਥੇ ਦੇ ਮੈਂਬਰਾਂ ਵਿਚ ਵਾਧਾ

ਸ਼ੁਰੂ ਮਾਰਚ ੧੯੨੩ ਨੂੰ ਸ਼ਹੀਦ ਬਾਬੂ ਸੰਤਾ ਸਿੰਘ ਜੀ 'ਨਧੜਕ ਨੇ ਸ਼ਹੀਦ ਬਾਬੂ ਦਲੀਪ ਸਿੰਘ ਜੀ ਕਲਾਰਕ ਵਲਦ ਈਸ਼ਰ ਸਿੰਘ ਭਾ. ਪਿਆਰ ਸਿੰਘ ਵਲਦ ਪੂਰਨ ਸਿੰਘ ਸ਼ਹੀਦ ਭੁਜੰਗੀ ਦਲੀਪ ਸਿੰਘ ਜੀ ਵਲਦ ਲਾਭ ਸਿੰਘ ਜੀ ਧਾਮੀਆਂ ਕਲਾਂ ਭਾ: ਰਤਨ ਸਿੰ ਜੀ ਵਲਦ ਹਜ਼ਾਰਾ ਸਿੰਘ ਜੀ ਜੜੀਵਾਲ ਭਾ. ਹਰਬਖਸ਼ ਸਿੰਘ ਜੀ ਵਲਦ ਅਰਜਣ ਸਿੰਘ ਜੀ ਜਸੋਵਾਲ, ਸ਼ਹੀਦ ਭਾ: ਸਾਧਾ ਸਿੰਘ ਵਲਦ ਨਰੈਣ ਸਿੰਘ ਜੀ ਪੰਡੋਰੀ ਨਿਝਰਾਂ ਬਬਰ ਅਕਾਲੀ ਜਥੇ ਵਿਚ ਭਰਤੀ ਕੀਤੇ ਗਏ, – ਸ਼ਹੀਦ ਬਾ: ਦਲੀਪ ਸਿੰਘ ਜੀ ਕਲਾਰਕ ਵਲਦ ਈਸ਼ਰ ਸਿੰਘ ਜੀ ਧਾਮੀਆਂ ਕਲਾਂ ਆਪ ੫੧ ਨੰ: ਪਲਟਨ ਵਿਚ ਕਲ੍ਹਾਰਕ ਸਨ ਅਕਾਲੀ ਲਹਿਰ ਦੇ ਅਰੰਭ ਹੋਣ ਪਰ ਨਾ ਮਿਲ ਬੈਠਨ ਨੂੰ ਮੁਖ ਰਖਦੇ ਹੋਏ ਆਪ ਨੌਕਰੀ ਛਡ ਆਏ ਤੇ ਜ਼ਿਲਾ ਹੁਸਿਆਰਪੁਰ ਦੇ ਅਕਾਲੀ ਜਥੇ ਵਿਚ ਭਰਤੀ ਹੋਕੇ ਦੇਸ਼ ਔਰ ਕੌਮ ਦੀ ਸੇਵਾ ਵਿਚ

ਜੁਟੇ ਰਹੇ ਕਿਉਂਕਿ ਪੜ੍ਹੇ ਲਿਖੇ ਪੁਰਜੋਸ਼ ਸਨ ਇਸ ਲਈ ਅੰਗ੍ਰੇਜ਼ੀ ਹਕੂਮਤ ਦੀਆਂ ਚਾਲਾਂ ਨੂੰ ਅਛੀ ਤਰਹ ਸਮਝੌਂਦੇ ਸਨ, ਝੋਲੀ ਚੁਕਾਂ ਦੇ ਜ਼ੁਲਮ ਤੋਂ ਡਾਢੇ ਤੰਗ ਪੈਕੇ ਸਿਰ ਤਲੀ ਪਰ ਰਖ ਲਿਆ ਤੇ ਬਬਰ ਅਕਾਲੀ ਜਥੇ ਦੇ ਮੈਂਬਰ ਬਣ ਗਏ ਆਪ ਉਰਦੂ ਅੰਗ੍ਰੇਜ਼ੀ ਹਿੰਦੀ ਤੇ ਗੁਰਮਖੀ ਦੇ ਚੰਗੇ ਜਾਣੂ ਸਨ।

ਭਾ: ਪਿਆਰਾ ਸਿੰਘ ਜੀ ਤੇ ਭਾ. ਰਤਨ ਸਿੰਘ ਜੀ ਪਹਿਲੇ ਤੋਂ ਹੀ ਗੁਰਮਤ ਅਸੂਲਾਂ ਵਿਚ ਪਕੇ ਤੇ ਪੂਰਨ ਸਿਖ ਸਨ, ਪਰ ਸ਼ਹੀਦ ਭਾ: ਕਰਮ ਸਿੰਘ ਜੀ ਬਬਰ ਤੇ ਸ਼ਹੀਦ ਬਾਬੂ ਸੰਤਾ ਸਿੰਘ ਜੀ ਨਧੜਕ ਦੇ ਉਪਦੇਸ਼ ਨੇ ਤਾਂ ਇਨ੍ਹਾਂ ਦੋਹਾਂ ਬਬਰ ਸ਼ੇਰਾਂ ਤੇ ਸੋਨੇ ਤੇ ਸੋਹਾਗੇ ਵਾਲੀ ਗਲ ਕੀਤੀ ਦੋਵੇਂ ਕੌਮ ਤੇ ਦੇਸ਼ ਦੀ ਸੇਵਾ ਵਿਚ ਬਬਰ ਅਕਾਲੀ ਜਥੇ ਵਿਚ ਆਮਿਲੇ ਤੇ ਨੰਗਲ ਸ਼ਾਮਾਂ ਵਾਲੇ ਬੂਟੇ ਦੇ ਕਤਲ ਵਿਚ ਸ਼ਾਮਲ ਹੋ ਗਏ।

ਸ਼ਹੀਦ ਭੁਝੰਗੀ ਦਲੀਪ ਸਿੰਘ ਜੀ ਧਾਮੀਆਂ ਕਲਾਂ

ਆਪ ਜੀ ਨੇ ਸਰਦਾਰ ਲਾਭ ਸਿੰਘ ਜੀ ਦੇ ਜਨਮ ਲਿਆ ਤੇ ੧੫ ੧੬ ਸਾਲ ਦੀ ਉਮਰ ਵਿਚ ਅਜੇ ਬਚਪਨ ਦੀਆਂ ਖੇਡਾਂ ਦਾ ਅਨੰਦ ਹੀ ਲੈ ਰਹੇ ਸੀ ਬਬਰ ਅਕਾਲੀ ਪ੍ਰਚਾਰ ਦਾ ਏਹਦੇ ਉਤੇ ਇਤਨਾ ਅਸਰ ਹੋਇਆ ਕਿ ਨਿਰਮਲਹਿਰਦੇ ਵਿਚੋਂ ਕੌਮੀ ਸੇਵਾ ਦਾ ਉਤਸ਼ਾਹ ਹੁਲਾਰੇ ਮਾਰਨ ਲਗਾ ਬਸ ਫੇਰ ਕੀ ਸੀ ਘਰ ਬਾਰ ਮਾਂ ਪਿਉ ਤੇ ਸੰਸਾਰੀ ਸੁਖਾਂ ਦਾ ਪ੍ਰਤਿਆਗ ਕਰਕੇ ਖਾਨ ਪਾਨ ਦੀ ਉਮਰੇ ਹੀ ਸਿਰ ਤਲੀ ਤੇ ਧਰ ਕੇ ਚਕਰ ਵ. ਸ਼ਹੀਦ ਭਾਈ ਕਰਮ ਸਿੰਘ ਜੀ ਬਬਰ ਦੇ ਜਥੇ ਵਿਚ ਸ਼ਾਮਲ ਹੋ ਗਏ

ਭਾਈ ਹਰਬਖਸ਼ ਸਿੰਘ ਜੀ ਅਕਾਲੀ ਜਸੋਵਾਲ


ਆਪ ਡਾਢੇ ਕੌਮੀ ਦਰਦ ਵਾਲੇ ਤੇ ਜੋਸ਼ੀਲੇ ਸਨ ਆਪ ਨੇ ਚਕ੍ਰ ਵਰਤੀਆਂ ਦੀ ਬਧ ਕੇ ਸੇਵਾ ਕੀਤੀ ਅਕਾਲੀ ਬਾਣਾ ਤਾਂ ਆਪ ਨੇ ਪਹਿਲੋਂ ਹੀ ਤੇ




ਕਿਸ਼ਨ ਸਿੰਘ, ਮਿੱਤਾ ਸਿੰਘ, ਦਲੀਪ ਸਿੰਘ.
ਨੰਦ ਸਿੰਘ ਕਰਮ ਸਿੰਘ, ਧਰਮ ਸਿੰਘ,



ਨਰੰਜਣ ਸਿੰਘ ਪ੍ਰਗਾਸ ਸਿੰਘ



ਸ: ਊਧਮ ਸਿੰਘ



ਸ: ਮੇਹਰ ਸਿੰਘ

ਧਾਰਿਆ ਹੋਇਆ ਸੀ ਹੁਣ ਕੌਮੀ ਜੋਸ਼ ਇਸਦਾ ਠਾਠਾਂ ਮਾਰਨ ਲਗਾ ਤੇ ਨਿਰ ਭੈ ਸ਼ੇਰ ਵਾਂਗ ਗਜਦਾ ਹੋਇਆ ਬਬਰ ਅਕਾਲੀ ਜਥੇ ਦਾ ਮੈਂਬਰ ਬਣ ਗਿਆ (ਦਸੰਬਰ ੧੯੨੪ ਨੂੰ ਬੂਟਾ ਸਿੰਘ ਪਿਨਸ਼ਨੀ ਮੋਰਾਂ ਵਾਲੀ ਦੀ ਬੇਈਮਾਨੀ ਨਾਲ ਗ੍ਰਿਫਤਾਰ ਹੋਇਆ ਸੀ,

ਝੋਲੀ ਝੁਕ ਬੂਟਾ ਨੰਬਰਦਾਰ ਨੰਗਲ ਸ਼ਾਮਾਂ ਤੇ ਉਸਦਾ ਪੋਤ੍ਰਾ ਨੰ: ੩ ੪

ਏਹ ਆਦਮੀ ਭੀ ਇਕ ਪੁਰਾਣਾ ਝੋਲੀ ਚੁਕ ਸੀ ਸ਼ੁਰੂ ੧੯੨੧ ਤੋਂ ਹੀ ਦੇਸ਼ ਸੇਵਕ ਚਕਰ ਵਰਤੀਆਂ ਦੀ ਗਿਰਫਤਾਰੀ ਹਿਤ ਕੋਸ਼ਸ਼ ਕਰਦਾ ਰਿਹਾ ਸੀ ਅਤੇ ਫਿਰ ਭੀ ਅਖੀਰ ਤਕ ਕੌਮ ਵਰੁਧ ਕੰਮ ਕਰਦਾ ਡਾਇਰੀਆਂ ਤੇ ਗੁਵਾਹੀਆਂ ਦਿੰਦਾ ਰਿਹਾ ਖਜੂਰਲੇ ਆਦ ਕਈ ਦੀਵਾਨ ਵਿਚ ਇਸ ਨੂੰ ਬਾਈ ਕਾਟ ਕੀਤਾ ਗਿਆ।

ਸੁਧਾਰ

੧੦-੧੧ ਮਾਰਚ ੧੯੨੩ ਦੀ ਰਾਤ ਨੂੰ ਸ਼ਹੀਦ ਬਾਬੂ ਸੰਤਾ ਸਿੰਘ ਜੀ ਨਧਰ੍ਹਕ ਹਰਿਓਂ ਸ਼ਹੀਦ ਭਾਈ ਬੰਤਾ ਸਿੰਘ ਜੀ ਧਾਮੀਆਂ ਭਾਈ ਪਿਆਰਾ ਸਿੰਘ ਜੀ ਸ਼ਹੀਦ ਬਾਬੂ ਦਲੀਪ ਸਿੰਘ ਜੀ ਕਲਾਰਕ ਸ਼ਹੀਦ ਭੁਝੰਗੀ ਦਲੀਪ ਸਿੰਘ ਜੀ ਧਾਮੀਆਂ ਭਾਈ ਰਤਨ ਸਿੰਘ ਜੀ ਸੀਂਗੜੀ ਵਾਲ ਸ਼ਹੀਦ ਭਾਈ ਧਨਾ ਸਿੰਘ ਜੀ ਬਹਿਵਲ ਪੁਰ ਭਾਈ ਹਰ ਬਖਸ਼ ਸਿੰਘ ਜੀ ਅਕਾਲੀ ਜਮੇਵਾਲ ਸ਼ਹੀਦ ਭਾਈ ਸਾਧਾ ਸਿੰਘ ਜੀ ਅਕਾਲੀ ਪੌੜਰੀ ਨਿਝਠਾਂ ਨੂੰ ਲੈਕੇ ਉਕਤ ਝੋਲੀ ਚੁਕ ਦੇ ਧਾਮ (ਘਰ)ਪੁਜੇ ਘਰੋਂ ਸ਼ਹੀਦ ਭਾਈ ਧਨਾ ਸਿੰਘ ਜੀ ਤੇ ਸ਼ਹੀਦ ਭਾਈ ਬੰਤਾ ਸਿੰਘ ਨੇ ਬੇਈਮਾਨ ਨੂੰ ਜਾ ਉਠਾਲਿਆ ਅਰ ਗਜ ਵਜ ਕੇ ਆਖਿਆ ਕਿ ਤੈਨੂੰ ਪਹਿਲੇ ਦੋ ਢੰਗਾਂ ਨਾਲ ਸਮਝਾ ਚੁਕੇ ਹਾਂ ਤੇ ਫੇਰ ਤੈਨੂੰ ਇਤਲਾਹ ਭੀ ਕਰ ਦਿਤੀ ਸੀ, ਕਿ ਹੁਨ ਅਸੀਂ ਤੀਸਰਾ ਢੰਗ ਵਰਤਾਂਗੇ ਪਰ ਤੂ ਕੌਮ ਘਾਤ ਕਰਨੋ ਨਾ ਹੀ ਟਲਿਆ ਇਸ ਲਈ

ਤੋਂ ਕਲਮਾਂ ਦਾ ਬਲ ਉਨ੍ਹੋਂ ਭੇਂਗਾਕੇ ਤੈਨੂੰ ਪਾਪਾਂ ਤੋਂ, ਲੋਕਾਂ ਨੂੰ ਤੇਰੇ ਜ਼ੁਲਮ ਤੇ ਛਡੌਣ ਹਿਤ ਤੇਰਾ ਕਤਲ ਦੁਆਰਾ ਸੁਧਾਰ ਕੀਤਾ ਜਾਂਦਾ ਹੈ ਤੇ ਖਬਰਦਾਰ ਹੋ, ਏਹ ਕਹਿਕੇ ਸ਼ਹੀਦ ਭਾਈ ਧਨਾ ਸਿੰਘ ਜੀ ਨੇ ਗੋਲੀ ਤੇ ਸ਼ਹੀਦ ਭਾਈ ਬੰਤਾਂ ਸਿੰਘ ਜੀ ਨੇ ਤਲਵਾਰ ਦਾ ਵਾਰ ਕਰਕੇ ਦੋਜ਼ਕ ਪੁਜਾਇਆ ਤੇ ਕਿਸੇ ਕਾਰਣ ਕਰਕੇ ਏਹ ਦੇ ਪੋਤਰੇ ਸੁਰਜਣ ਸਿੰਘ ਨੂੰ ਭੀ ਕਤਲ ਕਰਕੇ ਜਥਾ ਰਾਹ ਪਿਆ ਏਹ ਯਾਦ ਰਹੇ ਕਿ ਇਸ ਸਮੇਂ ਝੋਲੀ ਚੁਕਾਂ ਦਾ ਪੈਸਾ ਯਾ ਕੋਈ ਵਸਤਰ ਬਿਲਕੁਲ ਨਹੀਂ ਲੀਤੀ ਕਿਉਂਕਿ ਪਹਿਲੇ ਆਚੁਕਾ ਹੈ ਕਿ ਬ. ਅ. ਜਥਾ ਇਸ ਧਾਨ ਨੂੰ ਜ਼ਹਿਰ ਸਮਝਦਾ ਸੀ.

ਝੋਲੀ ਚੁਕ ਲਾਭ ਸਿੰਘ ਤਰਖਾਨ ਗੜਸ਼ੰਕਰ ਨੰ: ੫

ਏਹ ਸ਼ਖਸ਼ ਡਾਢਾ ਬਦ ਚਲਣ ਤੇ ਪੁਲਸ ਦਾ ਪੁਤਰ ਸੀ, ਆਈ, ਡੀ, ਦਾ ਹੈਡ ਕਨਸਟੇਬਲ ਸੀ ਅਕਾਲੀਆਂ ਤੇ ਦੇਸ਼ ਸੇਵਕਾਂ ਦੇ ਬਰਖਾਲਾਫ ਡਾਇਰੀਆਂ ਤੇ ਜ਼ਬਾਨੀ ਚੁਗਲੀਆਂ ਕਰਦਾ ਤੇ ਘੁਮੰਡ ਵਿਚ ਜ਼ਮੀਨੋਂ ਉਚਾ ਹੀ ਰਹਿੰਦਾ ਸੀ। ਬਾਵਜੂਦ ਸਮਝੌਣ ਦੇ ਬਾਜ਼ ਨਾ ਆਇਆ ਸਗੋਂ ਅਕਾਲੀਆਂ ਨੂੰ ਦੱਬੌਣ ਦੀਆਂ ਹੀ ਡੀਗਾਂ ਮਾਰਦਾ ਰਿਹਾ।

ਸੁਧਾਰ

੧੯ ਮਾਰਚ ੧੯੨੩ ਨੂੰ ਏਹ ਦੁਧਾਰ ਡਾਣਸੀ ਵਾਲ ਦੀ ਛਿੰਜ ਦੇ ਮੇਲੇ ਉਤੇ ਗਿਆ ਹੋਇਆ ਸੀ ਇਧਰੋਂ ਸ਼ਹੀਦ ਭਾਈ ਧੰਨਾ ਸਿੰਘ ਸ਼ਹੀਦ ਬਾਬੂ ਸੰਤਾ ਸਿੰਘ ਜੀ ਨਧੜਕ ਸ਼ਹੀਦ ਭੁਜੰਗੀ ਦਲੀਪ ਸਿੰਘ ਜੀ ਧਾਮੀਆਂ ਕਲਾਂ ਸਹਿਤ ਸੂਹ ਪਾਕੇ ਪੁਜਾ ਅਤੇ ਮੇਲਾ. ਵਿਛੜਨੇ ਸਮੇਂ ਦੁਸ਼ਟ ਨੂੰ ਜਾ ਘੇਰਿਆ ਉਸਦੇ ਇਰਦ ਗਿਰਦ ਇਸ ਸਮੇਂ ਬੇਅੰਤ

ਸੁਰਜਣ ਸਿੰਘ ਦੀ ਉਮਰ ੧੯ ਸਾਲ ਸੀ

ਲੋਕ ਸਨ ਸ਼ਹੀਦ ਭਾਈ ਧਨਾ ਸਿੰਘ ਜੀ ਨੇ ਸ਼ੇਰ ਦੀ ਗਰਜ਼ ਆਖਿਆ ਕਿ ਲੋਕੋ ਏਹੀ (ਲਾਭ ਸਿੰਘ) ਦੇਸ਼ ਘਾਤੀ ਹੈ, ਅਸਾਂ ਇਸਨੂੰ ਕਤਲ ਕਰਕੇ ਇਸ ਦੇ ਪਾਪਾਂ ਦਾ ਫਲ ਚਖੌਣਾ ਹੈ, ਤੁਸੀਂ ਲਾਂਭੇ ਹੋ ਜਾਓ, ਏਹ ਸੁਣਦੇ ਹੀ ਲੋਕ ਉਡੰਤ ਹੋ ਗਏ ਤੇ ਸ਼ਹੀਦ ਭਾਈ ਧਨਾ ਸਿੰਘ ਜੀ ਨੇ ਕਿਹਾ ਕਿ ਐ ਜ਼ਾਲਮ ਹੁਣ ਤਕੜਾ ਹੋ ਲੇ, ਸ੍ਰੀ ਦਸਮੇਸ਼ ਜੀ ਦੇ ਸ਼ੇਰ ਅਜ ਤੇਰੇ ਸ਼ਕਾਰ ਵਾਸਤੇ ਆ ਪੁਜੇ ਹਨ, ਦੋਜ਼ਖ ਨੂੰ ਤੀਆਰ ਤੇ ਜਾਂਦਾ ਹੋਇਆ ਏਹ ਮੁਰਬੇ ਲੈ ਜਾ ਇੰਝ ਆਖ ਕੇ ਗੋਲੀ ਪਸਤੌਲ ਦੀ ਕਢ ਮਾਰੀ ਤੇ ਪਿਛੋਂ ਆਪ ਛਾਤੀ ਤੇ ਹੋ ਬੈਠੇ ਅਰ ਤਰਸਾ ਤਰਸਾ ਕੇ ਪ੍ਰਾਣ ਕਢੇ ਤੇ ਕੰਮ ਕਰਕੇ ਦਿਨੇ ਹੀ ਸ਼ੇਰ ਮਰਦ ਰਾਹ ਪਏ,

ਹਜ਼ਾਰਾ ਸਿੰਘ ਨੰਬਰ ਦਾਰ ਝੋਲੀ ਚੁਕ ਬਹਿਵਲ ਪੁਰ ਨੰ: ੬

ਏਹ ਦੁਸ਼ਟ ਸਰਬਰਾਹ ਨੰਬਰਦਾਰ ਸੀ ਦੇਸ਼ ਸੇਵਕ ਤੇ ਅਕਾਲੀ ਬਰਖਲਾਫ ਡਾਇਰੀਆਂ ਤੇ ਗੁਵਾਹੀਆਂ ਦੇ ਚੋਣ ਤੋਂ ਇਲਾਵਾ ਸ਼ਹੀਦ ਭਾਈ ਧੰਨਾ ਸਿੰਘ ਜੀ ਦੇ ਫੜੌਣ ਹਿਤ ਭੀ ਅਜ਼ਹਦ ਕੋਸ਼ਸ਼ ਕਰ ਰਿਹਾ ਸੀ ਇਸ ਨੂੰ ਪਿੰਡ ਤੇ ਬਾਈਕਾਟ ਦੇ ਇਲਾਵਾ ਮਾਰ ਕੁਟ ਦੀ ਸਜ਼ਾ ਦੇ ਕੇ ਭੀ ਸਮਝਾਇਆ ਅਰ ਅਖੀਰ ਸ਼ਹੀਦ ਭਾਈ ਧਨਾ ਸਿੰਘ ਜੀ ਸ਼ਹੀਦ ਉਦੇ ਸਿੰਘ ਜੀ ਰਾਮ ਗੜ੍ਹ ਝੁੰਗੀਆਂ ਸ਼ਹੀਦ ਭਾਈ ਕਰਮ ਸਿੰਘ ਜੀ ਬਬਰ ਜਥੇਦਾਰ ਦੌਲਤ ਪੁਰੀ ਅਡੀਟਰ ਬਬਰ ਅਕਾਲੀ ਦੁਆਬਾ ਅਖਬਾਰ ੨੭ ਮਾਰਚ ਨੂੰ ਅੰਮ੍ਰਤ ਵੇਲੇ ਹੀ ਵਹਿਵੰਲ ਪੁਰ ਵਿਖੇ ਪੁਜ ਪਏ ਜਦ ਕਿ ਉਹ ਆਪਣੀ ਹਵੇਲੀ ਆਪਣੇ ਭਤੀਜੇ (ਜੋ ਦਸ ੧੧ ਸਾਲ ਦਾ ਸੀ) ਨੂੰ ਨਾਲ ਲੈਕੇ ਸੁਤਾ ਪਿਆ ਸੀ ਬਬਰ ਸ਼ੇਰਾਂ ਨੇ ਲੜਕੇ ਨਾਲੋਂ ਜਾ ਉਠਾਲਿਆ ਤੇ ਬਹਾਦਰਾਂ ਨੇ ਆਖਿਆ ਕਿ ਅਸੀਂ ਦੋ ਤਿਨ ਵੇਰ ਅਗੇ ਭੀ ਤੇਰੇ ਸੁਧਾਰ ਹਿਤ ਆਏ ਸਾਂ ਪਰ ਤੂੰ ਬਚੇ ਨੂੰ ਨਾਲ ਲੈਕੇ ਸੁਤਾ ਰਹਿੰਦਾ ਸੀ ਸਾਨੂੰ ਇਸ ਲਈ ਮੁੜਨਾ ਪਿਆ ਕਿ ਅਸ਼ੀਂ ਬਚਿਆਂ ਉਤੇ ਵਾਰ ਨਹੀਂ ਕਰਦੇ ਕਿਉਂਕਿ ਬਿਰਧ ਬਾਲਕ

ਔਰਤ ਉਤੇ ਬਹਾਦਰ ਕਦੇ ਸ਼ਸਤਰ ਨਹੀਂ ਚੁਕਦਾ ਇੰਵ ਗਲ ਬਾਤ ਕਰਨੇ ਪਿਛੋਂ ਤਿਨ ਗੋਲੀਆਂਜ਼ਾਲਮ ਦੀ ਭੇਟ ਕਰਕੇ ਦੋਜ਼ਖ ਪੁਚਾਇਆ ਤੇ ਗਜ ਬਜ ਕੇ ਪਿੰਡ ਵਿਚ ਸੁਣਾਇਆ ਕਿ ਅਸੀਂ ਇਸ ਦੁਸ਼ਟ ਨੂੰ ਕਤਲ ਕੀਤਾ ਹੈ ਕਿਸੇ ਹੋਰ ਤੇ ਸ਼ਕ ਨਾ ਕਰਨਾ ਆਖ ਕੇ ਚਲਦੇ ਲਗੇ।

ਸ਼ਹੀਦ ਭਾ: ਨੰਦ ਸਿੰਘ ਜੀ

ਆਪ ਲੰਬੇ ਅਰਸੇ ਤੋਂ ਨਿਤ ਨੇਮ ਪੰਜ ਕਕਾਰ ਦੀ ਰਹਿਤ ਅਤੇ ਗੁਰ ਸਿਖੀ ਅਸੂਲਾਂ ਦੇ ਧਾਰਨੀ ਸਨ, ਆਪ ਕਾਰਪੇਂਟਰੀ ਕੰਪਨੀ ਵਿਚ ਕੰਮ ਕਰਦੇ ਸੀ ਅਰ ਸ੍ਰੀ ਨਨਕਾਣਾ ਸਾਹਿਬ ਜੀ ਤੇ ਜਲਿਆਂ ਵਾਲਾ ਬਾਗ ਦੇ ਵਾਕਿਆ ਹੋਣ ਪਰ ਅਕਾਲੀ ਸਜ ਗਏ ਅਤੇ ਸ੍ਰ: ਸਰਦੂਲ ਸਿੰਘ ਜੀ ਕਵੀਸ਼ਰ ਦੀ ਗ੍ਰਿਫਤਾਰੀ ਸਮੇਂ ਨਾ ਮਿਲ ਬ੍ਰਤਨ ਦੇ ਅਨਸਾਰ ਨੌਕਰੀ ਛਡ ਕੇ ਪੰਥ ਤੇ ਦੇਸ਼ ਦੀ ਸੇਵਾ ਹਿਤ ਆ ਗਏ ਔਂਦਿਆਂ ਆਪ ਨੂੰ ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਨਿਯਤ ਕੀਤਾ ਗਿਆ ਫੇਰ ਆਪ ਤਨ, ਮਨ ਦੁਆਰਾ ਦੇਸ਼ ਕੌਮ ਦੀ ਸੇਵਾ ਵਿਚ ਜੁਟ ਗਏ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਪਹਿਲੋਂ ਆਪ ਮਾਰ ਖਾਣੇ ਵਾਲੇ ਜਥੇ ਵਿਚ ਸ਼ਾਮਲ ਹੋਏ ਮਾਰ ਖਾਣ ਥੀਂ ਉਪ੍ਰੰਤ ਗ੍ਰਿਫਤਾਰ ਹੋਣ ਵਾਲੇ ਜਥੇ ਵਿਚ ਜਾਕੇ ਪੰਜ ਮਹੀਨੇ ਦੀ ਕੈਦ ਹੋਗਏ ਜੇਲ ਯਾਤ੍ਰਾ ਕਰਕੇ ਔਣ ਪਰ ਆਪ ਜੀ ਦਾ ਜੋਸ਼ ਮਠਾ ਨਾ ਹੋਇਆ ਸਗੋਂ ਜਬੈ ਬਾਣ ਲਾਗੇ ਤਬੈ ਰੋਸ ਜਾਗੇ ਦੇ ਗੁਰਵਾਕ ਅਨੁਸਾਰ ਜੋਸ਼ ਵਧ ਗਿਆ, ਅਤੇ ਬ: ਅਕਾਲੀਆਂ ਦੇ ਪਰਚਾਰ ਦਾ ਆਪ ਪਰ ਅਸਰ ਹੋਇਆ ਉਸ ਨੇ ਤਾਂ ਸੋਨੇ ਉਤੇ ਸੁਹਾਗੇ ਵਾਲਾ ਕੰਮ ਕੀਤਾ ਅਰ ਆਪ ਬਬਰ ਅਕਾਲੀ ਜਥੇ ਦੇ ਮੈਂਬਰ ਬਣਗਏ,

ਸ਼ਹੀਦ ਭਾ: ਕਰਮ ਸਿੰਘ ਜੀ ਹਰੀਪੁਰ

ਆਪ ਉਸੇ ਸਮੇਂ ਹੀ ਅਕਾਲੀ ਸਜੇ ਸਨ ਜਦ ਕਿ ਸ਼ਹੀਦ ਭ.

ਕਰਮ ਸਿੰਘ ਜੀ ਬਬਰ, ਸ਼ਹੀਦ ਭਾਈ ਕ੍ਰਿਸ਼ਨ ਸਿੰਘ ਜੀ ਗੁ. ਗ. ਤੇ ਸ਼ਹੀਦ ਬਬਰ ਸੰਤਾ ਸਿੰਘ ਜੀ ਨਧਰਕ, ਚਕਰ ਵਰਤੀਆਂ ਦਾ ਮਨੋਹਰ ਵਖਿਆਨ ਫਰਵਰੀ ੧੯੨੨ ਵਿਚ ਘੁੜਿਆਲ ਦੀਵਾਨ ਵਿਚ ਹੋਇਆ ਸੀ ਤੇ ਬਿਅੰਤ ਅਕਾਲੀ ਸਜੇ ਸਨ ਆਪ ਉਸ ਦਿਨ ਤੋਂ ਕੌਮੀ ਸੇਵਾ ਵਿਚ ਜੁਟ ਗਏ ਤੇ ਧਰਮ ਔਰ ਦੇਸ਼ ਦੀ ਅਜ਼ਾਦੀ ਹਿਤ ਤਨ, ਮਨ ਦੁਆਰਾ ਸਿਰ ਤੋੜ ਯਤਨ ਕਰਦੇ ਰਹੇ ਤੇ ਹੁਣ ਬਬਰ ਅਕਾਲੀ ਜਥੇ ਵਿਚ ਝੋਲੀ ਚੁਕਾਂ ਦੇ ਸੁਧਾਰ ਹਿਤ ਸ਼ਾਮਲ ਹੋ ਗਏ।

ਝੋਲੀ ਚੁਕ ਸੂਬੇਦਾਰ ਗੇਂਦਾ ਸਿੰਘ ਨੰ ੭

ਏਹ ਕੌਮੀ ਗਦਾਰ ਪਹਿਲੇ ੧੨੪ ਬਲੋਚੀ ਵਿਚ ਮੁਲਾਜ਼ਮ ਸੀ ਕੋਈ ਖੁਨਾਮੀ ਕਰਨ ਦੇ ਜੁਰਮ ਵਿਚ ਬਾਰਾਂ ਪਥਰੋਂ ਕਢਿਆ ਗਿਆ ਸੀ ਫਿਰ ਇਕ ਕੁਲੀ ਕੋਰ ਵਿਚ ਨੌਕਰ ਹੋਕੇ ਅੰਤ ਬਾਰਾਂ ਰੁਪਏ ਪਿੰਨਸ਼ਨ ਲਈ, ਔਣ ਸਾਰ ਹੀ ਸ੍ਰਕਾਰ ਦੀ ਝੋਲੀ ਚੁਕ ਲਈ, ਘੜਿਆਲ ਦੇ ਵਿਚ ਅਕਾਲੀ ਬੇਅੰਤ ਸਨ ਇਸ ਨੇ ਗੁਲਾਮ ਸਭਾ (ਅਮਨ) ਚੁਕ ਬਣਾਈ ਡਾਇਰੀਆਂ ਅਤੇ ਗੁਵਾਹੀਆਂ ਦੇਕੇ ਵਫਾਦਾਰੀ ਦਾ ਸਬੂਤ ਦੇਣ ਲਗਾ ਅਰ ਚੁਗਲਾਂ ਵਿਚੋਂ ਭੀ ਸਭ ਤੋਂ ਅਗੇ ਲੰਘ ਗਿਆ, ਪਰ 'ਹਰਿ ਜੀ ਹੰਕਾਰ ਨਾ ਭਾਵੀ ਬੇਦ ਕੂਕ ਸੁਣਾਵੇ, ਦੇ ਗੁਰਵਾਕ ਅਨੁਸਾਰ ਇਸ ਦਾ ਖਾਕ ਵਿਚ ਮਿਲਣ ਦਾ ਸਮਾਂ ਭੀ ਆਗਿਆ ੧੨ ਅਪ੍ਰੈਲ ੧੯੨੩ ਨੂੰ ਦਿਨ ਛਿਪਣ ਤੋਂ ਕੁਝ ਕਾਲ ਪਹਿਲੇ ਸ਼ਹੀਦ ਭਾ: ਕਰਮ ਸਿੰਘ ਜੀ ਬਬਰ, ਦੌਲਤਪੁਰ, ਸ਼ਹੀਦ ਭ. ਧਨਾ ਸਿੰਘ ਜੀ ਬਹਿਲਪੁਰ ਸ਼ਹੀਦ ਭਾ. ਉਦੇ ਸਿੰਘ ਜੀ ਰਾਮਗੜ੍ਹ ਝੁੰਗੀਆਂ ਸ਼ਹੀਦ ਬਾਬੂ ਸੰਤਾ ਸਿੰਘ ਜੀ ਨਧਰਕ ਹਰਿਉਂ ਸ਼ਹੀਦ ਭਾ ਨੰਦ ਸਿੰਘ ਜਥੇਦਾਰ ਘੁੜਿਆਲ ਸ਼ਹੀਦ ਭਾ ਕਰਮ ਸਿੰਘ ਜੀ ਅਕਾਲੀ ਹਰੀਪੁਰ (ਮਾਣਕੋ) ਸੂਬੇਦਾਰ ਗੇਂਦਾ ਸਿੰਘ ਕੋਲ ਉਸ ਵੇਲੇ ਆ ਪੁਜੇ ਜਿਸ ਵੇਲੇ ਉਹ ੧੦–੧੫ ਆਦਮੀਆਂ ਵਿਚ ਬੈਠਾ ਗਪਾਂ ਮਾਰ ਰਿਹਾ ਸੀ, ਸ਼ਹੀਦ ਭਾ ਕਰਮ ਸਿੰਘ

ਜੀ 'ਬਬਰ, ਨੇ (ਗੀਦੀ ਨੂੰ) ਬਾਹੋਂ ਫੜਕੇ ਸਾਥ ਵਿਚੋਂ ਉਠਾਲਿਆ ਤੇ ਲੋਕਾਂ ਨੂੰ ਆਖ ਦਿਤਾ ਕਿ ਇਸ ਝੋਲੀ ਚੁਕ ਨੂੰ ਪਿੰਡ ਬਾਈਕਾਟ ਦੁਆਰਾ ਸਮਝਾਕੇ ਕਤਲ ਦੀ ਧਮਕੀ ਵਾਲਾ ਇਸਤਿਹਾਰ ਇਸ ਦੇ ਬੂਹੇ ਉਤੇ ਲਾ ਚੁਕੇ ਹਾਂ ਪਰ ਇਹ ਕੌਮ ਘਾਤ ਕਰਨੋਂ ਨਹੀਂ ਰੁਕਿਆ ਹੁਣ ਅਸੀਂ ਆਪਣਾ ਮੁਲਜ਼ਮ ਸਮਝਕੇ ਗ੍ਰਿਫਤਾਰ (ਕਤਲ) ਕਰਕੇ ਇਸ ਦੇ ਜ਼ੁਲਮ ਪਾਸੋਂ ਮਜ਼ਲੂਮਾਂ ਨੂੰ ਤੇ ਇਸ ਦੇ ਪਾਪ ਪਾਸੋਂ ਇਸ ਨੂੰ ਛੁਟਕਾਰਾ ਦਿੰਦੇ ਹਾਂ ਜੋ ਸਜਣ ਇਸ ਦੀ ਹਮੈਤ ਕਰੇਗਾ ਉਹਦਾ ਭੀ ਏਹਦੇ ਵਾਲਾ ਹੀ ਹਾਲ ਹੋਵੇਗਾ ਅਰ ਕਤਲ ਕਰਨ ਵਾਲੇ ਅਸੀਂ ਦੇਸ ਸੇਵਕ ਬਬਰ ਅਕਾਲੀ ਫਲਾਨੇ ੨ ਹਾਂ ਪੁਲਸ ਨੂੰ ਆਖਦੇਣਾ ਕਿ ਕਿਸੇ ਹੋਰ ਨੂੰ ਨਾ ਪਕੜੇ ਸਾਨੂ ਹੀ ਫੜਕੇ ਸਜ਼ਾ ਦੇਵੇ, ਤੇ ਵਖਿਆਨ ਕਰਨ ਪਿਛੋਂ ਦੁਸਟ ਨੂੰ ਗੋਲੀ ਤੇ ਤਲਵਾਰ ਦੀ ਭੇਟ ਕਰਕੇ ਸਹਿਜ ਨਾਲ ਬਬਰ ਸ਼ੇਰ ਪਿੰਡੋ ਗਏ।

ਨੌਕਰ ਸ਼ਾਹੀ ਦਾ ਕਾਇਰਾਨਾ ਵਾਰ

੧੮ ਅਪਰੈਲ ਨੂੰ ਥਾਨਾ ਆਦਮਪੁਰ ਦੀ ਪੁਲਸ ਸਣੇ ਥਾਣੇਦਾਰ ਦੇ ਤਪ ਤੇਜ਼ ਸਹਿਤ ਘੁੜਿਆਲ ਪੁਜੀ ਤੇ ੧੮ ਨੂੰ ਡਿਪਟੀ ਕੁਮਿਸ਼ਨਰ ਸਪ੍ਰਟੰਡੰਟ ਤੇ ਹੋਰ ਪੋਲੀਸ ਅਫਸਰ ਐਡੀਸ਼ਨਲ ਪੁਲਸ ਸਹਿਤ ਪੁਜੇ ਤੇ ਸਾਰੇ ਪਿੰਡ ਦੇ ਆਦਮੀਆਂ ਨੂੰ ਚੋਰਾਂ ਵਾਂਗ ਬਠਾਇਆ, ਤੇ ਔਰਤਾਂ ਨੂੰ ਹੁਕਮ ਸੁਣਾਇਆ ਗਿਆ, ਕਿ ਕੋਈ ਪਿੰਡੋਂ ਬਾਹਰ ਨਾ ਨਿਕਲੇ ਇਸ ਸਮੇਂ ਜਿਤਨੇ ਅਕਾਲੀ ਸਿੰਘ ਸਨ ਉਨ੍ਹਾਂ ਨੂੰ ਧੁਪੇ ਬਠਾਇਆ ਜਾਂਦਾ ਤੇ ਕਈ ਬਦ ਲਫਜ਼ ਬੋਲੇ ਜਾਂਦੇ ਸੀ ਕੰਮੀਆਂ ਨੂੰ ਘਾ ਪਠਾ ਲਿਔਣ ਖਾਤਰ ਮਾਰ ਕੁਟ ਕੀਤੀ ਕਿਉਂਕਿ ਮਿਲ ਵਰਤਨ ਦਾ ਇਨ੍ਹਾਂ ਲੋਕਾਂ ਉਤੇ ਭੀ ਕਾਫੀ ਅਸਰ ਹੋ ਚੁਕਾ ਸੀ ੨੧ ਨੂੰ ਅਬਦੁਲਅਜੀਜ਼ ਸੁਪ੍ਰੰਟੰਡੈਂਟ ਸੀ, ਆਈ, ਡੀ ਤੇ ਡਿਪਟੀ ਕੁਮਿਸ਼ਨਰ ਜੇਕਬ ਭੀ ਫੋਜ ਲੈਕੇ ਪੁਜ ਪਏ, ਪੋਲੀਸ ਅਫਸਰਾਂ ਵਲੋਂ ਇਸ ਵੇਲੇ ਅਕਾਲੀਆਂ ਨੂੰ ਆਖਿਆ ਗਿਆ ਕਿ ਖੜੇ ਹੋਕੇ ਸਲਾਮ ਕਰੋ ਲੋਕਾਂ ਨੇ ਇਸ ਹੁਕਮ ਨੂੰ ਨਾ ਮਨਿਆ

ਤੇ ਨਾਹੀ ਫੌਜ ਦੀ ਰੋਟੀ ਪਾਣੀ ਦੀ ਕੋਈ ਖਾਤਰ ਕੀਤੀ, ਫੌਜ ਨੇ ਤੇ ਪੋਲੀਸ ਨੇ ਖੂਬ ਲੁਟ ਮਚਾਈ ਲੋਕਾਂ ਨੂੰ ਬਹੁਤ ਤੰਗ ਕੀਤਾ ਤੇ ਪਕੀ ਹੋਈ ਫਸਲ ਸਾਰੀ ਉਜਾੜ ਦਿਤੀ ਤਾਜੀਰੀ ਪੋਲੀਸ ਦਾ ਟੈਕਸ ਜਬਰ ਦਸਤੀ ਵਸੂਲਿਆ ਗਿਆ ਘੁੜਿਆਲ ਮਾਣਕੋ ਚੁਖਿਆਰਾ ਆਦ ਪਿੰਡ ਦੀਆਂ ਤਲਾਸ਼ੀਆਂ ਲੀਤੀਆਂ ਗਈਆਂ ੨੧ ਅਪਰੈਲ ਨੂੰ ਘੁੜਿਆਲ ਦੇ ਅਕਾਲੀਆਂ ਵਲੋਂ ਇਕ ਕਮੇਟੀ ਬਣਾਈ ਗਈ ਜੋ ਨੌਕਰ ਸ਼ਾਹੀ ਦੇ ਜ਼ੁਲਮਾਂ ਦੀ ਪੜਤਾਲ ਕਰਕੇ ਸਰੋਮਣੀ ਗ੦ ਪ੍ਰ: ਕ: ਨੂੰ ਖਬਰ ਦਿੰਦੀ ਰਹੀ ੨੪ ਨੂੰ ਫੌਜ ਵਾਪਸ ਚਲੀ ਗਈ, ਤੇ ਐਡੀਸ਼ਨਲ ਪੋਲੀਸ ਬੈਠੀ ਰਹੀ ਤੇ ਇਸ ਦਿਨ ਭਾ: ਨੰਦ ਸਿੰਘ ਜੀ ਸ਼ਹੀਦ ਜਥੇਦਾਰ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਤਲਾਸੀ ਕੀਤੀ ਗਈ ੨੨-੪-੨੩ ਨੂੰ ਦੁਆਬੇ ਵਿਚ ਆਮ ਪਿੰਡਾਂ ਦੀਆਂ ਤਲਾਸ਼ੀਆਂ ਲਈਆਂ ਤੇ ਸੈਂਕੜੇ ਬੇਗੁਨਾਹ ਅਕਾਲੀ ਪੋਲੀਸ ਨੇ ਬਬਰ ਅਕਾਲੀਆਂ ਦੇ ਬਹਾਨੇ ਗ੍ਰਿਫਤਾਰ ਕਰਕੇ ਕਾਇਰ ਪੁਣੇ ਦਾ ਸਬੂਤ ਦਿਤਾ।

ਬਬਰ ਅਕਾਲੀ ਤੇ ਨੌਕਰ ਸ਼ਾਹੀ

ਬਬਰ ਅਕਾਲੀ ਅਪਣਾ ਕੰਮ ਸਰਗਰਮੀ ਨਾਲ ਕਰੀ ਗਏ ੨੨ ਮਾਰਚ ਦੇ ਬਬਬ ਅਕਾਲੀ ਦ: ਅਖਬਾਰ ਦੁਆਰਾ ਸ਼ਹੀਦ ਭਾ:. ਉਦੇ ਸਿੰਘ ਜੀ ਰਾਮ ਗੜ੍ਹ ਝੁੰਗੀਆਂ ਵਲੋਂ ਐਲਾਨ ਕੀਤਾ ਗਿਆ ਕਿ ਜ਼ੈਲਦਾਰ ਬਿਸਨ ਸਿੰਘ ਰਾਣੀ ਥੂਹਾ, ਬੂਟਾ ਨੰਗਲ ਸਾਮਾਂ ਪੋਤਰੇ ਸਹਿਤ, ਡਾਇਰੀ ਵਾਲਾ ਤਰਖਾਨ ਗੜ੍ਹਸ਼ੰਕਰ ਨੂੰ ਅਸੀਂ ਕਤਲ ਕੀਤਾ ਹੈ, ਅਤੇ ਇਕ ਸਾਡੀ ਜੇਹਲ ਵਿਚ ਉਮਰ ਕੈਦ ਹੈ, ਇਸ ਲਈ ਸਰਕਾਰ ਸਾਨੂੰ ਹੀ ਪਕੜੇ ਕਿਸੇ ਹੋਰ ਨਿਰਦੋਸ਼ ਅਕਾਲੀ ਨੂੰ ਨਾ ਫੜੇ ਅਤੇ ੧੪ ਅਪਰੈਲ ਦੇ ਬਬਰ ਅਕਾਲੀ ਦੁਆਬਾ ਅਖਬਾਰ ਵਿਚ ਹਜ਼ਾਰਾ ਸਿੰਘ ਬਹਿਫਲਪੁਰ ਦਾ ਕਤਲ ਭੀ ਪ੍ਰਗਟ ਕੀਤਾ ਗਿਆ, ਮਗਰ ਨੌਕਰ ਸ਼ਾਹੀ ਨੇ ਬਬਰ ਸ਼ੇਰਾਂ ਨੂੰ ਫੜਨ ਤੋਂ ਕਾਸਰ ਰਹਿਕੇ ਜੈਸਾ ਦਸਮੇਸ਼ ਜੀ ਫਰਮਾਇਆ ਹੈ, ਸਾਲਨ ਰਸ ਜੀਉ ਬਾਣੀਆਂ ਰੋੜਣ ਤੜਕ ਲਗਾਏ

(ਚਰਿਤਰ ਨਾਟਕ) ਭਾਵੇਂ ਕੀ ਕਿ ਸ਼ਰਾਬ ਮਾਸ ਤਾਂ ਖਾ ਹੀ ਨਹੀਂ ਸਕਦਾ ਪੇਰ ਰੋੜ ਤੜਕ ਕੇ ਉਸ ਵਿਚ ਮਾਸ ਦਾ ਸਵਾਦ ਭਾਲਦਾ ਹੈ, ਇਸੇ ਤਰਹ ਨੌਕਰ ਸ਼ਾਹੀ ਨੇ ਸ਼ਾਂਤ ਮਈ ਅਕਾਲੀਆਂ ਨੂੰ ਰੜਕੇ ਕੀਤਾ।

ਬਬਰ ਅਕਾਲੀਆਂ ਦਾ ਬੋਲਬਾਲਾ

ਇਸ ਸਮੇ ਕੌਮੀ ਗਦਾਰ ਜਾਨ ਦਾ ਖਤਰਾ ਹੋਣ ਕਰਕੇ ਡਾਢੇ ਭੈ ਭੀਤ ਸੀ ਕਈ ਤਾਂ ਘਰ ਬਾਰ ਛਡਕੇ ਰਿਸ਼ਤੇ ਦਾਰਾਂ ਦੇ ਜਾ ਰਹੇ। ਕਈ ਪੁਲਸ ਥਾਣਿਆਂ ਵਿਚ ਰਹਿਣ ਲਗ ਪਏ ਕਈਆਂ ਨੇ ਪੁਲਸ ਗਾਰਦਾਂ ਘਰਾਂ ਵਿਚ ਰਖਲੀਆਂ ਬ. ਅ. ਦੁ: ਅਖਬਾਰ ਦੁਆਰਾ ਏਹ ਭੀ ਐਲਾਨ ਕੀਤਾ ਗਿਆ ਸੀ ਜੋ ਝੋਲੀ ਚੁਕ ਦੇਸ਼ ਸੇਵਕਾਂ ਦੇ ਖਲਾਫ ਗਵਾਹੀ ਦੇਵੇਗਾ ਉਸ ਦਾ ਉਧਾਰ (ਕਤਲ) ਪਹਿਲੇ ਕੀਤਾ ਜਾਊ ਜਿਸ ਕਰਕੇ ਅਖੀਰ ਅਗਸਤ ਤਕ ਮੁਕਦਮਾ ਨਾ ਚਲ ਸਕਿਆ।

ਝੋਲੀ ਚੁਕ ਰਲਾ ਤੇ ਦਿਤੂ ਕੋਲਪੁਰ ਨੰ ੮-੯

ਏਹ ਝੋਲੀ ਚੁਕ ਸਕੇ ਭਰਾ ਸਨ ਰਲਾ ਸਫੈਦ ਪੋਸ ਦਿਤੂ ਉਸਦਾ ਪਿਠੂ ਸੀ ਇਨ੍ਹਾ ਨੇ ਜਥੇਦਾਰ ਬਾਬਾ ਦਲੀਪ ਸਿੰਘ ਜੀ ਅਕਾਲੀ ਸਾਹ-ਜਾਦ ਨੂੰ ਡਾਇਰੀ ਤੇ ਗੁਵਾਹੀ ਦੇਕੇ ਕੈਦ ਕਰਵਾਇਆ ਸੀ ਤੇ ਦਾਸ ਨੂੰ ਭੀ ਇਨ੍ਹਾਂ ਨੇ ੨੨ ੪ ੨੩ ਨੂੰ ਗ੍ਰਿਫਤਾਰ ਕਰਾਇਆ ਸੀ ਅਤੇ ਹੋਰ ਸੇਵਕਾਂ ਬਰੁਧ ਭੀ ਡਾਇਰੀਆਂ ਤੇ ਗੁਵਾਹੀਆਂ ਦਿੰਦੇ ਸਨ ਕਈ ਯੋਗ ਢੰਗ ਨਾਲ ਇਨ੍ਹਾਂ ਨੂੰ ਸਮਝੌਣ ਦੇ ਯਤਨ ਕੀਤੇ ਪਰ ਪਾਪੀ ਨਾਂ ਸਮਝੇ ਅਖਰ ਇਨ੍ਹਾਂ ਦਾ ਸਮਾਂ ਨੇੜੇ ਆਗਿਆ ਕਿਉਂਕਿ ਪਾਪੀ ਕਾ ਘਰ ਅਗਨੇ ਮਾਹਿ ਦੇ ਗੁਰਵਾਕ ਅਨੁਸਾਰ ਪਾਪ ਰੂਪੀ ਅਗ ਲਗਣ ਨੂੰ ਤੀਆਰ ਹੋ ਗਈ ਤੇ ਬ. ਅ. ਜਥੇ ਵਲੋਂ ਇਨ੍ਹਾਂ ਦੁਸ਼ਟਾਂ ਦੇ ਦਰਵਾਜੇ ਉਤੇ ਓਹ ਇਸ਼ਤਿਹਾਰ ਭੀ ਲਾਇਆ ਗਿਆ ਜੋ ਇਨ੍ਹਾਂ ਦੇ ਕਤਲ ਸੰਬੰਧ ਵਿਚ ਸੀ ਪਰ ਏਹ ਉਸ਼ਨੂੰ ਭੀ ਵੇਖਕੇ ਪਾਪ ਕਰਮ ਤੋਂ ਨ ਹਟੇ ਆਖਰ ੨੦ ਮਈ ੧੯੨੩ ਨੂੰ ਘੰਟਾ ਕੁ ਦਿਨ ਰਹਿੰਦੇ ਤੋਂ ਸ਼ਹੀਦ

ਭਾਈ ਕਰਮ ਸਿੰਘ ਜੀ ਬਬਰ ਅਡੀਟਰ ਸ਼ਹੀਦ ਭਾਈ ਉਦੇ ਸਿੰਘ ਜੀ ਰਾਮ ਗੜ੍ਹ ਝੁੰਗੀਆਂ ਸ਼ਹੀਦ ਭਾਈ ਧਨਾ ਸਿੰਘ ਜੀ ਬਹਿਵਲ ਪੁਰ ਸ਼ਹੀਦ ਭੁਝੰਗੀ ਦਲੀਪ ਸਿੰਘ ਜੀ ਧਾਮੀਆਂ ਕਲਾਂ ਸ਼ਹੀਦ ਭਾਈ ਬੰਤਾ ਸਿੰਘ ਜੀ ਧਾਮੀ ਕਲਾਂ ਸ਼ਹੀਦ ਬਾਬੂ ਸਿੰਘ ਜੀ ਨਧੜਕ, ਅਨੂਪ ਸਿੰਘ ਮਾਣਕੋ ਸ਼ਹੀਦ ਭਾਈ ਬਿਸ਼ਨ ਸਿੰਘ ਜੀ ਮਾਂਗਟ (ਜੋ ਵਡੇ ਸੂਰਬੀਰ ਤੇ ਧਰਮੀ ਯੋਧਾ ਸੀ) ਉਕਤ ਸ਼ੇਰ ਸਨ ਦੋਹਾਂ ਦੁਸ਼ਟਾਂ (ਰਲਾ ਤੇ ਦਿਤੂ) ਨੂੰ '(ਸੋ ਸੁਨ ਹਿਤ ਕੋਲ ਪੁਰ ਸ਼ੈਹਿਰ ਨਗੀਨਾ, ਆਏ ਘੜੀ ਦੀ ਖਾਤਰ ਰਹੇ ਮਹੀਨਾ)' ਪੁਜ ਪਏ ਇਸ ਵੇਲੇ ਏਹ ਦੋਵੇਂ ਭਾਈ ਆਪਣੀ ਬੈਠਕ ਵਿਚ ਅਠ ਦਸ ਆਦਮੀਆਂ ਸਹਿਤ ਹੁਕਾ ਪੀ ਰਹੇ ਸਨ ਬਬਰ ਅਕਾਲੀ ਸ਼ੇਰਾਂ ਨੇ ਲਲਕਾਰ ਕੇ ਆਖਿਆ ਕਿ ਰਲਾ ਤੇ ਦਿਤੂ ਦੋਵੇਂ ਖੜੇ ਹੋ ਜਾਓ ਓਹ ਸਾਡੇ ਮੁਲਜ਼ਮ ਹਨ ਚੁਨਾਂਚਿ ਬਬਰਾਂ ਨੇ ਬਾਹੋਂ ਫੜਕੇ ਉਠਾਲ ਲਏ ਤੇ ਬੈਠਕੋਂ ਬਾਹਰ ਲੈ ਆਏ ਸਾਰੇ ਪਿੰਡ ਨੂੰ ਕਠਾ ਕਰਕੇ ਸ਼ਹੀਦ ਭਾਈ ਕਰਮ ਸਿੰਘ ਜੀ ਬਬਰ, ਨੇ ਸੁਣਾ ਦਿਤਾ ਕਿ ਇਨ੍ਹਾਂ ਦੁਸ਼ਟਾਂ ਨੂੰ ਕੌਮ ਤੇ ਦੇਸ਼ ਘਾਤ ਕਰਨੋ ਹਟੌਣ ਦੇ ਕਈ ਯਤਨ ਕੀਤੇ ਧਮਕੀਆਂ ਦਿਤੀਆਂ ਕਤਲ ਕਰਨ ਸਬੰਧੀ ਇਸ਼ਤਿਹਾਰ ਇਨ੍ਹਾਂ ਦੇ ਬੂਹੇ ਲਾਇਆ ਪਰ ਏਹ ਬਦਮਾਸ਼ ਕੌਮੀ ਪ੍ਰਵਾਨਿਆਂ ਦੇ ਲਹੂ ਨਹੌਣੋਂ ਨਾ ਹਟੇ ਹੁਣ ਅਸੀਂ ਇਨ੍ਹਾਂ ਨੂੰ ਨਰਕ ਪਜੌਣ ਹਿਤ ਮਜਬੂਰ ਹਾਂ, ।

'ਬਬਰ । ਜੀ ਨੇ ਜੋ ਉਸ ਵੇਲੇ ਕਵਿਤਾ ਪੜ੍ਹੀ ਸੀ ਉਹ ਹੇਠ ਦਿਤੀ ਹੈ'

ਝੋਲੀ ਚੁਕ ਹਰਾਮੀਓ ਦੋ ਗਲਾਂ,
ਜ਼ਰਾ ਤੁਸਾਂ ਨੂੰ ਅਜ ਸੁਣਾ ਦੇਸਾਂ ।
ਤੁਸੀਂ ਨਿਤ ਇਨਾਮ ਨੂੰ ਫੇਰ ਭਜੇ,
ਪਲੇ ਤੁਸਾਂ ਇਨਾਮ ਹੁਣ ਪਾ ਦੇਸਾਂ ।
ਗਿਆ ਵਕਤ ਹੁਣ ਤੁਸਾਂ ਸਮਝਾਵਣੇ ਦਾ,
ਮਾਰ ਮਾਰ ਕੇ ਧਰਤ ਲਟਾ ਦੇਸਾਂ ।

ਨੰਬਰ ਵਾਰ ਇਨਾਮ ਵਰਤਾ ਕਰਕੇ,
ਘਰ ਘਰ ਮੁਆਤੜੇ ਲਾ ਦੇਸਾਂ।
ਬੀਜ ਬੀਜਿਆ ਹੈ ਜਿਹੜਾ ਤੁਸਾਂ ਪਿਛੋਂ,
ਓਸੇ ਬੀਜ ਦੇ ਮੇਵੇ ਖੁਵਾ ਦੇਸਾਂ।
ਘਰੀਂ ਰੋਣ ਸੁਆਣੀਆਂ ਵੈਣ ਪਾ ਪਾ,
ਪੁਤਰ ਕਈਆਂ ਦੇ ਮਾਰ ਮੁਕਾ ਦੇਸਾਂ।
ਭੋਗ ਪਾ ਦਿਤਾ ਸ਼ਾਂਤ ਮਈ ਵਾਲਾ,
ਹਵਾ ਗਰਮ ਹੁਣ ਜਲਦ ਵਗਾ ਦੇਸਾਂ।
'ਬਬਰ, ਵਾਂਗ ਬਟੇਰਿਆ ਤੁਸਾਂ ਤਾਈਂ,
ਤੂੰਬ ਤੂੰਬ ਕੇ ਝੰਬ ਵਖਾ ਦੇਸਾਂ।

ਇੰਝ ਕਹਿਕੇ ਸਾਰੇ ਲੋਕਾਂ ਦੇ ਸਾਮ੍ਹਣੇ ਰਲੇ ਨੂੰ ਖੜਾ ਕਰਕੇ ਬਬਰ ਜੀ ਨੇ ਉਸ ਦੀ ਛਾਤੀ ਵਿਚ ਗੋਲੀ ਮਾਰੀ ਤੇ ਸ਼ਹੀਦ ਭਾ. ਬੰਤਾ ਸਿੰਘ ਜੀ ਨੇ ਤਲਵਾਰ ਦਾ ਵਾਰ ਕੀਤਾ ਤੇ ਜ਼ਾਲਮ ਨੂੰ ਨਰਕ ਟੋਰ ਦਿਤਾ, ਇਸ ਉਪਰੰਤ ਦਿਤੂ ਨੂੰ ਉਸੇ ਥਾਂ ਲਿਆ ਕੇ ਸ਼ਹੀਦ ਭਾ. ਉਦੇ ਸਿੰਘ ਜੀ ਨੇ ਦੁਸ਼ਟ ਦੀ ਛਾਤੀ ਵਿਚ ਗੋਲੀ ਮਾਰੀ ਤੇ ਸ਼ਹੀਦ ਭਾ. ਧੰਨਾ ਸਿੰਘ ਜੀ ਬੋਹਵਲਪੁਰ ਨੇ ਇਕੋ ਤੇਗ ਨਾਲ ਜ਼ਾਲਮ ਦਾ ਕੰਮ ਕਰਕੇ ਅਧਰਮੀਆਂ ਨੂੰ ਉਸਦੇ ਜ਼ੁਲਮ ਤੋਂ ਛੁਟਕਾਰਾ ਬਖਸ਼ਿਆ ਤੇ ਬੀਰ ਮੰਡਲੀ (ਜਿਸ ਦਾ ਕਾਰਜ ਤਿਨਹੀ ਕੀਆ ਮਾਣਸ ਕਿਆ ਬੇਚਾਰਾ ਰਾਮ ਆਦ ਸ਼ਬਦ ਗੋਦੀ ਹੋਈ ਜਿਧਰ ਚਿਤ ਚਾਹਿਆ ਪਧਾਰ ਗਈ।

ਇਕ ਖੂਬੀ

ਉਕਤ ਬਬਰ ਸ਼ੇਰਾਂ ਨੇ ਆਪਣੇ ਨਾਮ ਕਾਗਜ਼ ਪਰ ਲਿਖਕੇ ਮਰਚੁਕੇ ਝੋਲੀ ਚੁਕਾਂ ਦੇ ਬੂਹੇ ਲਾ ਦਿਤੇ ਅਤੇ ਲੋਕਾਂ ਨੂੰ ਗਜ ਬਜ ਕੇ ਸੁਣਾ ਦਿਤਾ ਕਿ ਅਸੀਂ ਫਲਾਣੇ ੨ ਨੇ ਇਨ੍ਹਾਂ ਝੋਲੀ ਚੁਕ ਦੇਸ਼ ਦੇ ਕੌਮ ਧ੍ਰੋਈਆਂ ਨੂੰ ਕਤਲ ਕੀਤਾ ਹੈ ਕਿਸੇ ਨਿਰਦੋਸ਼ ਦਾ ਨਾਮ ਨਾ

ਲੈਣਾਂ ਇਸ ਸਮੇਂ ਝੋਲੀ ਚੁਕਾਂ ਦਾ ਮਾਲ ਬਿਲਕੁਲ ਨਹੀਂ ਲੁਟਿਆ ਇਸ ਪ੍ਰਕਾਰ ਮੋਰਚਾ ਫਤਹ ਕਰਕੇ ਗੁਰੂ ਕੇ ਸ਼ੇਰ ਬਿਜੈ ਦਾ ਡੰਕਾ ਬਜੌਂਦੇ ਹੋਏ ਚਲਦੇ ਗਏ ਅਗਲੇ ਦਿਨ ੨੧ ਮਈ ਨੂੰ ਬਬਰ ਅਕਾਲੀ ਦੁਆਬਾ ਅਖਬਾਰ ਦੁਆਰਾ ਸ਼ਹੀਦ ਭਾਈ ਬੰਤਾ ਸਿੰਘ ਜੀ ਧਾਮੀਆਂ ਤੋਂ ਬਿਨਾਂ ਸੇਵਕਾਂ ਨੇ ਅਪਣੇ ਨਾਮ ਪ੍ਰਕਾਸ਼ਤ ਕਰਕੇ ਏਲਾਨ ਕਰ ਦਿਤਾ ਕਿ ਸੂਬੇਦਾਰ ਗੇਂਦਾ ਸਿੰਘ ਘੁੜਿਆਲ ਅਤੇ ਰਲਾ ਤੇ ਦਿਤੂ ਕੌਲਪੁਰ ਨੂੰ ਅਸਾਂ ਕਤਲ ਕੀਤਾ ਹੈ, ਅ: ਬ. ਅਕਾਲੀ ਜਥੇ ਦੇ (ਪੇਦਾਨ) ਮੈਂਬਰ ਤਿੰਨ ਤੋਂ ਸਤ ਹੋ ਗਏ।

ਝੋਲੀ ਚੁਕ ਪਟਵਾਟੀ ਅਤਾ ਮੁਹੰਮਦ ਨੰਦਾ ਚੌਰ ਨੰ. ੨੦

ਏਹ ਦੁਸ਼ਟ ਡਾਇਰੀਆਂ ਤੇਗੁਵਾਹੀਆਂ ਵਡੇ ਜ਼ੋਰ ਸ਼ੋਰ ਨਾਲ ਦੇਸ਼ ਸੇਵਕਾਂ ਦੇ ਵਰੁਧ ਦਿੰਦਾ ਰਿਹਾ ਸੀ, ਇਸ ਨੂੰ ਭੀ ਬੜੇ ਢੰਗ ਨਾਲ ਸਮਝਾਇਆ ਜਾ ਚੁਕਾ ਸੀ, ਪਰ ਜ਼ਾਲਮ ਨਾ ਟਲਿਆ, 'ਆਖਰ ਸੋ ਦਿਨ ਆਵਨ ਲਗਾ ਮਾਤਾ ਪਿਤਾ ਭਾਈ ਸੁਤ ਬੰਧਪ ਕਹੋ ਕਊ ਹੈ ਕਾਂਕਾ ਦੇ ਗੁਰ ਵਾਕ ਅਨੁਸਾਰ ਤਿਨ ਬਬਰ ਅਕਾਲੀ ਸ਼ੇਰ ੬ ਜੂਨ ੧੯੨੩ ਨੂੰ ਇਸ ਨੂੰ ਉਜਾੜ ਵਿਚ ਟਕਰ ਪਏ ਅਤੇ ਗਰਜ ਕੇ ਆਖਿਆ ਕਿ ਐ ਜ਼ਾਲਮ ਤੇਰਾ ਦੋਜ਼ਖ ਪੁਜਣੇ ਦਾ ਸਮਾਂ ਆਣ ਪਹੁੰਚਾ ਹੈ, ਇੰਝ ਆਖ ਭਾ: ਬੰਤਾ ਸਿੰਘ ਜੀ ਸ਼ਹੀਦ ਧਾਮੀਆਂ ਨੇ ਤਲਵਾਰ ਦੇ ਫਟ ਨਾਲ ਦੁਸ਼ਟ ਨੂੰ ਘਾਇਲ ਕਰ ਦਿਤਾ ਅਤੇ ਸ਼ਹੀਦ ਭੁਝੰਗੀ ਧਾਮੀਆਂ ਨੇ ਤੇ ਸ਼ਹੀਦ ਭਾ: ਵਰਿਆਮ ਸਿੰਘ ਜੀ ਧੁਗੇ ਨੇ ਤੇਗਾਂ ਦੇ ਵਾਰ ਕਰਕੇ ਪਾਪੀ ਨੂੰ ਦੋਜ਼ਖ ਦੀ ਅਗ ਵਿਚ ਸਾੜਨ ਲਈ ਘਲ ਦਿਤਾ, ਅਤੇ ਇਸ ਜ਼ਾਲਮ ਦਾ ਮੋਰਚਾ ਫਤਹ ਕਰਕੇ ਬਬਰ ਸ਼ੇਰ ਮਰਦ ਗਏ ਏਹ ਵਕਤ ਚਾਰ ਬਜੇ ਦਿਨ ਦਾ ਸੀ।

ਸ਼ਹੀਦ ਬਾਬੂ ਸੰਤਾ ਸਿੰਘ ਜੀ 'ਨਧੜਕ' ਦੀ ਗ੍ਰਿਫ਼ਤਾਰੀ

ਸੂਬੇਦਾਰ ਗੇਂਦਾ ਸਿੰਘ ਘੁੜਿਆਲ ਦੇ ਕਤਲ ਪਿਛੋਂ ਨੌਕਰ ਸ਼ਾਹੀ ਨੇ ਸਾਰਾ ਜੋਰ ਦੁਆਬੇ ਉਤੇ ਪਾ ਦਿਤਾ, ਬ: ਅਕਾਲੀਆਂ ਦੀ ਗ੍ਰਿਫਤਾਰੀ ਹਿਤ ਫੌਜਾਂ ਰਲਾ ਕੇ ਅਡੀਸ਼ਨਲ ਪੁਲਸ ਤੋਂ ਇਲਾਵਾ ਦੋ ਤਿਨ ਕਿਸਮ ਦੀ ਨਵੀਂ † ਪੋਲੀਸ ਭੀ ਭਰਤੀ ਕੀਤੀ ਗਈ ਜਿਸ ਵਿਚ ਕਈ ਕਮੀਨੇ ਬੇਗੈਰਤ, ਦੀਮਾਗ ਤੇ ਇਖਲਾਕ ਤੋਂ ਗਿਰੇ ਹੋਏ ਕੌਮ ਨੂੰ ਛਿਕੇ ਉਤੇ ਟੰਗ ਕੇ ਇਸ ਬੇ ਸ਼ਰਮੀ ਦੀ ਟੋਕਰੀ ਨੂੰ ਚੁਕਣ ਲਈ ਤੀਆਰ ਹੋ ਗਏ। ਇਸ ਵੇਲੇ ਦਿਨ ਰਾਤ ਨੌਕਰ ਸ਼ਾਹੀ ਦੀਆਂ ਧਾੜਾਂ ਮਸ਼ੀਨ ਗੰਨਾ ਲੂਸਗਨਾ ਤੇ ਹਬਾਈ ਜਹਾਜ਼ ਲੈਕੇ ਦੁਆਬੇ ਵਿਚ ਪਿੰਡ ੨ ਵਿਚ ਫਿਰਨ ਲਗ ਗਈਆਂ। ਦਿਨ ਕਿਤੇ ਰਾਤ ਕਿਤੇ ਗਰੀਬਾਂ ਦੇ ਘਰਾਂ ਉਤੇ ਡਾਕੇ ਮਾਰਨੇ ਅਰੰਭ ਹੋਗਏ ਗਰੀਬਾਂ ਦੇ ਘਰੀਂ ਲੁਟ ਮਚਾਈ, ਕਈ ਥਾਵੀਂ ਰਾਤ ਨੂੰ ਤਲਾਸ਼ੀਆਂ ਕਰਕੇ ਅਨੇਕਾਂ ਸਿੰਘਣੀਆਂ ਬੇ ਪੜਦ ਕੀਤੀਆਂ ਹੋਰ ਅਨੇਕ ਭਾਵ ਦੀਆਂ ਤੰਗੀਆਂ ਦਿਤੀਆਂ ਗਈਆਂ ਜਿਸ ਪਿੰਡ ਨੂੰ ਚਾਹਿਆ ਰੋਕ ਕੇ ਸਾਰਾ ੨ ਦਿਨ ਬਠਾ ਰਖਿਆ, ਜਿਸ ਨੂੰ

†ਏਹ ਯਾਦ ਰਹੇ ਕਿ ੨੯ ਅਗਸਤ ੧੯੨੨ ਨੂੰ ਗੌਰਮਿੰਟ ਦੀ ਮਨਜੂਰੀ ਨਾਲ ਤਾਜ਼ੀਰੀ ਪੋਲੀਸ ਦੀਆਂ ਚੌਕੀਆਂ ਸਾਰੇ ਪੰਜਾਬ ਵਿਚ ੨੯ ਕਾਇਮ ਕੀਤੀਆਂ ਗਈਆਂ ਸਨ ਤੇ ਜਿਨਾਂ ਵਿਚੋਂ ਦੋ ਯਾ ਤਿਨ ਬਾਹਰ ਸਨ ਬਾਕੀ ਸਾਰੀਆਂ ਦੁਆਬੇ ਦੇ ਹਿਸੇ ਆਈਆਂ ਪੰਜਾਬ ਭਰ ਵਿਚੋਂ ਓਹ ਦੁਆਬਾ ਸਭ ਤੋਂ ਵਡਾ ਖਤਰਨਾਕ ਸਮਝਿਆ ਜਾਂਦਾ ਰਿਹਾ ਹੈ ਦੇਸ਼ ਦੀ ਅਜ਼ਾਦੀ ਹਿਤ ਦੁਆਬੇ ਨੇ ਕੁਰਬਾਨੀਆਂ ਭੀ ਵਧ ਚੜ੍ਹ ਕੇ ਕੀਤੀਆਂ ਹਨ ਚੌਕੀਆਂ ਦਾ ਚੰਦਾ ਜ਼ਬਰਦਸਤੀ ਵਸੂਲਿਆ ਗਿਆ, ਅਕਾਲੀਆਂ ਸਿੰਘਾਂ ਉਤੇ ਕਈ ਗੁਨਾਂ ਵਧੀਕ ਟੈਕਸ ਲਿਆ ਗਿਆ ਸੀ।

ਾਲੇ ਨੇ ਚਾਹਿਆ ਚਾਰ ੨ ਪੰਜ ੨ ਪਿੰਡ ਲਈ ਫਿਰਨਾ ਤੇ ਕਈਆਂ
ਬਕ ਮਾਰਕੇ ਹਲਾਕ ਕਰ ਸੁਟਿਆ * ਇਸ ਸਮੇਂ ਦੁਆਬੇ ਦਾ
ਲਾਕਾ ਇਕ ਕਿਸਮ ਦਾ ਜੰਗੀ ਮੈਦਾਨ ਬਣਾਇਆ ਗਿਆ, ਇਸੇ
ਕੇ ਮਾਹ ਜੂਨ ਵਿਚ ਸ਼ਹੀਦ ਬਾਬੂ ਸਿੰਘ ਜੀ ਨਧੜਕ, ਦੋ ਸਾਥੀਆਂ
ਹਿਤ ਇਲਾਕਾ ਮਾਲਵੇ ਨੂੰ ਕਿਸੇ ਜ਼ਰੂਰ ਕੰਮ ਲਈ ਚਲੇ ਗਏ ਪਰੰਤੂ
ਤ ਕਰਤਾਰ ਸਿੰਘ (ਤੇਲੀ) ਜਿਸ ਦਾ ਥੋੜਾ ਜ਼ਿਕਰ ਕਿਸੇ ਹੋਰ ਥਾਂ ਕਰ
ਾਇਆ ਹਾਂ ਸਰਕਾਰੀ ਮੁਖਬਰ ਕੌਮ ਤੇ ਈਮਾਨ ਨੂੰ ਤਲਾਂਜਲੀ ਦੇ ਕੇ
ਛੇ ਲਗਾ ਹੋਇਆ ਸੀ, ਅਤੇ ਪੁਲੀਸ ਪੰਜਾਬੀ ਚਿਟੇ ਕਪੜਿਆਂ ਨਾਲ
ੀ ਜਦ ਬਾਬੂ ਜੀ ਬਰਨਾਲੇ ਤੋਂ ਗਡੀ ਪਰ ਸਵਾਰ ਹੋਕੇ ਤਪੇ ਸ਼ਟੇਸ਼ਨ

---

* ਸ਼੍ਰੋਮਣੀ ਗੁਰ. ਦੁ. ਪ੍ਰ ਕ: ਨੇ ਦੁਆਬੇ ਦੀਆਂ ਦੁਖ ਭਰੀਆਂ
ਾਹੀਂ ਸੁਨ ਕੇ ਇਕ ਪੜਤਾਲੀਆ ਕਮੇਟੀ ਬਣਾਈ ਜੋ ਦੋਆਬੇ ਵਿਚ
ਚੁਕੇ ਤੇ ਹੋਰਹੇ ਜ਼ੁਲਮਾਂ ਦੀ ਪੜਤਾਲ ਕਰਕੇ ਸ਼੍ਰੋਮਣੀ ਗ. ਦੁ. ਪ੍ਰ ਕ.
ਰੀਪੋਟ ਦੇਵੇ ਉਸ ਦੇ ਮੈਂਬਰ ਇਹ ਸਨ। ਸ੍ਰ. ਮਾਨ ਸਿੰਘ ਜੀ ਵਕੀਲ
. ਸੰਗਤ ਸਿੰਘ ਜੀ ਲਾਇਲਪੁਰ ਸ੍ਰ: ਗੁਰਚਰਨ ਸਿੰਘ ਜੀ ਸਕਤ੍ਰ
ਮ ਗੁਪ ਕੁ, ਪਰ ਏਹ ਕਮੇਟੀ ਚਾਰ ਮਹੀਨੇ ਤਕ ਨਾ ਪੁਜੀ, ਤੇ ਫਿਰ
ਕਤ ਸ਼੍ਰੋਮਣੀ ਗੁ. ਦੁ ਪ੍ਰ ਕੇ. ਨੇ ਦੂਜੀ ਕਮੇਟੀ ਦਆਬੇ ਭੇਜੀ ਜਿਸ ਵਿਚ
: ਸਰਮੁਖ ਸਿੰਘ ਜੀ ਝਬਾਲ ਸ੍ਰ: ਗੁਪਾਲ ਸਿੰਘ ਜੀ ਕੌਮੀ ਬੀ. ਏ.
ਾਦ ਉਕਤ ਕਮੇਟੀ ੧੦ ਸਤੰਬਰ ੧੯੨੩ ਨੂੰ ਕੁਮਿਸ਼ਨਰ ਜਾਲੰਧਰ
ੀ ਆਗਿਆ ਨਾਲ ਡਿਪਟੀ ਕਮਿਸ਼ਨਰ ਨੂੰ ਇਤਲਾਹ ਦੇ ਕੋਟਪਤੂਹੀ
ਜੇ ਪਰ ਨਾਲ ਹੀ ਪੁਲਸ ਲੋਕਾਂ ਨੂੰ ਮੁਕਰੌਣ ਵਾਸਤੇ ਗਈ ਮਗਰ
ਕਾਂ ਨੇ ਨਿਰਭੈਤਾ ਨਾਲ ਬਿਆਨ ਦਿਤੇ, ਇਥੋਂ ਮੋਰਾਂ ਵਾਲੀ ਗਏ,
ਕਰ ਸ਼ਾਹੀ ਕਦ ਸਹਿ ਸਕਦੀ ਸੀ ਕਿ ਉਸ ਦੇ ਜ਼ੁਲਮ ਪ੍ਰਗਟ ਹੋਣ
੩-੯-੨੩ ਨੂੰ ਜਸੋਵਾਲ ਤੋਂ ਕਮੇਟੀ ਫੜਕੇ ਦੋ ਦੋ ਸਾਲ ਕੈਦ ਕਰ
ਦਤੀ।

ਪੁਜੇ ਤੇ ਆਪ ਬੇਫਿਕਰ ਹੋ ਕੇ ਸੌਂ ਰਹੇ ਸਨ ਤਦ 'ਕੇਲ ਕਰੇਂਦੇ ਹੰਝ ਨੂੰ ਅਚਿੰਤੇ ਬਾਜ ਪਏ' ਦੇ ਗੁਰਵਾਕ ਅਨੁਸਾਰ ਆਪ ਸੁਤੇ ਪਏ ਹੀ ਕਰਤਾਰ ਸਿੰਘ ਦੀ ਬੇਈਮਾਨੀ ਨਾਲ੨੦-੬-੨੩ ਨੂੰ ਗ੍ਰਿਫਤਾਰ ਹੋਕੇ ਜ਼ਾਲਮ ਦੇ ਪਿੰਜਰੇ ਪੈ ਗਏ।

ਝੋਲੀ ਚੁਕ ਵਿਸ਼ਨ ਸਿੰਘ ਸਾਂਦੂਰਾ ਨੰ੧੧

ਏਹ ਆਦਮੀ ਵਡੀ ਦੇਰ ਤੋਂ ਸ੍ਰਕਾਰ ਦੀ ਝੋਲੀ ਚੁਕਦਾ ਹੋਇਆ ਦੇਸ਼ ਘਾਤ ਕਰ ਰਿਹਾ ਸੀ ਅਕਾਲੀਆਂ ਵਰੁਧ ਰਜ ਰਜ ਕੇ ਡਾਰੀਆਂ ਤੇ ਗਵਾਹੀਆਂ ਦਿੰਦਾ ਸੀ, ਅਤੇ ਬ. ਅਕਾਲੀਆਂ ਦੀ ਗਿਰਫਤਾਰੀ ਕਰੋਨ ਹਿਤ ਸਪੈਸਲ ਕੰਸਟੇਬਲਾਂ ਵਿਚ ਭਰਤੀ ਭੀ ਹੋਗਿਆ ਸੀ, ਦਿਨ ਰਾਤ ਇਸ ਦਾ ਪੇਸ਼ਾ ਹੀ ਦੇਸ ਕੌਮ ਦਾ ਘਾਤ ਕਰਨਾ ਸੀ ਪਰ ਇਸ ਦੇ ਪਾਪ ਦਾ ਫਲ ਚਖੌਣ ਵਾਲੇ ਭੀ ਸ੍ਰੀ: ਦਸਮੇਸ਼ ਜੀ ਨੇ ਭੇਜ ਦਿਤੇ ੧੯ ਜੁਲਾਈ ੧੯੨੩ ਨੂੰ ਇਸ ਦੇ ਘਰ ਰਾਤ ਵੇਲੇ ਸ਼ਹੀਦ ਭਾ. ਬੰਤਾ ਸਿੰਘ ਜੀ ਧਾਮੀਆਂ ਕਲਾਂ ਸ਼ਹੀਦ ਭੁਝੰਗੀ ਦਲੀਪ ਸਿੰਘ ਜੀ ਧਾਮੀਆਂ ਕਲਾਂ ਸ਼ਹੀਦ ਭਾ: ਵਰਿਆਮ ਸਿੰਘ ਧੁਗਾ ਪੁਜ ਪਾਏ ਅਤੇ ਤਲਵਾਰ ਦੇ ਕ੍ਰਾਰੇ ਵਾਰ ਇਸ ਉਤੇ ਕੀਤੇ ਗਏ ਲੇਕਨ ਅਜ ਰਬ ਨੂੰ ਮਨਜ਼ੂਰ ਨਹੀਂ ਸੀ ਕਿ ਏਹ ਪਾਪਾਂ ਤੋਂ,ਧਰਮੀ ਬੰਦੇ ਇਸ ਦੇ ਜ਼ੁਲਮ ਤੋਂ ਬਚ ਜਾਣ, ਇਸ ਲਈ ਇਸ ਪਾਪੀ ਦਾ ਭੌਰ ਫਹਾਰ ਨਾ ਹੋਇਆ ਬ: ਅਕਾਲੀ ਤਾਂ ਆਪਣ ਵਲੋਂ ਇਸ ਦਾ ਤਮਾਮ ਕੰਮ ਕਰ ਚੁਕੇ ਸਨ ਪਰ ਡਾਕਟਰ ਸੰਤ ਰਾਮ (ਸਾਂਦੂਰਾ) ਦੇ ਵੇਲੇ ਸਿਰ ਪੁਜਕੇ, ਜ਼ਖਮ ਸੀ ਦੇਣ ਦੇ ਕਾਰਨ ਇਸ ਦੀ ਪਾਪਣ ਜਿੰਦੜੀ ਬਚ ਗਈ, ਤੇ ਫੇਰ ਭੀ ਉਹ ਬਚਕੇ ਝੋਲੀ ਚੁਕਦਾ ਰਿਹਾ

ਝੋਲੀਚੁਕ ਜਵਾਲਾ ਸਿੰਘ ਕੋਟਲੀ ਬਾਵਾ ਦਾਸ ਨ: ੧੨।

ਏਹ ਇਕ ਚੋਣਵਾ ਝੋਲੀ ਚੁਕ ਸੀ ਦਿਨੋਂ ਦਿਨ ਇਸ ਪਾਸੇ ਤਰੱਕੀ ਹੀ ਕਰੀ ਗਿਆ ਬ. ਅਕਾਲੀਆਂ ਨੂੰ ਫੜੌਣ ਹਿਤ ਤੇ ਬਾਕੀ ਦੇਸ਼

ਭਗਤਾਂ ਵਰੁਧ ਡਾਇਰੀਆਂ ਤੇ ਗਵਾਹੀਆਂ ਦੇਣ ਵਲ ਰਜੂ ਹੋਇਆ ਰਿਹਾ ਯੋਗ ਢੰਗ ਦੁਆਰਾ ਨਾ ਸਮਝਿਆ ਤੇ ੨੯-੭-੨੩ ਨੂੰ ਸ਼ਹੀਦ ਭ. ਬੰਤਾ ਸਿੰਘ ਜੀ ਧਾਮੀਆਂ ਕਲਾਂ ਸ਼ਹੀਦ ਭ. ਵਰਿਆਮ ਸਿੰਘ ਜੀ ਧੁਗਾ, ਸ਼ਹੀਦ ਭਾ. ਜੁਵਾਲਾ ਸਿੰਘ ਜੀ ਫਤਹਪੁਰ, ਕੋਠੀ ਪਹੁੰਚ ਪਏ ਤੇ ਚੁਬਾਰੇ ਵਿਚੋਂ ਜਾ ਉਠਾਲਿਆ ਸਮਾਂ ਵਿਚਾਰ ਕੇ ਬਬਰ ਅਕਾਲੀ ਸ਼ੇਰ ਮਰਦ ਨਾਲ ਹੀ ਲੈ ਗਏ ਪਿੰਡੋਂ ਬਾਹਰ ਜਾਕੇ ਇਸ ਪਾਪੀ ਦਾ ਕਤਲ ਦੁਆਰਾ ਸੁਧਾਰ ਕਰਕੇ ਪਾਪਾਂ ਤੋਂ ਛੁਡਾਇਆ।

'ਚਾਰ ਬਬਰ ਅਕਾਲੀਆਂ ਦੀ ਸ਼ਹੀਦੀ'

ਦੋ.	ਦੀਨ ਦਿਆਲ ਕਿਰਪਾਲ ਪ੍ਰਭ ਪੂਰਨ ਪੁਰਖ ਅਕਾਲ
ਅਦਿ ਜੁਗਾਦੀ ਜਲ ਥਲੀਂ ਰਿਹਾ ਸ੍ਰਿਸਟ ਕੋ ਪਾਲ

ਦੋ.	ਸਤਿ ਗੁਰ ਨਾਨਕ ਦੇਵ ਦੇ ਧਰੋਂ ਚਰਨ ਪਰ ਮਾਥੇ।
ਦਾਨ ਮੰਗੋਂ ਕਲਿਆਨ ਹਿਤ ਧਰੋ ਸੀਸ ਪਰ ਹਾਥ।

ਦੋ.	ਕਰਮ ਸਿੰਘ ਦੌਲਤ ਪੁਰੀ ਬਬਰਾਂ ਦਾ ਸਰਦਾਰ
ਕਥਾ ਕਹੂੰ ਤਬ ਉਸ ਦੀ ਬਖਸ਼ੋ ਬੁਧ ਮੁਰਾਰ।

ਬਬਰ ਅਕਾਲੀ ਵਾਲੀ ਲਹਿਰ ਸੀ ਨਰਾਲੀ, ਚਾਲੀ ਪਾਈ ਸੀ ਭੁਚਾਲੀ ਕੇਹਰ ਵਾਂਗ ਭਬਕਾਰ ਕੇ।

ਕਰਮ ਸਿੰਘ ਸ਼ੇਰ ਹੈਸੀ ਵਡਾ ਏਹ ਦਲੇਰ ਕੀਤੇ ਦੁਸ਼ਮਣ ਜ਼ੇਰ ਵਡੇ ਹੌਸਲੇ ਨੂੰ ਧਾਰਕੇ।

ਦੇਸ਼ ਘਾਤਕਾਂ ਖਪਾਇਆ ਬਿਨਾ ਦੋਸ਼ ਨਾ ਸਤਾਇਆ ਮਾਰੇ ਅਸੀਂ ਹੈ ਅਲਾਇਆ ਇੰਝ ਕਹਿੰਦੇ ਸੀ ਵੰਗਾਰਕੇ।

ਦਸੀਂ ਹੋਇਆ ਜਿਉਂ ਸ਼ਹੀਦ ਪਾਇਆ ਗੁਰਾਂ ਵਾਲਾ ਦੀਦ ਅੰਤ ਲਈ ਹੈ ਰਸੀਦ ਗੁਰ ਪੁਰੀ ਨੂੰ ਸਧਾਰ ਕੇ।

ਸਿਰ ਰਖਕੇ ਹਥੇਲੀ ਪਿੰਡ ਗਏ ਸੀ ਬਬੇਲੀ,
ਬੜੇ ਇਕ ਜਾ ਹਵੇਲੀ ਚੌਹਾਂ ਸਾਥੀਆਂ ਦੇ ਨਾਲ ਜੀ।
ਨਾਮ ਜਿਸ ਦਾ ਅਨੂਪਾ ਵਿਚੋਂ ਹੋਇਆ ਉਹ ਕਸੂਤਾ,
ਹੈਸੀ ਬੋਘੇ ਦਾ ਭਤੀਜਾ ਲਾਂਭ ਹੋਇਆ ਭੇਤ ਭਾਲ ਜੀ।
ਚੋਰੀਂ ਭੰਨ ਹਥਿਆਰ ਦਸ ਸਿੰਘਣੀ ਬੀਮਾਰ,
ਵਿਚ ਗਿਆ ਸਰਕਾਰ ਬੇਈਮਾਨ ਖੇਡ ਚਾਲ ਸੀ।

ਜਾ ਸੁਮਿਥ ਨੂੰ ਲਿਆ ਘੇਰਾ ਪਿੰਡ ਨੂੰ ਪਵਾਇਆ ਸੁਤੇ ਸ਼ੇਰਾਂ ਨੂੰ ਜਗਾਇਆ ਚਾਰ ਬਜੇ ਸੁਬਾ ਨਾਲ ਜੀ।

ਪਿੰਡ ਨੂੰ ਘੇਰਾ ਪਿਆ ਵੇਖ ਬਬਰ ਜੀ ਨੇ ਸਾਥੀਆਂ ਨੂੰ ਆਖਣਾ।

ਜਦੋਂ ਪੁਲਸ ਨੇ ਘਤਿਆ ਆਣ ਘੇਰਾ,
ਜਥੇਦਾਰ ਨੇ ਹੁਕਮ ਸੁਣਾ ਦਿਤਾ।
ਜਦੋਂ ਪਿੰਡ ਤੋਂ ਨਿਕਲ ਕੇ ਬਾਹਰ ਬਾਹਰ,
ਕਰੋ ਆਪਣਾ ਵਾਰ ਜਤਾ ਦਿਤਾ।
ਜਿਸ ਵਕਤ ਨੂੰ ਅਸੀਂ ਉਡੀਕਦੇ ਸਾਂ,
ਓਹੀ ਰਬ ਨੇ ਅਜ ਲਿਆ ਦਿਤਾ।
ਲੁਕਣਾ ਭਜਣਾ ਕੰਮ ਹੈ ਗੀਦੀਆਂ ਦਾ,
ਮਰਨਾ ਸਾਹਮਣੇ ਸ਼ੇਰ ਅਲਾ ਦਿਤਾ।
ਮਰੋ ਆਪ ਜਾਂ ਮਾਰ ਲੌ ਵੈਰੀਆਂ ਨੂੰ,
ਸਿੰਘ ਹੌਸਲਾ ਆਖ ਬਨਾ ਦਿਤਾ।
ਭਾਵੇਂ ਘੋੜ ਸਵਾਰ ਤੇ ਪਲਟਣਾ ਸੀ,
ਨਾਹੀਂ ਸ਼ੇਰਾਂ ਨੇ ਹੌਸਲਾ ਡਾਹ ਦਿਤਾ।
ਅਖੀਂ ਲਾਲ ਹੋਈਆਂ ਭੁਜਾਂ ਫਰਕ ਪਈਆਂ,
ਰੰਗ ਚੇਹਰਿਆਂ ਹੋਰ ਵਟਾ ਦਿਤਾ।

ਸੌਂਹੇ ਮੌਤ ਨੂੰ ਵੇਖ ਗੁਰਬਚਨ ਸਿੰਘਾ,
ਕਦਮ ਪੁਲਸ ਦੇ ਵਲ ਉਠਾ ਦਿਤਾ।

ਭਾ. ਉਦੇ ਸਿੰਘ ਜੀ ਨੇ ਬਬਰ ਜੀ ਨੂੰ ਆਖਣਾ ਕਿ ਤੁਸੀ ਜਾਨ ਬਚਾਕੇ ਨਿਕਲ ਜਾਵੋ

ਉਦੇ ਸਿੰਘ ਨੇ ਆਖਿਆ ਬਬਰ ਤਾਈਂ,
ਅਗੇ ਤੁਸਾਂ ਮੈਂ ਅਰਜ਼ ਗੁਜ਼ਾਰ ਦਾ ਹਾਂ।
ਅਗੇ ਪੁਲਸ ਨੇ ਵਾਰ ਜ਼ਰੂਰ ਕਰਨਾ,
ਦਿਲ ਆਪਣੇ ਵਿਚ ਵਿਚਾਰਦਾ ਹਾਂ।
ਤੁਸੀਂ ਜਾਨ ਬਚਾ ਕੇ ਨਿਕਲ ਜਾਵੋ,
ਜਾਕੇ ਪੁਲਸ ਨੂੰ ਮੈਂ ਵੰਗਾਰਦਾ ਹਾਂ।
ਜੇਕਰ ਤੁਸੀਂ ਭੀ ਨਾਲ ਸ਼ਹੀਦ ਹੋਗਏ,
ਕੰਮ ਜਾਊ ਖਲੋ, ਉਚਾਰਦਾ ਹਾਂ।

'ਬਬਰ, ਜੀ ਦਾ ਜਵਾਬ ਭਾ ਉਦੇ ਸਿੰਘ ਨੂੰ

ਜੇ ਮੈਂ ਜਾਨ ਬਚਾਕੇ ਨਿਕਲ ਜਾਵਾਂ,
ਮੇਰੀ ਗਲ ਦਾ ਆਪ ਧਿਆਨ ਕਰਨਾ।
ਸਾਥੀ ਨਾਲ ਦੇ ਅਜ ਮੁਰਵਾ ਜਾਵਾਂ,
ਮੇਰਾ ਫੇਰ ਨ ਕਿਸੇ ਇਤਬਾਰ ਕਰਨਾ।
ਦਾਗ ਬਬਰ ਦੇ ਨਾਮ ਨੂੰ ਲਗ ਜਾਊ,
ਵੇਲੇ ਅੰਤ ਦੇ ਫੇਰ ਜ਼ਰੂਰ ਮਰਨਾ।
ਤਾਨ੍ਹਾ ਮਾਰਕੇ ਲੋਕ ਬਦਨਾਮ ਕਰਸਨ,
ਲੁਕ ਜਾਣ ਦਾ ਮੈਂ ਨਹੀਂ ਨਾਮ ਧਰਨਾ
ਲੋਕੀਂ ਕਹਿਣਗੇ ਜਾਨ ਬਚਾ ਨਸਾ,
ਮੇਰੇ ਪਾਸੋਂ ਏਹ ਬੋਲੀ ਨਹੀ ਮੂਲ ਜਰਨਾ

ਜਿਨ੍ਹਾਂ ਹੁਕਮ ਸੀ ਉਨਾ ਕਰਵਾਲਿਆ ਏ,
ਅਜ ਹੋਣਾ ਸ਼ਹੀਦ ਨਹੀ ਮੂਲ ਡਰਨਾ
ਪਰਚਾ ਪਿਆ ਹੈ ਅਜ ਪਰਖਣੇ ਦਾ,
ਬਾਜੀ ਜਿਤ ਜਾਵਾਂ ਨਾਮੈਂ ਮੂਲ ਹਰਨਾ
ਅਸਾਂ ਦੇਸ ਤੋਂ ਜਾਨ ਕੁਰਬਾਨ ਕਰਨੀ,
ਇਨ੍ਹਾਂ ਪਾਜੀਆਂ ਤੋਂ ਨਹੀਂ ਅਸਾਂ ਡਰਨਾ
ਪਰੱਨ ਅਸਾਂ ਦਾ ਤੋੜ ਨਿਭਾ ਦੇਵੇ,
ਮੈਂ ਏਹ ਬੇਨਤੀ ਗੁਰਾਂ ਦੇ ਪਾਸ ਕਰਨਾ
ਚੰਦ ਰੋਜ਼ ਦੀ ਜ਼ਿੰਦਗੀ ਵਾਂਗ ਸੁਪਣੇ,
ਓੜਕ ਅਜ ਯਾ ਕਲ ਜ਼ਰੂਰ ਮਰਨਾ
ਸੀਸ ਰਖਿਆ ਜਿਨ੍ਹਾਂ ਹਥੇਲੀਆਂ ਤੇ,
ਉਨਾ ਮੌਤ ਕੋਲੋਂ ਫੇਰ ਕਿਉਂ ਡਰਨਾ
ਹੁਣ ਹੋ ਤੀਆਰ ਗੁਰਬਚਨ ਸਿੰਘਾ,
ਸੀਸ ਰਖ ਕੇ ਗੁਰਾਂ ਦੇ ਵਿਚ ਚਰਨਾਂ
ਮਰਨਾ ਮਾਰਨਾ ਕੰਮ ਬਹਾਦਰਾਂ ਦਾ,
ਅਤੇਭਜਨਾ ਕੰਮ ਹੈ ਗੀਦੀਆਂ ਦਾ।
ਅਸਾਂ ਦੁਸ਼ਮਣਾ ਨਾਲ ਦੋ ਹਥ ਕਰਨੇ,
ਵਕਤ ਆਗਿਆ ਅਜ ਸ਼ਹੀਦੀਆਂ ਦਾ

'ਬਬਰ' ਜੀ ਦਾ ਹੁਕਮ ਸੁਣਕੇ ਤਿਆਰ ਹੋਣਾ

ਪਹਿਲੇ ਸੋਧ ਅਰਦਾਸ ਅਕਾਲ ਅਗੇ,
ਅਗੇ ਸਤਿਗੁਰਾਂ ਸੀਸ ਨਿਵਾਇਆ ਜੇ
ਸ਼ਸਤਰ ਪਹਿਨਕੇ ਤੀਆਰ ਬ੍ਰਤੀਆਰ ਹੋਏ,
ਹੋਰ ਸਭ ਸਾਮਾਨ ਤਜਾਇਆ ਜੇ
ਸਤਿ ਸ੍ਰੀ ਅਕਾਲ ੨ ਕਹਿਕੇ,
ਕਦਮ ਪਿੰਡ ਤੋਂ ਬਾਹਰ ਟਕਾਇਆ ਜੇ

ਨਜ਼ਰ ਮਾਰਕੇ ਤਕਦੇ ਚੌਂਹ ਪਾਸੀਂ,
ਅੰਤ ਪਲਟਣਾ ਨਹੀਂ ਅਲਾਇਆ ਜੇ
ਇਧਰ ਚਾਰ ਤੇ ਕਈ ਹਜ਼ਾਰ ਉਧਰ,
ਮਥਾ ਹੌਸਲੇ ਨਾਲ ਜਾ ਡਾਹਿਆ ਜੇ
ਸਿੰਘਾਂ, ਸਿੰਘ ਵਾਲੀ ਭਵਕਾਰ ਮਾਰੀ,
ਮਿਰਗ ਡਾਰ ਪੋਲੀਸ ਭਜਾਇਆ ਜੇ
ਚਿੜੀ ਬਾਜ਼ ਨੂੰ ਵੇਖ ਜਿਉਂ ਗੁਮ ਹੁੰਦੀ,
ਇੰਞ ਵੇਖ ਸੁਮਿਥ ਘਬਰਾਇਆ ਜੇ
ਉਡੇ ਹੋਸ਼ ਤੇ ਹੋਗਿਆ ਜ਼ਰਦ ਚੇਹਰਾ,
ਮਾਰੇ ਡਰ ਦੇ ਥਰ ਥਰਾਇਆ ਜੇ
ਝਟ ਪੁਲਸ ਪਰ ਪਿਛਾਂ ਹਟਾ ਦਿਤੀ,
ਦਿਉ ਰਸਤਾ ਸਾਹਬ ਸੁਣਾਇਆ ਜੇ
ਕੜਾਕੋਸਦਾ ਸਾਹਬ ਗੁਰਬਚਨ ਸਿੰਘਾ,
ਰਬ ਕਹਿਰ ਦਾ ਦਿਨ ਚੜਾਇਆ ਜੇ

ਸੁਮਿਥ ਸਾਹਿਬ ਨੇ 'ਬਬਰ' ਜੀ ਨੂੰ ਹਥਿਆਰ ਸਿਟਣ ਵਾਸਤੇ ਆਖਣਾ।

ਦੂਰੋਂ ਸਾਹਿਬ ਨੇ ਆਖਿਆ ਕਰਮ ਸਿੰਘਾ,
ਤੁਸੀਂ। ਛਡ ਦੇਵੋ ਤਕਰਾਰ ਬਾਬਾ।
ਹੁਣ ਤੁਸਾਂ ਦਾ ਜ਼ੋਰ ਕੀ ਨਾਲ ਸਾਡੇ,
ਤੁਮ ਚਾਰ ਹਮ ਬੇਸ਼ੁਮਾਰ ਬਾਬਾ
ਨਾਲ ਡਾਢਿਆਂ ਜ਼ੋਰ ਕੀ ਤੁਸਾਂ ਦਾ ਏ,
ਘੜੇ ਵਟੇ ਦਾ ਵੈਰ ਵਿਚਾਰ ਬਾਬਾ।
ਐਵੇਂ ਆਪਣੀ ਜਾਨ ਗਵਾਉ ਨਾਹੀਂ,
ਤੁਸੀਂ ਹੋ ਜਾਵੋ ਗ੍ਰਿਫਤਾਰ ਬਾਬਾ।

ਫਾਇਰ ਤੁਸਾਂ ਤੇ ਅਸੀਂ ਨਹੀਂ ਮੂਲ ਕਰਦੇ
ਸਿਟ ਦਿਉ ਜੇ ਤੁਸੀਂ ਹਥਿਆਰ ਬਾਬਾ।
ਲਓ ਜਾਨ ਬਚਾ ਗੁਰਬਚਨ ਸਿੰਘਾ,
ਮੇਰੀ ਗਲ ਤੇ ਕਰੋ ਇਤਬਾਰ ਬਾਬਾ।

ਬਬਰ ਜੀ ਦਾ ਸਮਿਥ ਨੂੰ ਜਵਾਬ

ਸਾਡੇ ਗੁਰਾਂ ਨੇ ਦੇਸ਼ ਤੇ ਕੌਮ ਬਦਲੇ
ਸੀਸ ਵਾਰਨਾ ਹੈ ਸਿਖਾ ਦਿਤਾ।
ਅਮ੍ਰਿਤ ਉਸ ਹੀ ਗੁਰੂ ਦਾ ਅਸੀਂ ਛਕਿਆ,
ਡਰ ਮੌਤ ਦਾ ਦਿਲੋਂ ਚੁਕਾ ਦਿਤਾ।
ਭਾਈ ਬੰਦ ਤੇ ਸਾਕ ਸੰਬੰਧੀਆਂ ਦਾ
ਕੂੜਾ ਜਾਣ ਕੇ ਮੋਹ ਤਜਾ ਦਿਤਾ।
ਅਸੀਂ ਸਿਖ ਹਾਂ ਸ੍ਰੀ ਦਸਮੇਸ਼ ਜੀ ਦੇ,
ਜਿਨਾ ਕਰ ਉਪਕਾਰ ਵਖਾ ਦਿਤਾ।
ਸਵਾ ਲਖ ਦੇ ਨਾਲ ਲੜਾ ਕਲਾ,
ਵਿਚ ਕਿਲੇ ਚਮਕੌਰ ਵਖਾ ਦਿਤਾ।
ਜਦੋਂ ਤੀਕ ਪ੍ਰਾਣ ਹਥਿਆਰ ਨਾਹੀਂ,
ਅਸਾਂ ਸਟਣੇ ਸਾਫ ਸੁਣਾ ਦਿਤਾ।
ਅਸੀਂ ਜੀਉਣ ਦੀ ਆਸ ਚੁਕਾ ਬੈਠੇ,
ਗੁਰੂ ਚਰਨ ਮੈਂ ਚਿਤ ਲਗਾ ਦਿਤਾ।
ਉਹ ਨਹੀਂ ਜੰਗ ਤੋਂ ਡਰਨ ਗੁਰਬਚਨ ਸਿੰਘ,
ਜਿਨਾ ਤਲੀ ਤੇ ਸੀਸ ਟਕਾ ਦਿਤਾ।

ਬਬਰ ਜੀ ਨੇ ਫਾਇਰ ਦਾ ਇਸ਼ਾਰਾ ਕਰਨਾ

ਜਥੇਦਾਰ ਜੀ ਆਪਣੇ ਸਾਥੀਆਂ ਨੂੰ,
ਫੈਰ ਵਾਸਤੇ ਹਥ ਹਲਾਵੰਦੇ ਨੇ।

ਦੋਹਾਂ ਸ਼ਿਸਤ ਲੈ ਘੋੜੇ ਦਬਾ ਦਿਤੇ,
ਬਬਰ ਆਪਣਾ ਹਥ ਵਖਾਵੰਦੇ ਨੇ।
ਧਾੜ ਪੁਲਸ ਸੀ ਸਾਹਿਬ ਦੇ ਨਾਲ ਜੇਹੜੀ,
ਹਰਨ ਹੋਇਕੇ ਜਾਨ ਬਚਾਵੰਦੇ ਨੇ।
ਇਕ ਵਾਰ ਤਾਂ ਘੋੜ ਸਵਾਰ ਪਲਟਨ,
ਹਾਏ ਪਿਠ ਵਖਾ ਜਤਾਵੰਦੇ ਨੇ।
ਉਧਰ ਬਬਰ ਭੀ ਬਬਰ ਦੇ ਵਾਂਗ ਗਜੇ,
ਨਾਲੇ ਸ਼ਸਤ੍ਰਾਂ ਨੂੰ ਹਥ ਪਾਵੰਦੇ ਨੇ।
ਧੋਖਾ ਦਿਤਾ ਅਨੂਪਿਆ ਪਾਜੀਆ ਉਏ,
ਬੇਈਮਾਨ ਨੂੰ ਲਾਣਤਾਂ ਪਾਵੰਦੇ ਨੇ।
ਰਖ ਹੌਸਲਾ ਜਿਤ ਦਾ ਚਿਤ ਅੰਦਰ,
ਕਦਮ ਨਦੀ ਦੇ ਵਲ ਉਠਾਵੰਦੇ ਨੇ।
ਚੋਹਾਂ ਮਾਰੀਆਂ ਛਾਲਾਂ ਗੁਰਬਚਨ ਸਿੰਘ
ਪਾਰ ਜਾਣਦੀ ਬਣਤ ਬਣਾਵੰਦੇ ਨੇ।
ਬਈਮਾਨ ਅਨੂਪੇ ਦਾ ਪਤਾ ਹੁੰਦਾ,
ਪਹਿਲੋਂ ਉਸ ਦੀ ਅਲਖ ਮੁਕਾ ਦਿੰਦੇ।
ਆਏ ਹੌਸਲੇ ਨਾਲ ਜੋ ਪਕੜਨੇ ਨੂੰ,
ਉਨ੍ਹਾਂ ਤਾਈਂ ਇਨਾਮ ਦੁਆ ਦਿੰਦੇ।
ਹੁੰਦੇ ਕੋਮ ਜੇ ਅਜ ਹਥਿਆਰ ਸਾਡੇ,
ਮਾਰ ਮਾਰ ਕੇ ਧਰਤ ਲਟਾ ਦਿੰਦੇ।
ਰਹਿ ਗਈ ਦਿਲ ਦੀ ਦਿਲ ਗੁਰਬਚਨ ਸਿੰਘਾ
ਨਹੀਂ ਤੇ ਸਾਹਬ ਨੂੰ ਹਥ ਵਖਾ ਦਿੰਦੇ।

ਨਦੀ ਵਿਚ ਤਰਿਆਂ ਜਾਂਦਿਆਂ ਬਬਰ ਅਕਾਲੀਆਂ ਦੇ ਬਾਲੀ ਮਾਰੀ।

ਇਕ ਰਖ ਕੇ ਓਟ ਅਕਾਲ ਅਗੇ,
ਨਦੀ ਵਿਚ ਚਾਰੇ ਤਰੇ ਜਾਵੰਦੇ ਨੇ।

ਪਰਣ ਆਪਣਾ ਤੋੜ ਨਿਭੌਣ ਖਾਤ੍ਰ,
ਚਿਤ ਗੁਰਾਂ ਦੇ ਚਰਨ ਵਲ ਲਾਵੰਦੇ ਨੇ
ਵੇਖ ਤਰਦਿਆਂ ਸ਼ੇਰਾਂ ਨੂੰ ਫਤਹ ਹੋਰੀ,
ਮੁੜ ਫੇਰ ਪਿਛਾਂਹ ਨੂੰ ਆਵੰਦੇ ਨੇ।
ਉਧਰ ਸਾਹਿਬ ਨੇ ਗੋਲੀ ਦਾ ਹੁਕਮ ਦਿਤਾ,
ਜਦੋਂ ਵੇਖਿਆ ਹਥ ਚੋਂ ਜਾਵੰਦੇ ਨੇ।
ਝਟ ਸ਼ਿਸਤ ਲੈ ਪੁਲਸ ਨੇ ਮਾਰੀ ਬਾਲੀ,
ਇਕ ਮਿੰਟ ਭੀ ਦੇਰ ਨਾ ਲਾਵੰਦੇ ਨੇ।
ਦੋ ਖਾਇਕੇ ਜ਼ਖਮ ਭੀ ਪਾਰ ਹੋਏ,
ਦੋ ਨਦੀ ਦੀ ਗੋਦ ਸਮਾਵੰਦੇ ਨੇ।
ਉਤੇ ਭੌਰ ਤੇ ਹੋਏ ਸ਼ਹੀਦ ਦੋਵੇਂ,
ਜਸ ਅਜ ਸੰਸਾਰ ਵਿਚ ਪਾਵੰਦੇ ਨੇ।
ਦਸੀਂ ਉਨ੍ਹਾਂ ਦਾ ਹਾਲ ਗੁਰਬਚਨ ਸਿੰਘਾ
ਜੇਹੜੇ ਨਦੀ ਤੋਂ ਪਾਰ ਹੋ ਜਾਵੰਦੇ ਨੇ

ਜਵਾਬ

ਸੂਰਬੀਰ ਬਬਰ ਬਿਸ਼ਨ ਸਿੰਘ ਦੋਵੇਂ,
ਘਾਇਲ ਹੋ ਭੀ ਨਦੀਂ ਤੋਂ ਪਾਰ ਹੋਏ।
ਪਰ ਰੋਕ ਲਏ ਅਗੋਂ ਦੁਸ਼ਮਣਾ ਨੇ
ਖੜੇ ਪਹਿਲੇ ਜੋ ਘੋੜ ਸਵਾਰ ਹੋਏ।
ਫੌਜ ਦਾਰ ਨੇ ਆਖਿਆ ਕਰਮ ਸਿੰਘਾ,
ਆਜਾ ਅਜੇ ਭੀ ਬੇ ਹਥਿਆਰ ਹੋਏ।
ਐਵੇਂ ਮਰੋ ਨਾ ਤੁਸੀਂ ਗੁਰਬਚਨ ਸਿੰਘਾ
ਜਾਨ ਬਚ ਦੂਜੇ ਗ੍ਰਿਫਤਾਰ ਹੋਏ।

ਸਵਾਲ

ਜਥੇਦਾਰ ਨੇ ਅਗੋਂ ਜਵਾਬ ਦਿਤਾ,
ਅਸੀਂ ਦੋ ਹਾਂ, ਤੁਸੀਂ ਹਜ਼ਾਰ ਪਾਜ਼ੀ।

ਸਾਡੀ ਰੂਹ ਅਜ਼ਾਦ ਤੇ ਭੈ ਕਾਹਦਾ,
ਤੁਸੀਂ ਹੋ ਗੁਲਾਮ ਗਦਾਰ ਪਾਜੀ।
ਪਲੇ ਤੁਸਾਂ ਦੇ ਏਹ ਇਨਾਮ ਪੌਣਾ,
ਕਾੜ ੨ ਗੋਲੀ ਬੇਸ਼ਮਾਰ ਪਾਜੀ।
ਅਸੀਂ ਆਪਣੀ ਭੁਜਾਂ ਦਾ ਤਾਣ ਲੌਣਾ,
ਤੁਸੀਂ ਅਪਣੇਂ ਲਓ ਕਰ ਵਾਰ ਪਾਜੀ।
ਬਬਰ ਲੜਕੇ ਹੋ ਸ਼ਹੀਦ ਗਿਆ,
ਗੋਲੀ ਕੰਡ ਤੋਂ ਦਿਤੀ ਕਿਸੇ ਮਾਰ ਪਾਜੀ
ਮਾਰੀ ਉਸ ਕਢ ਮਿਆਨ ਵਿਚੋਂ,
ਡਿਗਾ ਖਾ ਕਟਾਰ ਗਦਾਰ ਪਾਜੀ।
ਹੋਏ ਸਿੰਘ ਸ਼ਹੀਦ ਗੁਰਦਚਨ ਸਿੰਘਾ,
ਕੀਤੀ ਜ਼ਾਲਮਾਂ ਆਪਣੀ ਕਾਰ ਪਾਜੀ।

ਚਾਰ ਬਬਰ ਅਕਾਲੀ ਸ਼ਹੀਦ

ਸ਼ਹੀਦ ਭਾ: ਕਰਮ ਸਿੰਘ ਜੀ ਬਬਰ ਦੌਲਤ ਪੁਰ ਸ਼ਹੀਦ ਭਾ: ਉਦੇ ਸਿੰਘ ਜੀ ਰਾਮ ਗੜ੍ਹ ਝੁੰਗੀਆਂ ਸ਼ਹੀਦ ਭਾ. ਬਿਸ਼ਨ ਸਿੰਘ ਜੀ ਮਾਂਗਟ ਸ਼ਹੀਦ ਭਾ: ਮਹਿੰਦਰ ਸਿੰਘ ਜੀ ਪੰਡੋਰੀ ਗੰਗਾ ਸਿੰਘ ਜੀ ਹੁਸ਼ਿਆਰਪੁਰ ਦੀ ਸ਼ਹੀਦੀ ਦਾ ਸੰਖੇਪ ਹਾਲ ਹੇਠ ਲਿਖੇ ਅਨੁਸਾਰ ਹੈ, * ਅਨੂਪ ਸਿੰਹ ਮਾਣਕੋ (ਜ਼ਾਲੰਧਰ) ਜੋ ਮਈ ੧੯੨੩ ਨੂੰ ਬਬਰ ਅਕਾਲੀਆਂ ਨਾਲ ਸਰਕਾਰੀ ਚਾਟੜਾ ਬਣਕੇ ਰਲਿਆ ਸੀ ਉਹ ਆਪਣੇ

---

* ਅਨੂਪ ਸਿੰਹ ਗਦਾਰ ਨੂੰ ੧੫ ਹਾੜ ਸਨ ੩੬ ਨੂੰ ਭਾਈ ਕਰਤਾ ਸਿੰਘ ਜੀ ਕਿਰਤੀ ਚਕ ਬਾਗੜੀਆਂ (ਜਲੰਧਰ) ਭਾ: ਉਜਾਗਰ ਸਿੰਘ ਜੀ ਪਨਿਆਲੀ ਤੇ ਭਾ. ਗੁਰਦਿਤ ਸਿੰਘ ਜੀ ਮੰਢਾਲੀ ਨੇ ਕਤਲ ਕੀਤਾ ਭਾ. ਉਜਾਗਰ ਸਿੰਘ ਜੀ ਪਨਿਆਲੀ (ਹੁਸ਼ਿਆਰਪੁਰ) ਮੁਕਦਮੇਂ ਵਿਚੋਂ ਬਰੀ ਹੋ ਗਏ ਤੇ ਕਰਮ ਸਿੰਘ ਜੀ ਸ਼ਹੀਦ ਜੀ ਨੂੰ ੧੦ ਅਗਸਤ ੩੮ ਨੂੰ ਫਾਂਸੀ ਦੀ ਸਜ਼ਾ ਦਿਤੀ ਗਈ ਭਾ: ਗੁਰਦਿਤ ਸਿੰਘ ਜੀ ਨੂੰ ... ...

ਪੁਲੀਸ ਦੇ ਬਿਆਨ ਵਿਚ ਪਰਗਟ ਕਰਦਾ ਹੈ, ਕਿ ੨੬ ਜੂਨ ੧੯੨੩ ਦੇ ਵਿਚ ਜਦੋਂ ਉਹ ਬਬਰ ਅਕਾਲੀਆਂ ਤੋਂ ਛੁਟੀ ਲੈ ਕੇ ਆਪਣੇ ਪਿੰਡ ਮਾਣਕੋ ਗਿਆ ਉਸ ਵੇਲੇ ਉਸ ਦੇ ਇੰਦਰ ਸਿੰਹ ਨੂੰ ਬੋਘ ਸਿੰਹ ਨੇ ਕਿਹਾ ਕਿ ਤੂੰ ਭਾ. ਕਰਮ ਸਿੰਘ ਬਬਤ ਭਾ. ਧੰਨਾ ਸਿੰਘ ਤੇ ਭਾ, ਉਦੇ ਸਿੰਘ ਆਦ ਬਬਰਾਂ ਨੂੰ ਗਿਫਤਾਰ ਕਰਾਂ ਦੇ ਫੇਰ ਤੈਨੂੰ ਵਹਿਦਾ ਮੁਆਫੀ ਤੇ ਉਨ੍ਹਾਂ ਦਾ ਇਨਾਮ ਮਿਲ ਜਾਵੇਗਾ ਪਰ ਅਨੂਪ ਸਿੰਹ ਨੇ ਕਿਹਾ ਕਿ ਪਹਿਲਾਂ ਤੁਸੀਂ ਕਿਸੇ ਪੋਲੀਸ ਦੇ ਵਡੇ ਅਫਸਰ ਤੋਂ ਏਹ ਦੋਵੇਂ ਗਲਾਂ ਲਖਾ ਲਿਆਵੋ ਕਿਤੇ ਧੋਖਾ ਨਾ ਹੋਵੇ ਤੇ ਆਪ ਬਬਰ ਦੇ ਨਾਲ ਇਕ੍ਰਾਰ ਮੂਜਬ ਨੀਯਤ ਥਾਂ ਜਾ ਰਲਿਆ ਬੋਘਾ (ਜੋ ਘਰਾਂ ਵਿਚੋਂ ਏਹਦਾ ਤਾਇਆ ਲਗਦਾ ਸੀ ਤੇ ਸਪੈਸ਼ਲ ਕੰਸਟੇਬਲ ਸੀ) ਅਤੇ ਇੰਦਰ ਸਿੰਹੁ ਅਨੂਪ ਸਿੰਹੁ ਦਾ ਪਿਉ ਅਬਦੁਲ ਅਜ਼ੀਜ਼ ਸੁਪਰੰਟੰਡੰਟ ਸੀ, ਆਈ ਡੀ ਤੇ ਰਾਟਨ ਸੁਪਰੰਟੰਡੰਟ ਪੋਲੀਸ ਹੁਸ਼ੀਆਰਪੁਰ ਤੋਂ ਲਖਾ ਲਿਆਏ; ਜਦ ਦੂਜੀ ਵੇਰ ਅਨੂਪ ਸਿੰਹੁ ਮਾਣਕੋ ਪੁਜਿਆ ਤਾਂ ਉਕਤ ਦੋਹਾਂ ਦੇਸ਼ ਘਾਤੀਆਂ ਤੇ ਬੋਘੇ ਦੇ ਪੁਤਰ ਜਸਵੰਤ ਸਿੰਹੁ ਨੇ ਆਖਿਆ ਕਿ ਕੰਮ ਪਕਾ ਹੋ ਚੁਕਾ ਹੈ, ਹੁਣ ਤੂੰ ਬਬਰਾਂ ਨੂੰ ਫੜਾਕੇ ਇਨਾਮ ਤੇ ਮੂਆਫੀ ਪ੍ਰਾਪਤ ਕਰਲੈ, ਅਤੇ ਪੋਲੀਸ ਅਫਸਰ ਨ ਏਹ ਭੀ ਆਖਿਆ ਹੈ ਕਿ ਉਮਰ ਭਰ ਚਾਰ ਪੁਲਸ ਦੇ ਸਪਾਹੀ ਭੀ ਤੁਹਾਡੀ ਹਫਾਜ਼ਤ ਲਈ ਮਿਲਣਗੇ ਏਹ ਫੈਸਲਾ ਕਰਕੇ ਅਨੂਪ ਸਿੰਹੁ ਨਰੂੜ ਪਿੰਡ ਬਬਰ ਅਕਾਲੀ ਜਥੇ ਨੂੰ ਜਾ ਮਿਲਿਆ ਤੇ ੩੧ ਅਗਸਤ ਨੂੰ ਅਨੂਪ ਸਿੰਹੁ ਸ਼ਹੀਦ ਭਾ. ਕਰਮ ਸਿੰਘ ਜੀ ਦੌਲਤ ਪੁਰ ਤੋਂ ਛੁਟੀ ਲੈਕੇ ਡਮੇਲੀ ਪਿੰਡ ਅਪਣੀ ਭੂਆ ਨੂੰ ਮਿਲਣ ਦੇ ਬਹਾਨੇ ਗਿਆ ਤੇ ਉਥੇ ਆਪਣੀ ਭੂਆ ਦੇ ਪੁਤਰ ਨਰੰਜਣ ਸਿੰਹੁ ਵਦਿ-ਆਰਥੀ ਵਲਦ ਦਲੀਪ ਸਿੰਹੁ ਦੇ ਰਾਹੀ ਬੋਘ ਸਿੰਹੁ ਦੇ ਛੋਟੇ ਲੜਕੇ ਕੇਵਲ ਸਿੰਘ ਨੂੰ ਮਾਣਕੋ ਤੋਂ ਬੁਲਾ ਕੇ ਸਾਰੀ ਗਲ ਦਸੀ ਕਿ ਕਲ ਅਸੀਂ ਪੰਜ ਬਬਰ ਅਕਾਲੀ ਮੇਹਰ ਸਿੰਘ ਅਕਾਲੀ ਬਬੇਲੀ ਵਾਲੇ ਦੇ ਘਰ ਰਹਾਂਗੇ ਬੋਘ ਸਿੰਹੁ ਨੂੰ ਖਬਰ ਕਰਕੇ ਕਿ ਉਥੇ ਕਲ ਰਸਾਲਾ ਲਿਆਕੇ ਸਾਨੂ ਗ੍ਰਿਤਾਰ ਕਰ ਲਓ, ਕੇਵਲ ਸਿੰਹੁ ਨੇ ਮਾਣਕੋ ਪਤਾ ਦਿਤਾ ਬੋਘਾ ਤੇ ਉਸ ਦਾ ਪੁਤਰ ਜਸਵੰਤ ਸਿੰਹੁ ਮਿਸਟਰ ਸੁਮਿਥ ਸਪਰੰਟੰਡੰਟ

ਕੋਲ ਪੂਜਾ, ਤੇ ਰਸਾਲੇ ਅਤੇ ਫੌਜ ਦੀ ਧਾੜ ਉਹ ਬਬੇਲੀ ਲੈ ਆਏ ਰਾਤੋ ਰਾਤ ਪਿੰਡ ਦੇ ਗਿਰਦ ਘੇਰਾ ਪਾਲਿਆ ਇਸ ਪਿੰਡ ਦੇ ਘਰ ਭੀ ੨੦ – ੨੪ ਹੀ ਹਨ ਇਧਰ ਤਾਂ ਏਹ ਪ੍ਰਬੰਧ ਹੋ ਗਿਆ ਉਧਰ ਅਨੂਪ ਸਿੰਹੁ ਸ਼ਹੀਦ ਭਾ, ਕਰਮ ਸਿੰਘ ਜੀ ਬਬਰ ਸ਼ਹੀਦ ਭਾ, ਉਦੇ ਸਿੰਘ ਜੀ ਰਾਮਗੜ੍ਹ ਨੂੰ ਗਿਆ ਸ਼ਹੀਦ ਭਾ, ਬਿਸਨ ਸਿੰਘ ਜੀ ਮੰਗਟ ਸ਼ਹੀਦ ਭਾ, ਮਹਿੰਦਰ ਸਿੰਘ ਜੀ ਪੰਡੋਰੀ ਗੰਗਾ ਸਿੰਘ ਨੂੰ ਨਾਲ ਲੈਕੇ ੩੧ ਅਗਸਤ ਦੇ ਤ੍ਰਕਾਲਾਂ ਵੇਲੇ ਅਪਣੇ ਇਕ ਰਿਸ਼ਤੇਦਾਰ ਸ਼ਿਵ ਸਿੰਘ ਦੇ ਘਰ ਲੈਗਿਆ ਆਪ ਪਖਾਨੇ ਦੇ ਬਹਾਨੇ ਉਥੋਂ ਜਾਕੇ ਮੇਹਰ ਸਿੰਘ ਦੇ ਖੂਹ ਉਤੇ ਰਿਹਾ ਜਦ ਦਿਨ ਚੜੇ ਬਬਰ ਅਕਾਲੀਆਂ ਨੂੰ ਪਤਾ ਲਗਾ ਕਿ ਰਸਾਲੇ ਫੌਜਾ ਦਾ ਘੇਰਾ ਪੈ ਚੁ ਾ ਹੈ, ਤਦੋਂ ਬਬਰ ਸੇਰਾਂ ਵਾਂਗ ਪਿੰਡ ਨਿਕਲਣ ਤੋਂ ਪਹਿਲਾਂ ਘਰ ਦਾ ਸਾ ਸੋਧ ਤੇ ਸਤਿ ਸ੍ਰੀ ਅਕਾਲ ਦਾ ਗੋਲੀ ਰੂਪੀ ਜੈਕਾਰਾ ਸਤਰੂਆਂ ਦੀ ਛਾਤੀ ਵਿਚ ਮਾਰਿਆ ਦੁਸ਼ਮਣ ਦੇ ਨੇੜ ਪੁਜਣ ਪਰ ਸੁਮਿਥ ਨੇ ਬਬਰ ਅਕਾਲੀਆਂ ਨੂੰ ਆਖਿਆ ਅਬ ਤੁਮਾਰਾ ਗ੍ਰਿਫਤਾਰੀ ਤੋਂ ਬਚਣਾ ਨਾਮੁਮਕਨ ਹੈ ਸ਼ਹੀਦ ਬਬਰ ਜੀ ਨੂੰ ਆਖਿਆ ਕਿਬਾਬਾ ਕਰਮ ਸਿੰਘ ਹਥਿਆਰ ਜਮੀਨ ਪਰ ਸੁਟ ਦਿਉ ਆਪ ਜੈਸੇ ਬਹਾਦਰਾਂ ਨੂੰ ਆਪਣੀ ਜਾਨ ਅਜਾਈਂ ਨਹੀਂ ਖੋਹਣੀ ਚਾਹੀਏ ਕਿਉਂਕਿ ਹੁਣ ਆਪ ਦਾ ਗ੍ਰਿਫਤਾਰੀ ਤੋਂ ਬਚਣਾ ਅਨਹੋਣੀ ਗਲ ਹੈ। ਅਗੋਂ ਆਪ ਜੀ ਨੇ ਫੁਰਮਾਇਆ ਕਿ ਉਹ ਕਦੇ ਭੀ ਬਹਾਦਰ ਅਖਵੇਣ ਦਾ ਅਧਕਾਰੀ ਨਹੀਂ ਜੇਹੜਾ ਕੋਲ ਸ਼ਸਤਰ ਹੁੰਦਿਆਂ ਦਿਆਂ ਸ਼ਸਤਰ ਭੁੰਞੇ ਸੁਟਕੇ ਦੁਸ਼ਮਣ ਦੀ ਸ਼ਰਨ ਲਵੇ, ਅਸੀਂ ਉਸ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੇ ਸਿੰਘ ਹਾਂ, ਜਿਸ ਨੇ ਚਮਕੌਰ ਦੀ ਗੜ੍ਹੀ ਵਿਚ ਚਾਲੀ ਹੀ ਸਿੰਘ ਕੋਲ ਹੁੰਦਿਆਂ ਦਸ ਲਖ ਅਗੇ ਹਥਿਆਰ ਨਹੀਂ ਸਨ ਸੁਟੇ, ਬਲਕਿ ਫਰਮਾਇਆ ਸੀ ਕਿਸੇ ਜੰਗ ਮੈਦਾਨ ਵਿਚ ਟੋਟੇ ਤਾਂ ਹੋ ਜਾਉਗਾ ਪਰ ਹਥਿਆਰ ਸਿਟਕੇ ਤੁਹਾਡਾ ਕੈਦੀ ਕਦੇ ਨਹੀਂ ਅਖ੍ਵਾਵਾਂਗਾ ਇੰਝ ਆਖ ਕੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਸ਼ਤਰੂ ਉਤੇ ਗੋਲੀਆਂ ਛਡੀਆਂ ਤੇ ਲਲਕਾਰਾ ਮਾਰਿਆ ਫੇਰ ਕੀ ਸੀ ਮੰਗਵੀ ਧਾੜ ਘੇਰਾ ਛਡਕੇ

ਹਰਨ ਹੋ ਗਈ ਤੇ ਬ. ਅਕਾਲੀ ਬਿਜੇ ਦਾ ਡੰਕਾ ਬਜਾ ਬਬੇਲੀ ਤੇ ਪਛ
ਦੇ ਰੁਖ ਨੂੰ ਤੁਰ ਗਏ ਕਰੀਬ ਅਧ ਮੀਲ ਉਤੇ ਇਕ ਨਦੀ ਜਿਸ ਨੂੰ
ਬੇਈਂ ਕਹਿੰਦੇ ਹਨ ਔਂਦੀ ਹੈ ਜੋ ਬਾਰਸ਼ ਦੇ ਕਾਰਣ ਉਹ ਜ਼ਿਆਦ
ਚੜ੍ਹੀ ਹੋਈ ਸੀ, ਬ. ਅਕਾਲੀ ਸ਼ੇਰ ਪਾਰ ਲੰਘਣ ਦੇ ਖਿਆਲ ਨਾਲ
ਉਸ ਵਿਚ ਕੁਦ ਪਏ ਕਿਉਂਕਿ ਪੁਲਸ ਨੇੜੇ ਕੋਈ ਨਹੀਂ ਸੀ, ਇਸ
ਸਮੇਂ ਜਦ ਕਿ ਬਬਰ ਅਕਾਲੀ ਤਰ ਰਹੇ ਸੀ, ਤਦ ਉਹ ਰਸਾਲਾ ਜੋ
ਪਹਿਲੇ ਘੇਰਾ ਛਡਕੇ ਭਜ ਗਿਆ ਸੀ ਸੁਮਿਥ ਦੇ ਰੋਕਣ ਤੇ ਫੌਰਨ ਉਥੇ
ਪੁਜ ਗਿਆ, ਤੇ ਤਰਦਿਆਂ ਬਬਰ ਅਕਾਲੀਆਂ ਪੁਰ ਗੋਲੀਆਂ ਦੀ
ਬਰਖਾ ਕੀਤੀ, ਸ਼ਹੀਦ ਭਾ. ਉਦੇ ਸਿੰਘ ਜੀ ਤੇ ਸ਼ਹੀਦ ਭਾਈ ਮਹਿੰਦਰ ਸਿੰਘ
ਜੀ ਤਾਂ ਨਦੀ ਦੀ ਗੋਦ ਵਿਚ ਹੀ ਸ਼ਹੀਦ ਹੋ ਗਏ ਤੇ ਦੂਜੇ ਦੋਵੇਂ ਪਾਰ ਦੇ
ਕਿਨਾਰੇ ਪਹੁੰਚੇ ਪਰ ਉਨ੍ਹਾਂ ਵਿਚ ਭੀ ਭਾ. ਕਰਮ ਸਿੰਘ ਜੀ ਸ਼ਹੀਦ
ਬਬਰ ਜ਼ਖਮੀ ਹੋ ਚੁਕੇ ਸਨ ਆਪ ਅਗਲੇ ਕੰਢੇ ਤੇ ਮੋਰਚਾ ਲਾਕੇ
ਦੁਸ਼ਮਣਾਂ ਉਤੇ ਗੋਲੀਆਂ ਚਲਾਈ ਗਏ ਤੇ ਸਤਿ ਸ੍ਰੀ ਅਕਾਲ ਗਜਾਈ
ਗਏ, ਇਸ ਸਮੇਂ ਰਸਾਲੇ ਦਾ ਰਸਾਲਦਾਰ ਫਤਹ ਖਾਂ ਨੇ ਸ਼ਹੀਦ ਭਾ.
ਕਰਮ ਸਿੰਘ ਨੂੰ ਦੂਜੇ ਕੰਢਿਉਂ ਫੇਰ ਕਿਹਾ ਕਿ ਤੁਸੀਂ ਹਥਿਆਰ ਸੁਟ
ਦਿਉ ਗ੍ਰਿਫਤਾਰ ਹੋ ਜਾਓ ਪਰ ਦਸਮੇਸ਼ ਜੀ ਦੇ ਸ਼ੇਰ ਨੇ ਗਜ ਕੇ
ਆਖਿਆ ਕਿ ਐ ਗੁਲਾਮੋਂ ਏਹ ਗਲ ਮੇਰੇ ਕਨ ਭੀ ਨਾ ਪਾਉ ਮੇਰੇ
ਕਲਗੀਧਰ ਪਿਤਾ ਦਾ ਹੁਕਮ ਹੈ, 'ਜਬ ਆਣ ਕੀ ਆਨ ਨਾਦਾਨ ਬਣੇ
ਅਤਿ ਹੀ ਰਣ ਮੈਂ ਤਬ ਜੂਝ ਮਰੋਂ' ਇਸ ਪ੍ਰਕਾਰ ਮਰਦਾਂ ਵਾਂਗ ਜੰਗ
ਕਰਦੇ ੨ ਸ੍ਰੀ ਦਸਮੇਸ਼ ਜੀ ਦੀ ਗੋਦ ਵਿਚ ਹਮੇਸ਼ਾ ਲਈ ਸੌਂ ਗਏ ਤੇ
ਸ਼ਹੀਦੀ ਬਾਟਾ ਛਕ ਕੇ ਘਾਲ ਘਾਲ ਗਏ। ਸ਼ਹੀਦ ਭਾ. ਬਿਸ਼ਨ ਸਿੰਘ
ਜੀ ਸਖਤ ਜ਼ਖਮੀ ਸਨ। ਆਪ ਨੂੰ ਪਕੜਨ ਹਿਤ ਸ਼ਤਰੂ ਪਾਰ ਪੁਜੇ,
ਅਗੋ ਸ੍ਰੀ ਦਸਮੇਸ਼ ਜੀ ਦਾ ਲਾਲ ਬਬਰ ਸ਼ੇਰ ਵਾਂਗ ਹੌਸਲਾ ਧਾਰ ਕੇ
ਉਠਿਆ ਤੇ ਭਗੌਤੀ ਧੂ ਕੇ ਦੁਸ਼ਮਣਾਂ ਉਤੇ ਜਾ ਪਿਆ ਅਤੇ ਇਕ ਜ਼ਾਲਮ
ਨੂੰ ਘਾਇਲ ਕਰਕੇ ਸ਼ਹੀਦੀ ਫੌਜ ਵਿਚ ਜਾ ਸ਼ਾਮਲ ਹੋਇਆ।

ਸ਼ਹੀਦ ਭ. ਬਿਸ਼ਨ ਸਿੰਘ ਜੀ ਮਾਂਗਟ

ਇਸ ਬਹਾਦਰ ਨੇ ਸ੍ਰਦਾਰ ਈਸ਼ਰ ਸਿੰਘ ਜੀ ਦੇ ਘਰ ਪਿੰਡ ਮਾਂਗਟ ਜਿਲਾ ਜਾਲੰਧਰ ਵਿਖੇ ਜਨਮ ਲੀਤਾ ਸੀ ਅਰ ਇਹ ਪੁਰਸ਼ ਵਡਾ ਦਲੇਰ ਸੀ। ਜ਼ੀਮੀਂਦਾਰੇ ਦਾ ਕੰਮ ਕਰਕੇ ਧਰਮ ਕਿਰਤ ਕਰ ਛਕਦਾ ਛਕਾਉਂਦਾ ਸੀ। ਇਸ ਨੂੰ ੨੬ ਸਤੰਬਰ ੧੯੨੨ ਨੂੰ 'ਬਬਰ' ਜੀ ਨੇ ਆਪਣੇ ਜਥੇ ਦਾ ਮੈਂਬਰ ਬਣਾਇਆ ਸੀ। ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਸੀ। ਧਰਮ ਦੇਸ਼ ਤੇ ਪੰਥ ਨਾਲ ਪੂਰਾ ਪੂਰਾ ਪਿਆਰ ਸੀ। ਸੋਹਣਾ ਸਡੌਲ ਜਵਾਨ ਸੀ। ਹੰਸਾਂ ਮੋਤੀਆਂ ਦੀ ਚੋਗ ਚੁਗਾਕੇ ਚਲਦਾ ਲਗਾ।

ਸ਼ਹੀਦ ਭਾ. ਮਹਿੰਦਰ ਸਿੰਘ ਜੀ ਪੰਡੋਰੀ

ਇਸ ਗੁਰਮੁਖ ਨੇ ਭਾ. ਲਾਭ ਸਿੰਘ ਜੀ ਦੇ ਘਰ ਪੰਡੋਰੀ ਰੰਗਾ ਸਿੰਘ ਜਿਲਾ ਹੁਸ਼ਿਆਰਪੁਰ ਵਿਖੇ ਜਨਮ ਲੀਤਾ ਫੇਰ ੧੬– ੭ ਸਾਲ ਦੀ ਉਮਰ ਵਿਚ ੪੭ ਸਿਖ ਪਲਟਨ ਵਿਚ ਨੌਕਰ ਹੋਇਆ ੪ ੫ ਸਾਲਾਂ ਪਿਛੋਂ ਸਾਕਾ ਨਨਕਾਣਾ ਸਾਹਿਬ ਹੋਨ ਉਤੇ ਏਹ ਸਜਣ ਪਲਟਣ ਵਿਚੋਂ ਹੀ ਅਕਾਲੀ ਸਜਿਆ ਸੀ ਤੇ ਹੋਰ ਫੌਜੀਆਂ ਨੂੰ ਪ੍ਰਚਾਰ ਕਰਦਾ ਰਿਹਾ ਇਸ ਅਪ੍ਰਾਧ ਵਿਚ ਸ਼ੁਰੂ ੧੯੨੨ ਨੂੰ ਇਸ ਉਤੇ ਫੌਜ ਵਿਚੋਂ ਮੁਕਦਮਾਂ ਚਲਾਇਆ ਆਖਰ ਫੌਜੀ ਅਫਸਰਾਂ ਨੇ ਇਸ ਨੂੰ ਆਖਿਆ ਕਿ ਤੂੰ ਖੁਸ਼ੀ ਨਾਲ ਨਾਮ ਕਟਵਾਲੇ ਬਸ ਫੇਰ ਕੀ ਸੀ ਆਪ ਤਾਂ ਪਹਿਲੇ ਹੀ ਤਿਆਰ ਬਠੇ ਸਨ ਝਟ ਪਟ ਅਪਰੈਲ ਸਨ ੧੯੨੨ ਵਿਚ ਨੌਕਰੀ ਛਡਕੇ ਅਪਣੇ ਪਿੰਡ ਆਗਏ ਆਪਨੇ ਔਦਿਆਂ ਹੀ ਪਿੰਡ ਵਿਚ ਪੰਚਾਇਤ ਤੇ ਕਾਂਗਰਸ ਕਮੇਟੀ ਕਾਇਮ ਕਰ ਦਿਤੀ ਅੜੇ ਆਪ ਜੀ ਨੂੰ ਹੀ ਕਾਂਗਰਸ ਕਮੇਟੀ ਦਾ ਸਕਤਰ ਤੇ ਅਕਾਲੀ ਜਥੇ ਦਾ ਜਥੇਦਾਰ ਨਯਿਤ ਕਰ ਦਿਤਾ. ਗਿਆ ਆਪ ਧਰਮ ਦੇਸ਼ ਤੋਂ ਵਿਕੇ ਹੋਏ ਸਚ ਮੁਚ ਤੇ ਪੂਰਨ ਸੇਵਕ ਸਨ। ਗੁਰਮੁਖੀ ਵਿਦਿਆ ਚੰਗੀ ਜਾਣਦੇ ਸਨ ਤੇ ਗੁਰ ਬਾਣੀ ਦਾ ਨਿਤਨੇਮ

ਅਤੇ ਪੰਜ ਕਕਾਰ ਦੀ ਰਹਿਤ ਆਦ ਤੇ ਗੁਰ ਸਿਖੀ ਅਸੂਲਾਂ ਦੇ ਪਾਬੰਦ ਸਨ ਬ. ਅ. ਦ. ਅਖਬਾਰ ਵੰਡਣ ਵਿਚ ਤੇ ਜਥੇ ਦੀ ਸੇਵਾ ਵਿਚ ਪਹਿਲੇ ਤਤਪ੍ਰ ਰਹਿੰਦੇ ਸਨ ਪਰ ਸ਼ਹੀਦ ਭਾ. ਕਰਮ ਸਿੰਘ ਜੀ ਬਬਰ ਦੇ ਚਰਨ ਇਸ ਦੇ ਘਰ ਪੈਣ ਕਰਕੇ ਇਸ ਨੂੰ ਬੀਰਤਾ ਦਾ ਰੰਗ ਭੀ ਚੜ੍ਹ ਗਿਆ ਤੇ ਬਬਰ ਅਕਾਲੀ ਜਥੇ ਦੇ ਮੈਂਬਰ ਬਣ ਕੇ ਚੰਦ ਮਾਹ ਬਾਧ ਸ਼ਹੀਦੀ ਬਾਟਾ ਛਕ ਕੇ ਸ੍ਰੀ ਦਸਮੇਸ਼ ਜੀ ਦੇ ਚਰਨਾਂ ਵਿਚ ਪੁਜ ਪਏ।

ਸ਼ਹੀਦ ਭਾਈ ਧੰਨਾ ਸਿੰਘ ਬਹਿਵਲ ਪੁਰ

ਧਨਾ ਸਿੰਘ ਸ਼ਹੀਦ ਸੀ ਪਿੰਡ ਬਹਿਵਲਪੁਰ ਦਾ,
ਸ਼ੀਲ ਸਭਾਉ ਸਤਿ ਵਾਦੀਆ ਕਿਸੇ ਵੇਖ ਨਾ ਝੁਰਦਾ।
ਨੇਮੀ ਪਰੇਮੀ ਨਾਮ ਦਾ ਸਿੰਘ ਸਿਦਕੀ ਗੁਰਦਾ
ਜੰਗ ਮਚਾਵਣ ਖਾਤਰੇ ਦਿਲ ਰਹਿੰਦਾ ਫੁਰਦਾ।
ਗੋਲੀ ਸਨਮੁਖ ਖਾਨ ਨੂੰ ਹੋ ਮੋਹਰੇ ਤੁਰਦਾ,
ਗੁਰ ਬਖਸੇ ਬਲ ਜੇਸ ਨੂੰ ਕਿਉ ਪਿਛਾਂਹ ਮੁੜਦਾ।
ਆਇਆ ਜਥੇ ਬਬਰ ਮੇਂ ਰਖਵੜਾ ਗੁਰਦਾ,
ਸੂਰਾ ਪੂਰਾ ਹੋਗਿਆ ਲਿਖ ਮਸਤਕ ਧੁਰਦਾ।

ਪਉੜੀ

ਇਕ ਦਿਨ ਐਸਾ ਆਇਆ ਰਬ ਤਾਪ ਚੜ੍ਹਾਇਆ,
ਹੋਸ਼ ਨ ਉਠਣ ਬਹਿਣ ਦੀ ਨਹਿ ਤੁਰਿਆ ਜਾਇਆ
ਇਕ ਭਾ: ਬੰਦ ਏਸ ਦਾ ਜਿਨ ਕੋਲ ਬੁਲਾਇਆ,
ਨਯਿਤ ਬਿਗੜੀ ਉਸਦੀ, ਮਾਇਆ ਭਰਮਾਇਆ।
ਰਾਤ ਸੁਲਾਕੇ ਪਾਸ ਹਥਿਆਰ ਲੁਕਾਇਆ,
ਖਬਰ ਪੁਜਾਈ ਪੁਲਸ ਨੂੰ ਕਪਤਾਪ ਬੁਲਾਇਆ।
ਸਣੇ ਘੋੜਿਆਂ ਪਿਆਦੇ ਪਲਟਣ ਲੈ ਆਇਆ,
ਪਾਪੀ ਪਾਪ ਕਮਾਇਆ ਸੀ ਨਾ ਸ਼ਰਮਾਇਆ।
ਵੇਖੋ ਬਣ ਕੇ ਭਾ: ਬੰਦ ਕਿਨਾ ਜ਼ੁਲਮ ਕਮਾਇਆ

ਬੈਂਤ

ਘਰ ਸਦ ਬਣਾਕੇ ਭਾਈ ਪਹਿਲਾਂ, ਦਗਾ ਉਸਦੇ ਨਾਲ ਕਮਾਇਆ ਜੇ
ਬੇਈਮਾਨ ਨੇ ਚਕ ਹਥਿਆਰ ਲਏ, ਨਹਿਥਾ ਸ਼ੇਰ ਨੂੰ ਕਰ ਬਹਾਇਆ ਜੇ
ਇਕ ਬਿਨਾ ਹਥਿਆ ਬੀਮਾਰ ਦੂਜਾ, ਪਿਆ ਮੰਜੇ ਤੇ ਆਣ ਦਬਾਇਆ ਜੇ
ਹਥਕੜੀ ਲਗਾ ਲਈ ਪੁਲਸੀਆਂ ਨੇ, ਪਹਿਰਾ ਚਾਰ ਚੌਫੇਰ ਲਗਾਇਆ ਜੇ
ਤਾਹਨਾ ਮਾਰਿਆ ਪੁਲਸ ਕਪਤਾਨ ਉਹਨੂੰ,
ਕਿਉਂ ਨਹੀਂ ਗੁਰਾਂ ਦਾ ਜ਼ੋਰ ਵਖਾਇਆ ਜੇ
ਨਾਲੇ ਖਿਚਦੇ ਧੂਕਦੇ ਸਿੰਘ ਤਾਈਂ
ਤਨ ਤਾਨ੍ਹਿਆਂ ਨਾਲ ਸੁਕਾਇਆ ਜੇ
ਕਰੀ ਬੇਨਤੀ ਸਿੰਘ ਨੇ ਗੁਰਾਂ ਅਗ,
ਕਰੋ ਦਾਸ ਦੀ ਆਣ ਸਹਾਇਆ ਜੇ
ਸਤਿ ਨਾਮ ਕਹਿ ਮਾਰਿਆ ਇਕ ਹੁਜੂਕਾ,
ਤੋੜ ਸੰਗਲਾਂ ਤਾਈਂ ਵਖਾਇਆ ਜੇ
ਇਕ ਬੰਬ † ਸੀ ਬਗਲ ਦੇ ਵਿਚ ਉਹਦੇ
ਝਟ ਪਟ ਹੀ ਕਢ ਚਲਾਇਆ ਜੇ
ਲਾਜ ਰਖ ਲਈ ਗੁਰਾਂ ਗੁਰਬਚਨ ਸਿੰਘ,
ਐਸਾ ਰਬ ਸਬਬ ਬਣਾਇਆ ਜੇ

ਕੋਰੜਾ ਛੰਦ

ਇਕ ਬਨੇ ਕੰਧ ਇਕ ਬਨੇ ਆਪ ਸੀ,
ਇਕ ਬਨੇ ਪੁਲਸ ਰਹੀ ਅਲਾਪ ਸੀ।
ਕਿਥੇ ਗੁਰੂ ਤੇਰਾ ਜੇਹਨੇ ਤੈਨੂੰ ਪਾਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ।

---

† ਸ਼ਹੀਦ ਭਾ. ਧਨਾ ਸਿੰਘ ਇਕ ਬੰਬ ਹਰ ਵਕਤ ਪੋਸ਼ੀਦਾ ਪਾਸ ਰਖਦਾ ਸੀ ਜੋ ਵੇਲੇ ਸਿਰ ਕੰਮ ਆਇਆ।

ਰਖੋ ਲਾਜ ਗੁਰੋ ਨਾ ਮੈਂ ਮੌਤੋਂ ਡਰਦਾ,
ਹਥ ਜੋੜ ਬਿਨੈ ਧਨਾ ਸਿੰਘ ਕਰਦ
ਹੋਰ ਆਸ ਛਡ ਤੈਨੂੰ ਹੀ ਧਿਆਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ
ਸਤਿ ਨਾਮ ਸਿੰਘ ਨੇ ਮੁਖੋਂ ਉਚਾਰਿਆ,
ਹਥ ਕੜੀ ਤੋੜ ਗੋਡੇ ਹਥ ਮਾਰਿਆ
ਖਿਚ ਸਪਰਿੰਗ ਬੰਬ ਸੀ ਚਲਾਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ
ਛਡਿਆ ਜਾਂ ਬੰਬ ਸੀ ਪਟਾਕਾ ਪੈਗਿਆ,
ਪੁਲਸ ਕਪਤਾਨ ਮੂੰਹ ਦੇ ਭਾਰ ਢੈਗਿਆ
ਜੇਹਨੇ ਤਾਨ੍ਹੇ ਨਾਲ ਸਿੰਘ ਨੂੰ ਸੀ ਜਾਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ
ਦੋਏ ਅੰਗਰੇਜ਼ ਇਕ ਥਾਣੇਦਾਰ ਸੀ'
ਸਤਿ ਸੀ ਸਪਾਹੀ ਦਿਤੇ ਉਹਨੇ ਮਾਰ ਜੀ
ਬਾਕੀ ਭਜੇ ਕਿਨੇ ਹੋਸ਼ ਨਾ ਸੰਭਾਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ
ਹੋਏ ਕਈ ਫਟੜ ਦੁਖੀ ਹੋ ਰੋਂਵਦੇ,
ਮਲਮਾਂ ਲਗੌਂਦੇ ਜ਼ਖਮਾਂ ਨੂੰ ਧੋਂਵਦੇ
ਅਸਾਂ ਜਾਣ ਬੁਝ ਮੌਤ ਨੂੰ ਬੁਲਾਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ
ਛਡ ਦਿੰਦੇ ਨੌਕਰੀ ਤਾਂ ਕਾਹਨੂੰ ਮਰਦੇ,
ਘਰ ਬੈਠੇ ਰਹਿੰਦੇ ਨਾ ਏਹ ਦੁਖ ਜਰਦੇ
ਐਵੇਂ ਛੇੜ ਸਿੰਘ ਨੂੰ ਸਿਆਪਾ ਪਾਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ
ਆਪ ਭੀ ਸ਼ਹੀਦ ਧਨਾ ਸਿੰਘ ਹੋ ਗਿਆ,
ਜਨਮ ਮਰਨ ਦੋਹਾਂ ਤਾਈਂ ਧੋਗਿਆ

ਕੀਤਾ ਜੋ ਪ੍ਰਣ ਸਿੰਘ ਨੇ ਨਿਭਾਲਿਆ,
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ।
ਧਨ ਸਿਖ ਧਨ ਗੁਰੂ ਦਸਮੇਸ਼ ਜੀ,
ਖਾਲਸੇ ਦੇ ਸੰਗ ਜੋ ਰਹੇ ਹਮੇਸ਼ ਜੀ।
ਹੋਵੰਦਾ ਮੁਕਤ ਗੁਰੂ ਜਿਨਾ ਧਿਆਲਿਆ
ਸਿੰਘ ਸੂਰਮੇ ਦਾ ਅੰਗ ਗੁਰਾਂ ਪਾਲਿਆ।

ਇਸ ਸੂਰਬੀਰ ਨੇ ਸਰਦਾਰ ਇੰਦਰ ਸਿੰਘ ਜੀ ਦੇ ਘਰ ਪਿੰਡ ਬਹਿਵਲ ਪੁਰ ਜ਼ਿਲਾ ਹੁਸ਼ਿਆਰ ਪੁਰ ਜਨਮ ਧਾਰਿਆ, ਤੇ ਗੁਰਮੁਖੀ ਉਰਦੂ ਵਿਦਿਆ ਕਾਫੀ ਪੜੀ ਉਕਤ ਵਿਦਿਆ ਦਾ ਚੰਗਾ ਜਾਣੂ ਹੋ ਕੇ ਜ਼ੀਮੀਂਦਾਰ ਦਾ ਕੰਮ ਕਰਨ ਵਿਚ ਲਗ ਗਿਆ ਜ਼ਲ੍ਹਿਆ ਵਾਲੇ ਸਾਕੇ ਤੋਂ ਬਾਦ ਸਿਵਲ ਨਾਫੁਰਮਾਨੀ ਸ਼ੁਰੂ ਸਮੇਂ ਦੇਸ਼ ਤੇ ਕੌਮ ਦੀ ਸੇਵਾ ਵਿਚ ਜੁਟ ਗਿਆ ਸ੍ਰੀ ਨਨਕਾਣਾ ਸਹਿਬ ਜੀ ਦਾ ਸਾਕਾ ਹੋਣ ਪਰ ਏਹ ਅਕਾਲੀ ਸਜ ਗਿਆ, ਤੇ ਪ੍ਰਚਾਰ ਕਰਕੇ ਇਸ ਨੇ ਬਹੁਤ ਸਾਰੇ ਅਕਾਲੀ ਸਜਾਏ ਅਤੇ ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਇਨ੍ਹਾਂ ਨੂੰ ਨੀਯਤ ਕੀਤਾ ਗਿਆ, ਆਪ ਯਥਾ ਯੋਗ ਪ੍ਰਚਾਰ ਦੀ ਸੇਵਾ ਕਰਦੇ ਰਹੇ ਪਰਚਾਰਕ ਤੇ ਜਥੇਦਾਰ ਹੋਣ ਕਰਕੇ ਜਦ ੧੯੨੨ ਮਾਰਚ ਪਿਛੋਂ ਅਕਾਲੀਆਂ ਦੇ ਅਨੇ ਵਾਹ ਵਾਰੰਟ ਹਕੂਮਤ ਨੇ ਕਢੇ ਸਨ, ਤਦ ਆਪ ਜੀ ਦਾ ਵਾਰੰਟ ਭੀ ਜਾਰੀ ਹੋ ਗਿਆ ਪਰ ਆਪਨੇ ਜ਼ਾਲਮ ਦੇ ਪਿੰਜਰੇ ਪੈਣਾ ਮਨਾਸਬ ਖਿਆਲ ਨਾ ਕੀਤਾ ਅਤੇ ਨਾਹੀਂ ਪਿੰਡੋਂ ਲਾਂਭ ਗਏ, ਸਾਰਾ ਸਾਲ ੧੯੨੨ ਪਿੰਡ ਹੀ ਰਹੇ ,ਆਖਰ ੧—੨ ਜਨਵਰੀ ੧੯੨੩ ਵਿਚ ਆਪ ਬਬਰ ਅਕਾਲੀ ਜਥੇ ਦੇ ਮੈਂਬਰ ਜਾ ਹੋਏ, ਅਤੇ ਝੋਲੀ ਚੁਕਾਂ ਦੇ ਸੁਧਾਰ ਹਿਤ ਜੁਟ ਗਏ ਆਪ ਪੁਰ ਜੋਸ਼ ਬਹਾਦਰ ਸਿੰਘ ਸਨ ਦੇਸ਼ ਕੌਮ ਦੀ ਸੇਵਾ ਕਰਦੇ ਰਹੇ, ਤੇ ਆਪ ਜੀ ਦੀ ਸ਼ਹੀਦੀ ਹੇਠ ਲਿਖੀ ਸਾਜ਼ਸ਼ ਨਾਲ ਹੋਈ

ਬੇਲਾ ਸਿੰਹੁ ਪਿੰਡ ਜਿਆਣਾ (ਜਿਸਨੂੰ ੨੪ ਮਘਰ ਸਨ ੧੯੩੩ ਵਿਚ ਕਿਸੇ ਦੇਸ਼ ਸੇਵਕ ਨੇ ਕਤਲ ਕੀਤਾ ਤੇ ਪਹਿਲੇ ਇਸ ਨੇ

ਵੈਨ ਕੋਵਰ ਦੇ ਗੁਰਦੁਆਰੇ ਵਿਚ ਹਾਪ ਕਿਸ਼ਨ ਦਾ ਚੇਲਾ ਬਣ ਕੇ ਭਰੇ ਦੀਵਾਨ ਵਿਚ ਗੋਲੀ ਚਲਾਈ ਸੀ, ਜਿਸ ਨਾਲ ਭਾ: ਭਾਗ ਸਿੰਘ ਜੀ ਉਸ ਵੇਲੇ ਸ਼ਹੀਦ ਤੇ ਕਈ ਸਿੰਘ ਜ਼ਖਮੀ ਹੋਏ ਸਨ ਅਤੇ ਉਸਦੀ ਇਵਜ਼ ਵਿਚ ਸਰਕਾਰ ਨੇ ਪੰਜ ਮੁਰਬੇ ਜ਼ਮੀਨ ਦਿਤੀ ਹੋਈ ਹੈ) ਜ਼ਿਲਾ ਹੁਸ਼ਿਆਰ ਪੁਰ ਤੇ ਉਸ ਦਾ ਸਕਾ ਭਾਈ ਜਵਾਲਾ ਸਿੰਹ ਇਨ੍ਹਾਂ ਦੀ ਭੂਆ ਦਾ ਪੁਤ ਬਸੰਤ ਸਿੰਹੁ ਬੂੜੇ ਬਾੜੀ ਹੁਸ਼ਿਆਰ ਪੁਰ ਅੜੇ ਕਰਤਾਰ ਸਿੰਹ ਵਲਦ ਜਵਾਲਾ ਸਿੰਹ ਬੂੜੇ ਬਾੜੀ (ਜੋ ਬਬਰ ਅਕਾਲੀ ਮਕਦਮੇ ਵੈਦਾ ਮਾਫ ਸੀ ਤੇ ਇਸ ਨੂੰ ਭੀ ਕਿਸੇ ਦੇਸ਼ ਸੇਵਕ ਨੇ ਕਤਲ ਕੀਤਾ) ਈਸ਼ਰ ਸਿੰਹ ਲੁਹਾਰ ਵਲਦ ਸੁੰਦਰ ਸਿੰਹ ਬੇਹਲ ਪੁਰ ਲਖਾ ਸਿੰਹ ਵਲਦ ਬੁਧੂ ਬੇਹਲ ਪੁਰ ਦਲੀਪ ਸਿੰਹ ਵਲਦ ਆਤਰ ਸਿੰਹ ਬੈਹਲ ਪੁਰ) ਜੋ ਬਾਰ ਵਿਚ ਭੀ ਰਹਿੰਦਾ ਹੈ) ਕਰਮ ਸਿੰਹ ਵਲਦ ਸਾਹਿਬ ਸਿੰਹ ਬਹਲ ਪੁਰ (ਹੁਸ਼ਿਆਰ ਪੁਰ ਦੇ ਹਨ) ਜਿਨਾਂ ਨੇ ਸ਼ਹੀਦ ਭਾਈ ਧੰਨਾ ਸਿੰਘ ਦੀ ਗਿਰਫਤਾਰੀ ਦੀ ਸਾਜ਼ਸ਼ ਕੀਤੀ, ਏਹ ਸਾਰੇ ਪਾਪੀ ਭਾਈ ਧੰਨਾ ਸਿੰਹ ਜੀ ਦੇ ਉਪਰੋਂ ਮਦਦਗਾਰ ਬਣਕੇ ਦਖਲੌਂਦੇ ਰਹੇ ਪਹਿਲਾਂ ਬੇਲਾਂ ਸਿੰਹ ਜਿਆਣ (ਸਪੇਦਪੋਸ਼) ਤੇ ਉਸਦੇ ਭਾਈ ਜੁਵਾਲਾ ਸਿੰਹ ਦੇ ਮਕਾਨ ਤੇ ਭਾਈ ਸਾਹਿਬ ਜੀਨੂੰ ਫੜੌਣ ਦੀ ਗੋਂਦ ਗੁੰਦੀ ਪਰ ਬੇਲਾ ਸਿੰਹ ਨੇ ਆਖਿਆ ਕਿ ਸਾਡੇ ਮਕਾਨ ਤੇ ਅਜਿਹਾ ਕਰਨਾ ਠੀਕ ਨਹੀਂ ਉਥੋਂ ਮਨਣ ਹਾਣ † ਕਰਮ ਸਿੰਘ (ਦੇ ਜੋ ਬੂੜੇ ਬਾੜੀ ਵਾਲੇ ਕਰਤਾਰ ਸਿੰਘ ਦਾ ਭਣੋਈਆਂ ਹੈਸੀ) ਮਕਾਨ ਤੇ ਲੈ ਗਏ

---

† ਇਸੇ ਕਰਮ ਸਿੰਘ ਮਨਣ ਹਾਨੇ ਨੂੰ ਦਿਨ ਛਿਪਣ ਤੋਂ ਕੁਝ ਕਾਲ ਪਹਿਲੇ ਜਦ ਕਿ ਏਹ ਅਪਣੇ ਘਰ ਬੈਠਾ ਚਾਰ ਪੰਜ ਆਦਮੀਆਂ ਨਾਲ ਗਪਾਂ ਮਾਰ ਰਿਹਾ ਸੀ ਬਾਹ ਤੋਂ ਫੜ ਕੇ ~~ਊਦੇ~~ ਅਤੇ ~~ਜੈਲੇ~~ ਨੇ ਉਠਾਲ ਲਿਆ ਕੰਗਰੌੜ ਤੇ ਲਖਪੁਰ ਸਾਨੀ ਦੀ ਬੇਈ ਵਿਚ ਲਜਾਕੇ ਇਸ ਦੇ ਪਾਪਾਂ ਦਾ ਫਲ ਇਸ ਨੂੰ ਚਖਾਕੇ ਕਤਲ ਦੁਆਰਾ ਸੁਧਾਰ ਕਰਕੇ ਪਾਪੀ ਨੂੰ ਨਰਕ ਟੋਰ ਦਿਤਾ ਇਹ ਵਕੂਆ ੨੬ ਮਾਰਚ ੪੦ ਦਾ ਹੈ।

(ਇਨ੍ਹਾਂ ਦੋਹਾਂ ਨਿਰ ਭੈ ਯੋਧਿਆਂ ਦੇ ਅਸਲ ਨਾਮ ~~ਊਦੇ ਸਿੰਘ~~ ਤੇ ~~ਸੁਚੇਤ ਸਿੰਘ~~ ਸਨਪਤ ~~ਊਦੇ ਜੈਲਾ~~ ਕਰਕ ਜਿਆਦਾ ਮਸ਼ਹੂਰ ਹੋਗਏਹਨ)

ਊਧਮ ਸਿੰਘ ਅਜੈਬ ਸਿੰਘ ਨੇ

ਤੇ ਬਾਕੀ ਦੀ ਚੰਡਾਲ ਪਾਰਟੀ ਜਾਨਸਨ †ਹਾਟਨ ਪੋਲੀਸ ਅਫਸਰ ਨੂੰ ਤੇ ਫੌਜ ਰਸਾਲੇ ਤੇ ਪੋਲੀਸ ਸਹਿਤ ਲੈ ਆਏ, ਭਾਈ ਸਾਹਿਬ ਜੀ ਤਾਂ ਤਸਮੇਂ ਬੁਖਾਰ ਨਾਲ ਬੇਹੋਸ਼ ਹੋਏ ਘੂਕ ਸੁਤੇ ਪਏ ਸਨ ਕਿ ਅਚਾਨਕ ਘੇਰਾ ਪੈ ਗਿਆ, ਬਿੜਕ ਪਾਕੇ ਭਾਈ ਸਾਹਿਬ ਜੀ ਬਬਰ ਸ਼ੇਰ ਵਾਂਗ ਉਠੇ ਪਰ ਉਪਰ ਦਸੀ ਹੋਈ ਦੁਸ਼ਟ ਪਾਰਟੀ ਨੇ ਆਪ ਨੂੰ ਪਵਿਤ੍ਰ ਕੇਸਾਂ ਤੋਂ ਕਿਸੇ ਨੇ ਕਿਤਿਉਂ ਹਥੋ ਹਥੀ ਫੜ ਲਿਆ, ਅਤੇ ਪੋਲੀਸ ਅਫਸਰਾਂ ਨੇ ਦੋਹੀ ਹਥੀਂ ਕੜੀਆਂ ਮਾਰ ਲਈਆਂ ਤੇ ਦੋ ਦੋ ਆਦਮੀ ਹਥਕੜੀਆਂ ਉਪਰਲੇ ਪਾਸੇ ਨੂੰ ਫੜਕੇ ਕੂਹਣੀਆਂ ਤੇ ਖੜੇ ਹੋ ਗਏ, ਤੇ ਸਿਰੀ ਦਸਮੇਸ਼ ਜੀ ਦਾ ਨਾਮ ਲੈਕੇ ਗੁਰੂ ਸਾਹਿਬ ਜੀ ਦੀ ਸ਼ਾਨ ਖਲਾਫ ਚੰਦ ਲਫਜ਼ ਬੋਲੇ ਇਹ ਬੋਲ ਭਾਈ ਸਾਹਿਬ ਜੀ ਦੇ ਸੀਨੇ ਵਿਚ ਗੋਲੀ ਵਾਂਗ ਲਗੇ, ਭਾਈ ਸਾਹਿਬ ਜੀ ਨੇ ਸਿਰੀ ਦਸਮੇਸ਼ ਜੀ ਦਾ ਧਿਆਨ ਧਰ ਚਰਨਾ ਦੇ ਨਾਲ ਪ੍ਰੀਤ ਲਾ ਸਤਿ ਨਾਮ ਆਖ ਅਜੇਹਾ ਹੁਝਕਾ ਮਾਰਿਆ ਕਿ ਦੋਵੇਂ ਹਥ ਕੜੀਆਂ ਦੇ ਸੰਗਲ (ਜੰਜੀਰ) ਟੁਟ ਗਏ ਤੇ ਆਪ ਜੀ ਨੇ ਇਕ ਫੌਜੀ ਬੰਬ ਚਲਾਇਆ ਜੋ ਥਾਂ ਦੀ ਤੰਗੀ ਕਰਕੇ ਦੂਰ ਨਾ ਜਾ ਸਕਿਆ ਪਰ ਤਾਂ ਭੀ ਦੋ ਅੰਗਰੇਜ਼ ਇਕ ਥਾਣੇਦਾਰ (ਗੁਲਜ਼ਾਰਾ ਸਿੰਘ) ਤੇ ਅਠ ਸਪਾਹੀਆਂ ਦਾ ਕੰਮ ਕਰ ਹੀ ਦਿਤਾ, ਜਿਨਾਂ ਵਿਚੋਂ ਬਾਕੀ ਦੁਸ਼ਟ ਚੌਂਕੜੀ ਨਰਕ ਪੁਜੀ, ਪਰ ਭਾਈ ਸਾਹਿਬ ਭੀ ਸ਼ਹੀਦੀ ਬਾਟਾ ਛਕ ਕੇ ਦੁਸ਼ਟ ਜਾਲਮਾ ਨੂੰ ਜੁਤੀਆਂ ਨਾਲ ਹਕ ਕੇ ਦੋਜ਼ਖ ਪਚੌਂਦੇ ਹੋਏ ਬੈਕੁੰਠ ਵਿਚ ਜਾ ਪ੍ਰਵੇਸ਼ ਹੋਏ ਤਾਰੀਖ ੨੫।੧੦।੨੩ ਈ:

ਸ਼ਹੀਦ ਭੁਜੰਗੀ ਦਲੀਪ ਸਿੰਘ ਜੀ ਦੀ ਗ੍ਰਿਫਤਾਰੀ

ਏਹ ਸਜਣ ਜੀ ਬਬਰ ਅਕਾਲੀ ਜਥੇ ਦੇ ਮੈਂਬਰ ਬਣਨ ਦੇ ਦਿਨ ਤੋਂ ਜਥੇ ਦੀ ਚਕਰ ਵਰਤੀ ਪਾਰਟ ਵਿਚ ਹੀ ਰਹੇ ਸਨ ਘਰ ਨਹੀਂ

---

† ਇਹ ਅੰਗਰੇਜ਼ ਜਾਨਸਨ ਤੇ ਹਾਟਨ ਸੀ, ਜਾਨਸਨ ਰਾਜੀ ਹੋ ਗਿਆ ਸੀ।

ਗਏ ਭਾਈ ਕਰਮ ਸਿੰਘ ਜੀ ਬਬਰ ਸ਼ਹੀਦ ਆਦਿ ਚਾਰ ਬਬਰਾਂ ਦੀ ਸ਼ਹੀਦੀ ਪਿਛੋਂ ਕੁਝ ਬੀਮਾਰ ਹੋ ਗਏ ਅਤੇ ਜਵਾਲਾ ਸਿੰਘ ਜਿਸ ਜੋ ਜ਼ਾਹਰਾ ਤੌਰ ਤੇ ਬਬਰਾਂ ਦਾ ਹਮਦਰਦ ਸੀ ਇਸ ਨੂੰ ਅਪਣੇ ਮੁਰਬਿਆਂ ਬਾਰ ਵਿਚ ਲੈ ਗਿਆ ਚੰਦ ਦਿਨ ਬਾਦ ਪੋਲੀਸ ਨੂੰ ਖਬਰ ਕਰਕੇ ਅਪਣੇ ਭਰਾ ਬੇਲਾ ਸਿੰਹੁ ਸੁਪੇਦ ਪੋਸ਼ ਤੇ ਅਪਣੀ ਭੂਆ ਦੇ ਪੁਤ ਬਸੰਤ ਸਿੰਹੁ ਬੂੜੇ ਬਾੜੀਆਂ ਦੀ ਗੌਂਦ ਨਾਲ ਥਾਣੇਦਾਰ ਗੁਲਜ਼ਾਰ ਸਿੰਘ ਨੂੰ ਮਾਹਲ ਪੁਰੋਂ (ਹੁਸ਼ਿਆਰ ਪੁਰੋਂ) ਤੇ ਹੋਰ ਪੁਲਸ ਨੂੰ ਉਸ ਵੇਲੇ ਬੁਲਾਇਆ ਜਦ ਆਪ ਭੁਝੰਗੀ ਦਲੀਪ ਸਿੰਘ ਜੀ ਸ਼ਹੀਦ ਨੂੰ ਲੈ ਕੇ ਮੀਆਂ ਚਨੂੰ ਇਕ ਤੰਦੂਰ ਤੇ ਰੋਟੀ ਖਾ ਰਿਹਾ ਸੀ ਦੁਸਹਿਰੇ ਤੋਂ ੧੦ ਦਿਨ ਪਹਿਲਾਂ ਇਸ ਤਰਾਂ ਧੋਖੇ ਨਾਲ ਭੁਝੰਗੀ ਦਲੀਪ ਸਿੰਘ ਨੂੰ ਗਿਰਫ਼-ਤਾਰ ਕਰਕੇ ਗ਼ਦਾਰੀ ਦਾ ਸਬੂਤ ਦਿਤਾ।

ਦੋ ਬਬਰ ਅਕਾਲੀਆਂ ਦੀ ਸ਼ਹੀਦੀ

ਝੋਲੀ ਚੁਕ ਜਗਤ ਸਿੰਘ ਵਲਦ ਹਾਕੋ ਪਿੰਡ ਮੰਡੇਰ ਕਲਾਂ ਜ਼ਿਲਾ ਜਾਲੰਧਰ ਇਹ ਸ਼ਖਸ਼ ੧੦ ਨੰਬਰ ਦਾ ਬਦਮੁਆਸ਼ ਅਤੇ ਇਖਲਾਕ ਤੋਂ ਗਿਰਿਆ ਹੋਇਆ ਡਾਕੂ ਸੀ ਅਪਣੀ ਬਦਮੁਆਸ਼ੀ ਤੜੋਣ ਨੂੰ ਕੇਈ ਪ੍ਰਕਾਰ ਦੀ ਸਰਕਾਰੀ ਖੁਸ਼ਾਮਦ ਕਰਦਾ ਸੀ ਪਹਿਲੇ ਏਸ ਨੇ ਜਥੇਦਾਰ ਸ਼ਹੀਦ ਭਾਈ ਕਰਮ ਸਿੰਘ ਜੀ ਬਬਰ ਆਦ ਬਬਰ ਅਕਾਲੀਆਂ ਦੀ ਗ੍ਰਿਫਤਾਰੀ ਵਾਸਤੇ ਕੋਸ਼ਸ ਕੀਤੀ, ਪਰੰਤੂ ਸਫਲਤਾ ਨਾ ਪ੍ਰਾਪਤ ਕਰ ਸਕਿਆ, ਆਖਰ ੧੯੨੩ ਵਿਚ ਏਹ ਗਦਾਰ ਸ਼ੇਖ ਅਬਦੁਲ ਅਜ਼ੀਜ਼ ਸੀ, ਆਈ ਡੀ ਨੂੰ ਮਿਲਿਆ, ਇਸ ਨੂੰ ਚੰਦ ਇਕ ਪੁਲਸ ਦੇ ਬੰਦੇ ਮਦਦ ਲਈ ਦੇਕੇ ਸ਼ਹੀਦ ਭਾ: ਬੰਤਾ ਸਿੰਘ ਆਦ ਦੀ ਗ੍ਰਿਫਤਾਰੀ ਹਿਤ ਲਾਇਆ ੧੨ ਦਸੰਬਰ ੧੯੨੩ ਭਾ: ਬੰਤਾ ਸਿੰਘ ਧਾਮਿਆਂ, ਸ਼ਹੀਦ ਭਾ. ਵਰਿਆਮ ਸਿੰਘ ਜੀ ਧੁਗਾ, ਸ਼ਹੀਦ ਭਾ: ਜਵਾਲਾ ਸਿੰਘ ਜੀ ਅਕਾਲੀ ਜਥੇ ਦਾਰ ਫਤਹਪੁਰ ਕੋਡੀ, ਆਪਣੇ ਇਕ ਸਜਣ ਪਾਸ ਮੰਡੇਰ ਆਏ ਅਤੇ ਜਗਤ ਸਿੰਘ ਝੁਲੀ ਚੁਕ ਨੇ ਖਬਰ ਪਾ

ਝਟ ਪਟ ਅਬਦੁਲ ਅਜ਼ੀਜ਼ ਅਫਸਰ ਸੀ, ਆਈ. ਡੀ ਨੂੰ ਜਾਲੰਧਰ ਪਤਾ ਦਿਤਾ, ਦੋਪਹਿਰ ਬਾਦ ਜ਼ੈਕਬ ਡਿਪਤੀ ਸੁਪਰੰਟੈਂਡੰਟ ਸੀ. ਆਈ, ਡੀ ਰਸਾਲਾ, ਫੌਜ ਤੇ ਪੁਲਸ ਨੂੰ ਲੈਕੇ ਮੰਡੇਰ ਪੁਜੇ ਤੇ ਘੇਰਾ ਪਾਲਿਆ ਮਸ਼ੀਨ ਹੈਚ ਕੈਸ ਤੇ ਲੂਸ ਗਨ ਉਸ ਚੁਬਾਰੇ ਨੂੰ ਸਿਧੀਆਂ ਕਰਕੇ ਬੀੜ ਦਿਤੀਆਂ ਜਿਸ ਚੁਬਾਰੇ ਵਿਚ ਉਪਰ ਲਿਖੇ ਬਬਰ ਸ਼ੇਰ ਬਰਾਜ ਮਾਨ ਸੀ ਬਬਰ ਅਕਾਲੀਆਂ ਨੇ ਖਬਰ ਪਾਕੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਹੀ ਦੁਸ਼ਮਣਾ ਵਲ ਨੂੰ ਗੋਲੀਆਂ ਛਡਣੀਆਂ ਅਰੰਭ ਕਰ ਦਿਤੀਆਂ, ਇਸੇ ਤਰਹਾਗੁਰੂ ਕੇ ਸ਼ੇਰ ਸ਼ਤਰੂਆਂ ਦੇ ਦਲ ਨੂੰ ਜੈਕਾਰਿਆਂ ਤੇ ਗੋਲੀਆਂ ਦੁਆਰਾ ਪੰਜ ਛੇ ਘੰਟੇ ਤਕ ਸੇ ਮਰਦ ਹੋਕੇ ਜਵਾਬ ਦਿੰਦੇ ਰਹੇ ਕਿਉਂਕਿ ਦੁਸ਼ਮਣ ਦਾ ਘੇਰਾ ਪਿੰਡ ਛੋਟਾ ਹੋਣ ਕਰਕੇ ਨੇੜੇ ਹੀ ਸੀ ਆਪ ਜੀ ਨੂੰ ਅਫਸਰਾਂ ਵਲੋਂ ਆਖਿਆ ਗਿਆ ਕਿ ਹਥਿਆਰ ਸਿਟ ਕੇ ਗ੍ਰਿਫਤਾਰ ਹੋ ਜਾਓ ਭਾਵੇਂ ਇਸ ਵੇਲੇ ਸ਼ਹੀਦ ਬੰਤਾ ਸਿੰਘ ਜੀ ਤੇ ਸ਼ਹੀਦ ਭਾਈ ਜਵਾਲਾ ਸਿੰਘ ਜੀ ਗੋਲੀ ਨਾਲ ਸਖਤ ਜ਼ਖਮੀ ਹੋ ਚੁਕੇ ਸੀ, ਪਰ ਤਾਂ ਭੀ ਉਕਤ ਵੀਰਾਂ ਨੇ ਸ਼ੇਰ ਵਾਂਗ ਗਜ ਕੇ ਆਖਿਆ ਕਿ ਅਸੀਂ ਉਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੇ ਲਾਸਾਨੀ ਬਹਾਦਰ ਸਿਖ ਹਾਂ ਜਿਸ ਨੇ ਦੇਸ਼ ਧਰਮ ਉਤੋਂ ਆਪਣੇ ਬਚੇ ਜੰਗ ਮੈਦਾਨ ਅੰਦਰ ਟੋਟੇ ਟੋਟੇ ਤਾਂ ਕਰਵਾਲਏ ਰਾਜ ਭਾਗ ਛਡੇ ਪਰ ਦਸ ਲਖ ਸ਼ਾਹੀ ਫੌਜ ਅੱਗੇ ਆਪਣੇ ਪਾਸ ਮੁਠੀ ਭਰ ਹੁੰਦਿਆਂ ਹੋਇਆਂ ਸ਼ਸਤਰ ਨਹੀਂ ਸਨ ਸਟੇ ਅਸਾਂਨੇ ਭੀ ਉਸੇ ਦਸਮੇਸ਼ ਜੀ ਦਾ ਅਮ੍ਰਿਤ ਛਕਿਆ ਹੈ, ਫਿਰ ਕਿਉਂ ਕਾਇਰਾਂ ਵਾਂਗ ਹਥਿਆਰ ਸਿਟ ਕੇ ਤੁਹਾਡੇ ਜ਼ਾਲਮਾਂ ਦੇ ਹਵਾਲੇ ਹੋਈਏ ਅਸੀਂ ਮਰਦ ਹਾਂ ਮਰਦਾਂ ਵਾਂਗੂ ਅੰਤਮ ਦਮ ਤੀਕਰ ਲੜਕੇ ਧਰਮ ਅਰ ਦੇਸ਼ ਦੀ ਅਜ਼ਾਦੀ ਲਈ ਪੁਰਜਾ ਪੁਰਜਾ ਹੋਕੇ (ਸੂਰਾ ਸੋ ਪਹਿਚਾਨੀਏ ਜੋ ਲਰੇ ਦੀਨ ਕੇ ਹੇਤ ਪੁਰਜਾ ਪੁਰਜਾ ਕਟ ਮਰੇ ਕਬਹੂੰਨ ਛੋਡੇ ਖੇਤ) ਮਹਾਂ ਵਾਕ ਉਤੇ ਫੁਲ ਚੜਾਵਾਂਗੇ ਇਨੇ ਬਚਨ ਹੁੰਦਿਆਂ ਨੂੰ ਸੂਰਜ ਦੇਵਤਾ ਰੁਸ ਕੇ ਲਹਿੰਦੇ ਵਲ ਨੂੰ ਟਰ ਗਿਆ ਕਿਸੇ ਦੁਸਮਣ ਨੇ ਹੇਠਲੇ ਮਕਾਨ ਨੂੰ ਅਗ ਲਾ ਦਿਤੀ ਜਦ ਬੈਸੰਤਰ ਦੇਵਤਾ ਨੇ ਲਾਟਾਂ ਕਢੀਆਂ, ਤੇ ਉਹ

ਛਤ ਗਿਰਨ ਉਤੇ ਆਈ ਜਿਸ ਉਤੇ ਉਹ ਬਬਰ ਸ਼ੇਰ ਬੈਠੇ ਸਨ ਤਦ ਬਬਰ ਸ਼ੇਰ ਨੇ ਨਿਕਾ ਜਿਹਾ ਗੁਰਮਤਾ ਕਰਕੇ ਕਿ ਭਾਈ ਵਰਿਆਮ ਸਿੰਘ ਜੀ ਜੋ ਅਜੇ ਜ਼ਖਮੀ ਨਹੀਂ ਸਨ ਹਰਣ ਹੋ ਜਾਣ ਇਸ ਫੈਸਲੇ ਮੁਤਾਬਕ ਭਾ. ਵਰਿਆਮ ਸਿੰਘ ਜੀ ਨੇ ਪਿਆਰੇ ਸਾਥੀਆ ਨੂੰ ਅੰਤਮ ਫਤਹ ਬੁਲਾ ਕੇ ਛੁਟੀ ਲੀਤੀ, ਅਤੇ ਦੁਸਮਣਾਂ ਦਾ ਘੇਰਾ ਇਸ ਸੜ ਰਹੇ ਮਕਾਨ ਦੇ ਇਰਦ ਗਿਰਦ ਕੋੜੀਆਂ ਵਾਂਗ ਪੈ ਚੁਕਾ ਸੀ ਧੁਰਗਾ ਬਹਾਦਰ ਨੇ ਦੁਸ਼ਮਣਾ ਵਿਚ ਛਾਲ ਮਾਰ ਦਿਤੀ ਆਪ ਉਤੇ ਵੈਰੀ ਪਏ, ਪਰ ਆਪ ਨੇ ਹੌਸਲਾ ਨਹੀਂ ਛਡਿਆ ਦੋ ਚਾਰ ਗੋਲੀਆਂ ਛਡਕੇ ਇਕ ਨੂੰ ਮਾਰ ਦੂੰ ਤਿਨਾਂ ਨੂੰ ਜ਼ਖਮੀ ਕੀਤਾ ਅਰ ਮਾਰ ਮਾਰ ਕੇ ਸ਼ੇਰ ਵਾਂਗ ਦੁਸ਼ਮਣਾਂ ਵਿਚੋਂ ਨਿਕਲੇ, ਘੋੜ ਚੜੇ ਸਵਾਰ ਆਪ ਜੀ ਦੇ ਮਗਰ ਪਏ ਪਰ ਘੋੜੇ ਅਪ ਤਕ ਨਹੀਂ ਅਪੜ ਸਕੇ, ਆਪ ਇੰਝ ਨਿਕਲ ਗਏ ਜਿਵੇਂ ਮਖਣ ਵਿਚੋਂ ਵਾਲ ਜਿਸ ਵੇਲੇ ਅਗ ਜਿਆਦਾ ਜ਼ੋਰ ਫੜ ਗਈ ਉਸ ਵੇਲੇ ਛਤ (ਜਿਸ ਉਤੇ ਬਬਰ ਮੋਰਚਾ ਲਾਈ ਬੈਠੇ ਸਨ) ਡਿਗ ਪਈ, ਤਦ ਨਾਲ ਹੀ ਬਬਰ ਸ਼ੇਰ ਭੀ ਪ੍ਰਣ ਨਿਭੌਂਦੇ ਹੋਏ ਸਟਕ ਚੋਲੇ ਬਸੰਤਰ ਦੇਵਤਾ ਨੂੰ ਅਰਪਕੇ ਆਪ ਸ੍ਰੀ ਦਸਮੇਸ਼ ਜੀ ਦੀ ਗੋਦ ਵਿਚ ਜਾ ਬਰਾਜੇ, ਅਰ ਸ਼ਹੀਦ ਭਾਈ ਕਰਮ ਸਿੰਘ ਜੀ ਬਬਰ, ਆਦਿ ਬਬਰ ਅਕਾਲੀਆਂ ਨੂੰ ਮਿਲਕੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਫੌਜ ਵਿਚ ਜਾ ਦਾਖਲ ਹੋਏ ਅਰ ਬਾਬਾ ਜੀ ਨੇ ਉਕਤ ਯੋਧਿਆ ਨੂੰ ਛਾਤੀ ਨਾਲ ਲਾਕੇ ਆਖਿਆ ਕਿ ਸ਼ਾਬਾਸ ਬਹਾਦਰੋ ਤੁਸੀਂ ਮੇਰੀ ਜਨਮ ਭੂਮੀ ਦੁਆਬੇ ਵਿਚ ਮੁੜ ਸ਼ਹੀਦੀ ਦਾ ਬੀਜ ਬੀਜ ਆਏ।

ਸ਼ਹੀਦ ਭਾ. ਜੁਵਾਲਾ ਸਿੰਘ ਜੀ

ਇਸ ਮਹਾਂ ਪੁਰਸ਼ ਨੇ ਸ. ਸੁੰਦਰ ਸਿੰਘ ਜੀ ਦੇ ਘਰ ਫਤਹਪੁਰ ਕੋਠੀ ਜ਼ਿਲਾ ਹੁਸ਼ਿਆਰਪੁਰ ਵਿਖੇ ਜਨਮ ਲੀਤਾ ਸੀ, ਅਤੇ ਆਪ ਪਲਟਣ ਵਿਚ ਨੌਕਰ ਹੋਗਏ, ਕਰੀਬ ਚਾਰ ਸਾਲ ਬਾਦ ਨਾਮਿਲ੍ਹ ਵਰਤਣ ਦੇ ਅਸੂਲ ਅਨੁਸਾਰ ਆਪ ਨੌਕਰੀ ਨੂੰ ਛਡਕੇ ਪਿੰਡ ਆਕੇ

ਅਕਾਲੀ ਸਜ ਗਏ, ਤੇ ਹੋਰ ਭੀ ਬਹੁਤ ਸਾਰੇ ਲੋਕਾਂ ਨੂੰ ਆਪ ਜੀ ਨੇ ਅਕਾਲੀ ਸਜਾਇਆ, ਅਰ ਸੰਗਤ ਨੇ ਆਪ ਨੂੰ ਹੀ ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਨੀਯਤ ਕਰ ਦਿਤਾ ਕਿਉਂਕਿ ਆਪ ਗੁਰਮੁਖੀ ਚੰਗੀ ਪੜ੍ਹੇ ਹੋਏ ਤੇ ਸਚੇ ਕੌਮੀ ਸੇਵਕ ਸਨ ਬਬਰ ਜੀ ਤੇ ਬਬਰ ਅਕਾਲੀ ਦੁਆਬਾ ਅਖਬਾਰ ਦੇ ਪ੍ਰਚਾਰ ਨਾਲ ਆਪ ਨੂੰ ਬੀਰਤਾ ਤੇ ਦੇਸ਼ ਭਗਤੀ ਦੀ ਹੋਰ ਭੀ ਰੰਗਣ ਚੜ੍ਹ ਗਈ ਅਤੇ ਆਪ ਸਿਰ ਹਤੇਲੀ ਤੇ ਰਖ ਕੇ ਆਪ ਬਬਰ ਅਕਾਲੀ ਜਥੇ ਦੇ ਮੈਦਾਨੀ ਮੈਂਬਰ ਬਣ ਗਏ, ਅਰ ਭਾਈ ਬੰਤਾ ਸਿੰਘ ਜੀ ਸ਼ਹੀਦ ਆਦਿ ਬਬਰਾਂ ਦੇ ਨਾਲ ਹਰ ਸਮੇਂ ਰਹਣ ਲਗ ਗਏ ਸੰਸਾਰ ਵਿਚ ਪਰ ਉਪਕਾਰ ਕਰਕੇ ਸਚ ਖੰਡ ਜਾ ਵਸੇ।

ਸ਼ਹੀਦ ਭਾਂ ਵਰਿਆਮ ਸਿੰਘ ਜੀ ਧੁਗਾ

ਮੈਂ ਉਪਰ ਲਿਖ ਆਇਆ ਹਾਂ ਕਿ ਸ਼ਹੀਦ ਭਾ: ਵਰਿਆਮ ਸਿੰਘ ਜੀ ਧੁਗਾ, ਪਿੰਡ ਮੰਡਰ ਬਲਦੀ ਅਗ ਵਿਚੋਂ ਕਿਵੇਂ ਬਹਾਦ੍ਰਨਾ ਤਰੀਕੇ ਨਾਲ ਨਿਕਲੇ ਸਨ ਇਸ ਦੇ ਪਿਛੋਂ ਵੀ ਇਕ ਵਾਰ ਆਪ ਡਿਜ ਕੋਟ ਆਪਣੇ ਇਕ ਮਿਤਰ ਕੋਲ ਗਏ ਹੋਏ ਸੀ, ਉਥੋਂ ਛਲ ਵਲੇਵੇਂ ਨਾਲ ਇਸ ਦਾ ਮਾਮਾ ਦਲੇਲ ਸਿੰਹੁ (ਆਪਣੇ ਪਿੰਡ ਸਰਹਾਲੇ ਜ਼ਿਲਾ ਲ ਇਲਪੁਰ) ਲੈ ਗਿਆ ਇਕ ਦਿਨ ਰਸਾਲੇ ਤੇ ਪੁਲਸ ਨੂੰ ਖਬਰ ਦੇਕੇ ਘੇਰਾ ਪੁਆ ਦਿਤਾ, ਖਬਰ ਪਾਕੇ ਬਹਾਦਰ ਨੇ ਮਿਆਨੋਂ ਤਲਵਾਰ ਧੂ ਲਈ ਤੇ ਬਹੁਤ ਸਾਰੇ ਗ਼ਦਾਰ ਝੋਲੀ ਚੁਕ ਬੀਰ ਨੇ ਜ਼ਖਮੀ ਕੀਤੇ ਆਪ ਜੀ ਦੇ ਭੀ ਤਿਨ ਗੋਲੀਆਂ ਲਗੀਆਂ, ਇਕ ਮਥੇ ਦੂਜੀ ਖੁਚ ਤੀਜੀ ਪਿਠ, ਪਰ ਫਿਰ ਭੀ ਬਹਾਦਰ ਸ਼ਤਰੂ ਤੇ ਫਾਇਰ ਤੇ ਤਲਵਾਰ ਦਾ ਵਾਰ ਕਰਦਾ ਹੋਇਆ ਲਲਕਾਰ ਕੇ ਨਿਕਲ ਗਿਆ ਸੋਲਾਂ ਮੀਲ ਰਸਾਲਾ ਪਿਛੇ ਗਿਆ ਪਰ ਸੋਲਾਂ ਮੀਲ ਜਾਕੇ ਬਹਾਦਰ ਦੁਸ਼ਮਣਾਂ ਦੀ ਨਿਗਾਹ ਤੋਂ ਉਹਲੇ ਹੋਗਿਆ (ਇਸ ਤੋਂ ਪੈਹਲਾਂ ਹੋਰ ਭੀ ਕਈ ਥਾਵੀਂ ਪੁਲਸ ਨਾਲ ਮੁਠ ਭੇੜ ਹੋਈ ਪਰ ਆਪ ਹਮੇਸ਼ਾਂ ਫਤਹ ਪੌਂਦੇ ਰਹੇ) ਸ਼ਹੀਦ ਭਾ. ਸਾਹਿਬ

ਜੀ ਨੂੰ ਏਹ ਨਾ ਪਤਾ ਲਗਾ ਕਿ ਮੇਰੇ ਮਾਮੇ ਤੇ ਮਾਮੇ ਦੇ ਜਵਾ
ਰਲਾ ਸਿੰਹੁ ਵਲਦ ਦੇਵਾ ਸਿੰਹੁ (ਜੋ ਢੇਸੀਆਂ ਜ਼ਿਲਾ ਲਾਇਲਪੁਰ
ਸੀ) ਦੀ ਬੇਈਮਾਨੀ ਨਾਲ ਮੈਂ ਜ਼ਖਮੀ ਹੋਇਆ, ਤੇ ਇਨ੍ਹਾਂ ਮੈਨੂੰ ਮਰਵੇ
ਦੀ ਗੋਂਦ ਗੁੰਦੀ ਹੋਈ ਹੈ, ਇਸ ਸਾਕੇ ਤੋਂ ਇਕ ਹਫਤਾ ਬ
ਦਲੇਲ ਸਿੰਹੁ ਸਰਹਾਲੇ ਤੇ ਰਲਾ ਸਿੰਹੁ, ਦੋਵੇਂ ਭਾਈ ਸਾਹਿਬ ਨੂੰ ਆਪ
ਘਰ ਲੇਗਏ, ਦੇਵੀ ਦਿਤਾ ਖਤਰੀ (ਜੋ ਖਾਸ ਲਾਇਲਪੁਰ ਝੰਗ ਬਜ਼
ਰਹਿੰਦਾ ਸੀ) ਦੀ ਸਾਜ਼ਸ਼ ਨਾਲ ਭਾਈ ਸਾਹਿਬ ਜੀ ਦੇ ਹਥਿਅ
ਬੰਦੂਕ ਪਸਤੌਲ ਆਦ ਭਾ. ਰਲਾ ਸਿੰਹ ਦੇਸ਼ ਘਾਤੀ ਨੇ (ਜੋ ਬਾਹਰੋਂ ਮਿ
ਬਣਿਆ ਹੋਇਆ ਸੀ ਦੇਵੀ ਦਿਤੇ ਖਤਰੀ ਨੂੰ ਜਿਸ ਨੇ ਸਾਰੀ ਕਹਾ
ਸੁਣਾਂਕੇ ਲਾਲਚ ਦੇਕੇ ਫੜੌਣ ਦੀ ਸਾਜ਼ਸ਼ ਕੀਤੀ ਹੋਈ ਸੀ) ਲਕੋ ਰ
ਸਨ, ਉਸੇ ਵੇਲੇ ਦੇਵੀ ਦਿਤੇ ਨੇ ਰਸਾਲਾ, ਫੌਜ ਪੁਲਸ ਤੇ ਕਈ ਅੰਗ੍
ਅਫਸਰ ਬੁਲਾਕੇ ਸੁਤੇ ਪਏ ਸ਼ੇਰ ਤੇ ਹਮਲਾ ਕਰਵਾ ਦਿਤਾ ਤੇ ਗੋਲੀਆਂ
ਬਾਲੀ ਕੀਤੀ ਗਈ, ਨਿਹਥੇ ਹੁੰਦੇ ਹੋਏ ਜ਼ਖਮ ਖਾਕੇ ਭੀ ਬਬਰ ਸ਼ੇਰ
ਹੌਸਲਾ ਨਹੀਂ ਹਾਰਿਆ ਘੇਰੇ ਪਏ ਤੋਂ ਸਤਿ ਸ੍ਰੀ ਅਕਾਲ ਗਜ
ਬਹਾਦਰ ਸ਼ੇਰ ਵਾਂਗ ਦੁਸ਼ਮਣਾ ਤੇ ਟੁਟ ਪਿਆ, ਅਰ ਤਲਵਾਰ ਨਾ
ਇਕ ਅੰਗਰੇਜ਼ ਅਫਸਰ ਦੀ ਬਾਂਹ † ਵਢ ਕੇ ਪਿੰਡ ਘੇਰੇ ਦੇ ਵਿ
ਜੈਕਾਰੇ ਗਜੌਂਦਾ ਹੋਇਆ ਬਬਰ ਸ਼ੇਰ ਵਾਂਗ ਨਿਕਲਿਆ ਪਰ
ਦੁਸ਼ਮਣਾ ਨੇ ਗੋਲੀਆਂ ਦੀ ਅਜੇਹੀ ਬੁਛਾੜ ਛਡੀ ਕਿ ਆਪ ਇਤ
ਸਖਤ ਜ਼ਖਮੀ ਹੋਏ ਕਿ ਚਲਣ ਦੇ ਕਾਬਲ ਭੀ ਨਾ ਰਹੇ ਪਰ ਲੰਗ
ਸ਼ੇਰ ਭੇਡਾਂ ਲਈ ਕਾਫੀ ਦੀ ਕਹਾਣੀ ਅਨੁਸਾਰ ਆਪ ਮੰਗਵੀਂ ਧਾੜ
ਤੇ ਭੀਤ ਕਰ ਰਹੇ ਸਨ, ਕੋਈ ਨੇੜੇ ਨਹੀਂ ਸੀ ਔਂਦਾ, ਜਿਆ
ਗੋਲੀਆਂ ਲਗਕੇ ਆਪ ਜੀ ਦਾ ਜਿਸਮ ਛਾਨਣੀ ਵਾਂਗ ਹੋਗਿਆ,
ਮੈਦਾਨ ਵਿਚ ਟੋਟੇ ਟੋਟੇ ਹੋਕੇ ਪੰਜ ਭੂਤਕ ਚੋਲਾ ਮਾਤ ਲੋਕ ਵਿਚ ਛ

---

† ਜੇ ਆਪ ਜੀ ਦੇ ਪਾਸ ਸ਼ਸਤ੍ਰ ਕੈਮ ਹੁੰਦੇ ਤਾਂ ਚੰਗੇ ਗੁ
ਖਲੌਂਦੇ ।

ਕੇ ਆਪ ਅਪਣੇ ਪ੍ਰੇਮ ਹਿਤੂ ਮਿਤਰ ਬੰਤਾ ਸਿੰਘ ਜੀ ਆਦ ਸ਼ਹੀਦਾਂ ਨੂੰ ਸਚ ਖੰਡ ਵਿਚ ਜਾ ਮਿਲੇ ਅਰ ਜਨਮ ਮਰਨ ਦਾ ਗੇੜ ਸਦਾ ਲਈ ਮੁਕਾਕੇ ਸ੍ਰੀ ਦਸਮੇਸ਼ ਜੀ ਦੀ ਗੋਦ ਵਿਚ ਜਾ ਬ੍ਰਾਜੇ।

ਮੈਂ ਉਪਰ ਕਿਸੇ ਥਾਂ ਲਿਖ ਆਇਆ ਹਾਂ ਕਿ ਨੌਕਰ ਸ਼ਾਹੀ ਨੇ ਬਬਰ ਅਕਾਲੀਆਂ ਨੂੰ ਫੜੋਨ ਨੂੰ ਅਸਮ੍ਰਥ ਰਹਿਕੇ ਅਕਾਲੀ ਲਹਿਰ ਨੂੰ ਦਬੌਣ ਹਿਤ ਸ਼ਾਂਤ ਮਈ ਅਕਾਲੀਆਂ ਸੈਂਕੜਿਆਂ ਦੀ ਗਿਣਤੀ ਤਾਂ ੨੨ ਅਪ੍ਰੈਲ ੧੯੨੩ ਨੂੰ ਹੀ ਫੜ ਲਏ ਸਨ, ਪਰ ਇਸ ਦੇ ਪਿਛੋਂ ਭੀ ਚੋਣਵੇਂ ਚੋਣਵੇਂ ਅਕਾਲੀਆਂ ਨੂੰ ਫੜਨ ਦਾ ਕੰਮ ਜਾਰੀ ਕਰ ਰਖਿਆ ਪਰ ਕਈ ਬੰਦੇ ਇਨ੍ਹਾਂ ਵਿਚ ਉਹ ਭੀ ਪਕੜ ਗਏ ਜੋ ਪੁਲਸ ਦੇ ਗੁਲਾਮ ਸਨ ਉਹ ਤੇ ਗਏ ਹੀ ਪੁਲਸ ਦੇ ਬੁਲਾਰੇ ਸੀ, ਅਥਾਹ ਕਹਾਣੀਆਂ ਪੁਲਸ ਨੇ ਉਨ੍ਹਾਂ ਨੂੰ ਸਿਖਾਈਆਂ ਅਰ ਸਿਖ ਗਏ ਅਰ ਧਰਮੀ ਪਤੰਗੇ ਅਕਾਲੀਆਂ ਉਤੇ ਸਖਤੀ ਹੋਣੀ ਭੀ ਅਰੰਭ ਹੋਈ ਕਿ ਏਹ ਇਕਬਾਲ ਕਰਨ, ਮੀਰ ਫਜ਼ਲ ਇਮਾਮ ਇਨਸਪੈਕਟਰ ਸੀ, ਆਈ, ਡੀ ਪਿੰਡ ਛਤ ਬਨੂੜ ਰਿਆਸਤ ਪਟਿਆਲਾ, ਸ਼ੇਖ ਅਬਦਲ ਅਜ਼ੀਜ਼ ਸਪ੍ਰੰਟੰਡੰਟ ਸੀ, ਆਈ, ਡੀ, ਕਾਹਨ ਸਿੰਘ ਤੇ ਹਾਕਮ ਸਿੰਹੁ ਥਾਣੇਦਾਰ ਭਲੜੀ ਭਲਾਣ ਦਾ ਬਾਹਮਣ, ਸ਼ੇਰ ਮੁਹੰਮਦ ਥਾਣੇਦਾਰ ਸੀ, ਆਈ, ਡੀ ਬੂਟਾ ਰਾਮ ਇਨਸਪੈਕਟਰ ਸੀ, ਆਈ, ਡੀ ਅਹਿਮਦ ਸ਼ਾਹ ਇਨਸਪੈਕਟਰ ਸੀ, ਆਈ. ਡੀ ਆਦ ਕਸਾਈਆਂ ਨੇ ਆਦ ਅਕਾਲੀਆਂ ਸਿੰਘਾਂ ਨੂੰ ਬਨ੍ਹ ਬਨ੍ਹ ਕੇ ਕੁਟਣਾ ਸ਼ੁਰੂ ਕੀਤਾ, ਮੰਜਿਆਂ ਹੇਠ ਹਥ ਦਿਤੇ ਗਏ ਦਾਹੜੇ ਕੇਸ ਪੁਟੇ ਗਏ ਹੋਰ ਭਾਂਤ ੨ ਦੀ ਗੁਝੀ ਮਾਰ ਕੀਤੀ ਗਈ, ਪਰ ਉਹ ਕੌਮ ਦੇ ਸ਼ੂਰ ਬੀਰ ਕਦੋਂ ਸਿਦਕੋਂ ਹਾਰ ਸਕਦੇ ਹਨ ਜਿਸ ਦੇ ਵਜ਼ੁਰਗ ਚਰਖੀਆਂ ਤੇ ਚੜ੍ਹ ਖੋਪਰੀਆਂ ਲੁਹਾ ਤਨ ਆਰਿਆਂ ਨਾਲ ਚਰਾ ਬੰਦ ਬੰਦ ਕਟਵਾ ਦੇਗਾਂ ਵਿਚ ਜਿਸਮ ਉਬਲਾ ਤਨ ਰੂੰ ਵਿਚ ਲਪਟਾ

ਅਗਨ ਭੇਟ ਹੁੰਦਿਆਂ ਭਠੀਆਂ ਵਿਚ ਬਲਦਿਆਂ ਛਵੀਆਂ ਗੋਲੀਆਂ ਤੇ ਬੰਬਾਂ ਨਾਲ ਉਡਦਿਆਂ ਫਾਂਸੀ ਦੇ ਤਖਤੇ ਤੇ ਚੜਦਿਆਂ ਹੋਇਆਂ ਦੇਸ਼ ਦੀ ਸੇਵਾ ਦੇ ਫਰਜ਼ ਨੂੰ ਨਭਾਇਆ ਹੋਵੇ ਅੰਤ ਸੀ, ਆਈ ਤੀ ਝੂਠੇ ਤੇ ਫਰਜ਼ੀ ਇਕਬਾਲ ਬਣਾਨ ਹਿਤ ਸਰਕਾਰ ਦੇ ਇਕ ਵਡੇ ਗੁਲਾਮ ਜੋ ਪੇਟ ਖਾਤਰ ਜਮੀਰ ਵਾ ਈਮਾਨ ਬੇਚ ਚੁਕਾ ਸੀ ਤੇ ਨਾਮ ਉਸਦਾ ਅਬਦੁਲ ਫਤਹ ਮੁਜਸਟ੍ਰੇਟ ਦਰਜਾ ਅਵਲ ਜਾਲੰਧਰ ਸੀ ਬਸ ਫੇਰ ਕੀ ਸੀ ਬੈਹਿਦਾ ਮੁਆਫ ਦੇ ਉਨ੍ਹਾਂ ਬਿਆਨਾਂ ਦੇ ਆਧਾਰ ਉਤੇ (ਜੋ ਉਨ੍ਹਾਂ ਨੂੰ ਪੁਲਸ ਨੇ ਹੀ ਫਰਜੀ ਕਹਾਣੀਆਂ ਸਖਾਈਆਂ ਸੀ)ਮੁਲਜ਼ਮ ਅਕਾਲੀਆਂ ਨੂੰ ਬਦਨਾਮ ਕਰਨੇ ਤੇ ਫਸੌਣ ਵਾਸਤੇ ਝੂਠੇ ਇਕਬਾਲੀ ਬਣਾਏ ਗਏ, ਅਰ ਅਕਾਲੀਆਂ ਨੂੰ ਮਾਰ ਮਾਰ ਕੇ ਬੇਹੋਸ਼ੀ ਵਿਚ ਉਨ੍ਹਾਂ ਦੇ ਅੰਗੂਠੇ ਇਕਬਾਲਾਂ ਉਤੇ ਲਗਾ ਲਏ।

ਵੈਹਦਾ ਮਾਫ

ਪੁਲਸ ਨੇ ਚੰਦ ਇਕ ਆਦਮੀ ਅਜੇਹੇ ਭੀ ਅਕਾਲੀਆਂ ਵਿਚ ਗ੍ਰਿਫਤਾਰ ਕਰ ਲਏ ਜੋ ਕੁਝ ਤਾਂ ਪੁਲਸ ਨਾਲ ਪਹਿਲੋਂ ਹੀ ਮਿਲੇ ਹੋਏ ਤਅਲਕ ਰਖਦੇ ਸਨ, ਅਤੇ ਕਈ ਫਕੀਰ ਫੁਕਰੇ ਟੁਕੜ ਗਦਾਈ ਦਰ ਬਦਰ ਘਰ ਘਰ ਮੰਗਤੇ ਤੇਲੀ ਮੋਚੀ ਸੁਨਿਆਰ ਚੁਮਾਰ ਛੀਂਬੇ ਜੋ ਥੋੜੇ ਡਰੌਣ ਧਮਕੌਣ ਨਾਲ ਪੁਲਸ ਦੇ ਹਥ ਵਿਚ ਖੇਲਣੋਂ ਨਾ ਝਿਜਕਣ ਅਜੇਹੇ ਜ਼ਮੀਰ, ਈਮਾਨ ਤੇ ਕੌਮ ਫਰੋਸ਼ਾਂ ਵਿਚੋਂ ਬਾਈ ਆਦਮੀ ਵੈਹਦਾ ਮੁਆਫ ਬਣਾ ਲਏ ਅਰ ਪੁਲਸ ਨੇ ਫਰਜ਼ੀ ਕਹਾਣੀਆਂ ਦੇ ਰੀਕਾਰਡ ਲਗਾਕੇ ਇਨਾਂ ਨੂੰ ਫੋਨੋਗ੍ਰਾਮ ਬਨਾ ਲਿਆ ਤੇ ਓਹ ਭਦਰ ਪੁਰਸ਼ ਤੁਰਤ ਹੀ ਅਲਾਪਣ ਲਗ ਗਏ, ਹੁਣ ਮੈਂ ਉਨਾਂ ਦੀ ਜਿੰਦਗੀ ਦਾ ਥੋੜਾ ਥੋੜਾ ਸਮਾਚਾਰ ਉਨ੍ਹਾਂ ਕਮਬਖਤਾਂ ਦੇ ਨਾਮ ਪਤੇ ਲਿਖਦਾ ਹਾਂ

ਵੈਹਦਾ ਮੁਆਫ ਅਮਰ ਸਿੰਘ ਸੁਨਿਆਰ ਨੰ. ੧

ਏਹ ਸ਼ਖਸ ਕੋਟ ਬਾਰੇ ਖਾਂ ਜ਼ਿਲਾ ਗੁਜਰਾਂ ਵਾਲੇ ਦੇ ਗੰਡਾ ਸਿੰਘ ਸੁਨਿਆਰੇ ਦੇ ਘਰ ਜਮਿਆ ਸੀ, ਉਸ ਕੰਮਬਖਤ ਨੇ ਇਸ ਨੂੰ

ਸੁਨਿਆਰਾ ਕੰਮ ਤਾਂ ਨਾ ਸਖਾਇਆ ਪਰ ਤਿਨ ਜਮਾਤਾਂ ਉਰਦੂ ਦੀਆਂ ਪੜ੍ਹਾ ਦਿਤੀਆਂ ਜਿਸ ਕਰਕੇ ਏਹ ਰੋਟੀ ਕਮੌਣ ਦੇ ਕਾਬਲ ਨਾ ਹੋ ਸਕਿਆ ਧੋਬੀ ਦਾ ਕੁਤਾ ਘਰ ਦਾ ਨਾ ਘਾਟ ਦਾ" ਦੀ ਕਹਾਵਤ ਅਨੁਸਾਰ ਵਿਚ ਵਚਾਲੇ ਠੇਡੇ ਖਾਣ ਲਗਾ, ਤੇ ਕਈ ਭੈੜੀਆਂ ਬਲਾਈ ਏਹਨੂੰ ਚਿੰਬੜ ਗਈਆਂ, ਭੁਖ ਦੇ ਦੁਖ ਤੋਂ ਤੰਗ ਆਕੇ ੩੫ ਨੰਬਰ ਪਲ-ਟਨ ਵਿਚ ਨੌਕਰ ਹੋ ਗਿਆ ਪਰ ਇਹ ਨਾਲਾਇਕ ਉਥੇ ਭੀ ਪੂਰੀ ਨਾ ਪਾ ਸਕਿਆ ਮਾਰਚ ਦੇ ਅਖੀਰ ੧੯੨੧ ਨੂੰ ਪਲਟਣ ਵਿਚੋਂ ਭਗੌੜਾ ਹੋ ਗਿਆ ਰੱਦ ਖਲੱਕਾਂ ਵਾਂਗ ਫਿਰਦਾ ਵੇਖ ਕੇ ਪੁਲਸ ਨੇ ਅਮ੍ਰਿਤਸਰ ਦੇ ਸਟੇਸ਼ਨ ਤੋਂ ਫੜ ਲੀਤਾ, ਤੇ ਇਸ ਨੇ ਪੁਲਸ ਨੂੰ ਬਿਆਨ ਵਿਚ ਕਿਤਨਾ ਹੀ ਉਟ ਪਟਾਂਗ ਲਿਖਾ ਦਿਤਾ ਜਿਸ ਕਰਕੇ ਪੁਲਸ ਨੇ ਇਸ ਨੂੰ ੧੯੨੧ ਦੀ ਸਾਜ਼ਸ਼ ਵਿਚ ਮੁਜਰਮ ਸਮਝਕੇ ਚਾਲਾਣ ਕਰ ਦਿਤਾ ਕਿਉਂਕਿ ਇਸ ਨੇ ਕੰਮ ਤਾਂ ਕੋਈ ਕੀਤਾ ਹੀ ਨਹੀਂ ਸੀ ਇਸ ਲਈ ਪੁਲਸ ਨੂੰ ਏਹ ਛਡਣਾ ਪਿਆ ਪਰ ਪਹਿਲੀ ਆਦਤ ਅਨੁਸਾਰ ਇਹ ਅਵਾਰਾ ਫਿਟਨ ਲਗਾ ਤੇ ਪੁਲਸ ਨੇ ੨੬ ਮਾਰਚ ੧੯੩੩, ੧੦੯ ਦਫਾ ਹੇਠ ਫਿਰ ਗਿਰਫਤਾਰ ਕਰ ਲਿਆ ਅਤੇ ਪਹਿਲਾਂ ਵਾਂਗ ਏਹ ਫੇਰ ਬਬਰ ਅਕਾਲੀਆਂ ਦੇ ਬ੍ਰਖਲਾਫ ਬਕਵਾਸ ਕਰਨ ਲਗਾ ਤੇ ਪੁਲਸ ਨੇ ਅਪਣੀ ਇਕ ਚੰਗੀ ਕਠ ਪੁਤਲੀ ਸਮਝਕੇ ਇਸ ਨੂੰ ਬਬਰ ਅਕਾਲੀ ਮੁਕਦਮੇ ਵਿਚ ਬਬਰਾਂ ਵਰੁਧ ਜ਼ਹਿਰ ਉਗਲਵਾਕੇ ਖੂਬ ਨਚਾਇਆ ਅਰ ਇਸ ਨੇ ਪੁਲਸ ਨੂੰ ਖੁਸ਼ ਕਰਨ ਵਾਸਤੇ ਝੂਠ ਬੋਲਣੋਂ ਜ਼ਰਾ ਗ੍ਰੇਜ਼ ਨਾ ਕੀਤਾ ਇਹਅਪਣੇ ਆਪਨੂੰ ਸਿਖਪ੍ਰਚਾਰਕਤੇ ਗੁਬੀਪਰਗਟ ਕਰਦਾ ਹੈ।

ਵੈਹਦਾ ਮੁਆਫ ਵਤਨ ਸਿੰਹ ਝੀਵਰ ਨੰ: ੨

ਏਹ ਬਦਕਾਰ ਪਡੋਰੀ ਨਿਝਰਾਂ ਜ਼ਿਲਾ ਜਾਲੰਧਰ ਦੇ ਹਰਨਾਮ ਸਿੰਹ ਮਹਿਰੇ (ਝੀਓਰ) ਦੇ ਘਰ ਜਮਿਆ ਸੀ ਕੁਝ ਕਾਲ ਤਾਂ ਪਿੰਡ ਦਾ ਪਾਣੀ ਭਰਦਾ ਰਿਹਾ ਪਰ ਜਰਮਨ ਦੀ ਲੜਾਈ ਹੋਣ ਵੇਲੇ ਇਹ ਪਲ-ਟਣ ਨੰ. ੩੫ ਸਿਖ ਵਿਚ ਨੌਕਰ ਹੋ ਗਿਆ ਕਿਉਂਕਿ ਇਸ ਮੌਕੇ

ਨਿਕੀਆਂ ਜ਼ਾਤਾਂ ਨੂੰ ਭੀ ਨੌਕਰ ਰਖ ਲੈਂਦੇ ਸੀ ੧੯੨੨ ਦੇ ਸ਼ੁਰੂ ਵਿਚ ਨੌਕਰੀ ਛਡ ਕੇ ਡਾਕੂਆਂ ਨਾਲ ਰਲਕੇ ਗੁਜ਼ਾਰਾ ਕਰਨ ਲਗਾ, ਅਤੇ ਵਾਰੰਟ ਜਾਰੀ ਹੋਨ ਪਰ ੨੧ ਅਪਰੇਲ ੧੯੨੩ ਨੂੰ ਥਾਣਾ ਆਦਮ ਪੁਰ ਦੇ ਇਕ ਆਦਮੀ ਨੇ ਇਸ ਨੂੰ ਗਿਰਫਤਾਰ ਇਸ ਦੇ ਪਿੰਡ ਕੋਲੋਂ ਜਾ ਕੀਤਾ, ਥਾਣੇ ਔਣ ਸਾਰ ਹੀ ਇਹ ਬਿਆਨ ਦੇਣ ਲਗ ਪਿਆ ਤੇ ਪੁਲਸ ਨੇ ਨਿਰਦੋਸ਼ ਦੇਸ਼ ਸੇਵਕਾਂ ਨੂੰ ਫਸੌਣ ਲਈ ਇਸ ਨੂੰ ਅਮਰ ਸਿੰਹ ਵੈਹਦਾ ਮੁਆਫ ਨੇ ਅਪਨਾ ਸਾਥੀ ਬਣਾਕੇ ਇਸ ਨੂੰ ਭੀ ਫਰਜ਼ੀ ਕਹਾਣੀਆਂ ਕੰਠ ਕਰਾ ਦਿਤੀਆਂ, ਤੇ ਵੈਹਦਾ ਮੁਆਫੀ ਲਾਣਤੀ ਜਾਮਾ ਪਹਿਨਾਇਆ ਗਿਆ ਤੇ ਏਹ ਦੇਸ਼ ਸੇਵਕਾਂ ਵਰੁਧ ਝੂਠ ਬੋਲਕੇ ਜ਼ਿਮੀ ਅਸਮਾਨ ਦੇ ਪਾੜੇ ਮੇਲਣੇ ਲਗਾ ਤੇ ਝੂਠ ਬੋਲਣੋਂ ਜ਼ਰਾ ਨ ਝਿਜਕਿਆ।

ਵੈਹਦਾ ਮੁਆਫ ਕਰਤਾਰ ਸਿੰਹ ਤੇਲੀ ਨੰ: ੩

ਇਸ ਨੇ ਪਿੰਡ ਦੇਸ਼ ਮਲਕਾਣਾ ਜ਼ਿਲਾ ਹਸਾਰ ਵਿਚ ਫਤੇਹ ਦੀਨ ਤੇਲੀ ਦੇ ਘਰ ਜਨਮ ਲੀਤਾ ਅਪਣੇ ਆਪ ਨੂੰ ਮੇਹਨਤ ਮਜ਼ਦੂਰੀ ਕਰਨ ਦੇ ਨਾ ਕਾਬਲ ਸਮਝ ਕੇ ਸਾਧ ਹੋ ਗਿਆ ਜੋ ਮੁੰਡੇ ਨਖਟੂ ਨਕੰਮੇ ਹੁੰਦੇ ਹਨ ਉਹ ਅਕਸਰ ਕਰਕੇ ਮਾਲਵੇ ਵਿਚ ਸਾਧ ਹੀ ਬਣ ਜਾਇਆ ਕਰਦੇ ਹਨ ਅੰਤੇ ਏਹ ਗਲ ਪ੍ਰਸਿਧ ਭੀ ਹੈ, ਕਿ ਜ਼ੀਮੀਦਾਰ ਦੇ ਕੰਮ ਤੋਂ ਤੰਗ ਆਕੇ ਮਾਲਵੇ ਦੇ ਮੁੰਡੇ ਟੁਕੜ ਗਦਾਈ ਸਾਧ ਹੀ ਬਣ ਜਾਇਆ ਕਰਦੇ ਹਨ, ਟੁਕੜੇ ਤੋਂ ਤੰਗ ਆਕੇ ਫੇਰ ਏਹ ਅਪਣੇ ਪਿੰਡ ਦੇ ਇਕ ਹੋਰ ਨਵੇਂ ਬਣੇ ਸਾਧ (ਗੁਰਬਖਸ਼ ਸਿੰਘ) ਨਾਲ ਦੁਆਬੇ ਵਿਚ ਆ ਗਏ ਅਤੇ ਸੰਤ ਮਿਤ ਸਿੰਹ ਟੁਕੜ ਬਚੇ ਕਿਸ਼ਨ ਪੁਰ ਨੂੰ ਅਮਿਲੇ, ਕਿਉਂਕਿ ਏਹ ਆਦਮੀ (ਕਰਤਾਰ ਸਿੰਘ) ਅਨ ਪੜ੍ਹ ਤੇ ਗੁਣ ਹੀਨ ਸੀ, ਇਸ ਕਰਕੇ ੧੯੨੨ ਦੇ ਸ਼ੁਰੂ ਵਿਚ ਏਸ ਨੇ ਪੁਲਸ ਰਾਣੀ ਦੀ ਸਰਨ ਲਈ ਜਿਸਦਾ ਵਰਨੰਨ ਮੈਂ ਕਿਤੇ ਪਿਛੇ ਕਰ ਆਇਆ ਹਾਂ, ਪੋਲੀਸ ਸੀ, ਆਈ ਡੀ ਨੇ ਵੇਖਿਆ ਕਿ ਏਹ ਦੇਸ਼ ਸੇਵਕਾਂ ਦਾ ਸ਼ਕਾਰ

ਕਾਫੀ ਖੇਡ ਚੁਕਾ ਹੈ ਤੇ ਹੁਣ ਲੋਕਾਂ ਨੂੰ ਏਹਦੇ ਧੋਖੇ ਤੇ ਗਿਆਤ ਹੋਗਈ ਹੈ ਤੇ ਹੁਣ ਏਹ ਬਾਹਰ ਕੰਮ ਕਰਨ ਦੇ ਕਾਬਲ ਨਹੀਂ ਰਿਹਾ ਤਦ ਸਾਜ਼ਸ਼ ਬਨਾ (ਜੋ ਮੁਕਦਮਾਂ ੧੫ ਅਗਸਤ ੧੯੨੩ ਤੋਂ ਚਲਦਾ ਸੀ) ਵਿਚ ਅਕਤੂਬਰ ੧੯੨੩ ਨੂੰ ਵੈਹਦਾਮੁਆਫ ਬਣਾ ਲਿਆ ਅਰ ਮਨਭੌਦੇ ਬਕਵਾਸ ਇਸ ਤੋਂ ਝੂਠ ਹੀ ਕਰਵਾ ਲਏ ਕਿਉਂਕਿ ਏਜ਼ਮੀਰ ਤਾਂ ਏਹ ਪਹਿਲ ਹੀ ਹੋਚੁਕਾਸੀ ਸੁਆਦਲੀ ਗਲ ਏਹ ਹੈ ਕਿ ਪੁਲਸ ਨੇ ਇਸ ਨੂੰ ਗਿਰਫਤਾਰ ਭੀ ਨਹੀਂ ਕੀਤਾ ਖੁਲੇ ਫਿਰਦੇ ਹੀ ਵੈਹਦਾ ਮੁਆਫ ਬਣਾ ਲੀਤਾ।

ਵੈਹਦਾ ਮੁਆਫ ਮੁਹੰਮਦ ਤਫੈਲ ਮੋਚੀ ਨੰ: ੪

ਇਸ ਕਾਫਰ ਨੇ ਪਡੋਰੀ ਨਿਝਰਾਂ ਜ਼ਿਲਾ ਜਾਲੰਧਰ ਦੇ ਇਮਾਮ ਦੀਨ ਮੋਚੀ ਦੇ ਘਰ ਜਨਮ ਲਿਆ ਤੇ ਮੇਹਨਤ ਮਜ਼ੂਰੀ ਕਰਕ ਗੁਜ਼ਰ ਕਰਦਾ ਰਿਹਾ ਪਰ ਏਹ ਛੋਕਰਾ ਬਿਲ ਕੁਲ ਗਿਰੇ ਹੋਏ ਚਾਲ ਚਲਣ ਦਾ ਸੀ ਇਹੋ ਜੇਹੇ ਬਦ ਇਖਲਾਕ ਤੇ ਬੇ ਜ਼ਮੀਰ ਡਰਪੋਕਾਂ ਦੀ ਕਦੇ ਕਦੇ ਹਕੂਮਤ ਅੰਗਰੇਜ਼ੀ ਦੀ ਪੁਲਸ ਰਾਣੀ ਨੂੰ ਜ਼ਰੂਰਤ ਪਿਆ ਕਰਦੀਹੈ, ਪਰ ਖਾਸ ਕਰਕੇ ਬਬਰ ਅਕਾਲੀ ਲਹਿਰ ਦੇ ਅਰੰਭ ਕਾਲ ਤੋਂ ਤਾਂ ਅਜਹੇ ਆਦਮੀ ਬਹੁਤ ਹੀ ਕੰਮ ਆਏ ਹਨ ਬਬਰ ਅਕਾਲੀ ਲਹਿਰ ਨੂੰ ਦਬੌਣ ਲਈ ਅਜੇਹੇ ਲੋਕਾਂ ਨੇ ਸਰਕਾਰ ਨੂੰ ਗੁਆਹੀਆਂ ਦੇ ਕੇ ਵਡੀ ਮਦਦ ਦਿਤੀ· ਇਸ ਖਿਆਲ ਨੂੰ ਮੱਦੇ ਨਜ਼ਰ ਰਖਕੇ ਅਕਾਲੀਆਂ ਉਤੇ ਇਸ ਨੂੰ ਵੈਹਦਾ ਮੁਆਫ ਬਣਾ ਕੇ ਦੇਸ਼ ਸੇਵਕਾਂ ਨੂੰ ਸਾਜ਼ਸ਼ ਵਿਚ ਫਸੌਣ ਦੇ ਯਤਨ ਕੀਤੇ।

ਮਹਿਤਾਬ ਸਿੰਹ ਓਰਫ ਆਸਾ ਸਿੰਹ ਨੰ: ੫

ਏਹ ਸ਼ਖਸ ਭਕੜੂਦੀ ਜ਼ਿਲਾ ਜਾਧੰਦਰ ਰਾਮ ਦਿਤੇ ਜਿਮੀਦਾਰ ਦੇ ਘਰ ਜਨਮਿਆਂ ਪਹਿਲੇ ਇਸ ਨੂੰ ਆਸਾ ਰਾਮ ਕਹਿੰਦੇ ਸਨ ਤੇ ਏਹ

ਇਕ ਤੋਪਖਾਨੇ ਵਿਚ ਨੌਕਰ ਜਾ ਹੋਇਆ ਅਤੇ ਇਸਦੇ ਪਿਛੋਂ ਕਨੇਡਾ ਨੂੰ ਚਲਾ ਗਿਆ ਅਰ ਫੇਰ ਦੇਸ਼ ਨੂੰ ਵਾਪਸ ਆਇਆ, ਤੇ ਬਾਹਮਣਾ ਦਾ ਪੱਕਾ ਚਾਟੜਾ ਸੀ, ਕੁਝ ਕਾਲ ਬਾਧ ਕੂਕਿਆਂ ਦਾ ਚਾਟੜਾ ਬਣ ਗਿਆ ਪਰ ਪੂਰੀ ਓਧਰ ਭੀ ਨਾ ਪਈ ਫਿਰ ਬਰਾਹਮਣ ਦੀ ਚਟਨੀ ਜਾਲਤਾ, ਤੇ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਪਿਛੋਂ ਲੋਕਾਂ ਨੂੰ ਅਕਾਲੀ ਸਜਦੇ ਵੇਖ ਕੇ ਅਕਾਲੀ ਬਣ ਗਿਆ, ਸਰਕਾਰ ਨੂੰ ਗਾਲ੍ਹਾਂ ਭੀ ਕਦੇ ਕਦੇ ਜਲਸਿਆਂ ਵਿਚ ਕਢ ਦਿਆ ਕਰੇ ਜਿਸ ਕਰਕੇ ਇਸ ਦਾ ਵਰੰਟ ਹੋ ਗਿਆ ਪਰ ਏਹ ਬੁਜ਼ਦਿਲ ਭਗੌੜਾ ਬਣ ਗਿਆ, ਪਰ ਪੁਲਸ ਨੇ ਇਸ ਨੂੰ ਫੜਕੇ ਚਾਰ ਸਾਲ ਦੀ ਕੈਦ ਕਰਾ ਦਿਤੀ ਇਸ ਨੇ ਮੁਆਫ ਕਰੌਣ ਨੂੰ ਬਹੁਤੇਰੇ ਹਥ ਪੈਰ ਮਾਰੇ ਪਰ ਕੋਈ ਵਾਹ ਨਾ ਚਲੀ ਏਹਦੀ ਖੁਸ਼ ਕਿਸਮਤੀ ਨੂੰ ਬਬਰ ਅਕਾਲੀ ਸਾਜ਼ਸ਼ ਦਾ ਮੁਕਦਮਾ ਤਿਆਰ ਹੋਇਆ ਅਤੇ ਇਸ ਨੇ ਪੁਲਸ ਦੀ ਸ਼ਰਨ ਲੈਨੀ ਯੋਗ ਖਿਆਲ ਕੀਤੀ ਕਿਉਂਕਿ ਇਸ ਤਰਾਂ ਇਸ ਦੀ ਕੈਦ (ਜੋ ਚਾਰ ਸਾਲ ਹੋ ਚੁਕੀ ਸੀ) ਮੁਆਫ ਹੋਣ ਦੀ ਆਸ ਸੀ ਫਿਰ ਕੀ ਸੀ ਇਸ ਬੇਗੈਰਤ ਨੇ ਪੁਲਸ ਦੀ ਮਨਘੜਤ ਕਹਾਣੀ ਕੰਠ ਕਰਕੇ ਵੇਹਦਾ ਮੁਆਫੀ ਦਾ ਲਾਣਤੀ ਜਾਮਾ ਧਾਰ ਲਿਆ ।

✢ਵੈਹਦਾ ਮੁਆਫ ਕਰਤਾਰ ਸਿੰਹੁ ੬✢

ਏਹ ਬੇਸ਼ਰਮ ਜੁਆਲਾ ਸਿੰਹੁ ਬੂਤੇ ਵਾੜੀ ਜਿਲਾ ਹੁਸ਼ਿਆਰਪੁਰ ਦੇ ਘਰ ਜਮਿਆ ਸੀ ਪਹਿਲੇ ਦਸ ਨੰਬਰ ਦਾ ਬਦਮੁਆਸ਼ ਸੀ, ਅਕਾਲੀ ਲਹਿਰ ਚਲੀ ਤੋਂ ਏਹ ਭੀ ਬਹੁਰੂਪੀਆ ਅਕਾਲੀਆਂ ਵਿਚ ਰਲਣ ਲਈ ਕਾਲੀ ਪਗ ਬਨ੍ਹ ਆਇਆ ਅੰਦਰੋ ਅੰਦਰ ਪੁਲਸ ਨਾਲ ਮਿਲ ਕੇ ਝੋਲੀ ਚੁਕੀ ਦਾ ਕੰਮ ਕਰਦਾ ਰਿਹਾ, ਗੁਰੂ ਕੇ ਬਾਗ ਦੇ ਮੋਰਚੇ ਸਮੇਂ ਏਹ ਭੀ ਸ੍ਰੀ ਅਮ੍ਰਿਤ ਸਰੋਂ ਜਥੇ ਵਿਚ ਗੁਰੂ ਕੇ ਬਾਗ ਗਿਆ, ਪਰ ਜਦ ਜ਼ਾਲਮ ਬੀ.ਟੀ. ਦੀਆਂ ਡਾਂਗਾਂ ਵਰਨੀਆਂ ਅਰੰਭ ਹੋਈਆਂ, ਇਸਨੇ ਤੁਰਤ ਹੀ ਉਹ ਗਿਦੜ ਪੂਚੀ (ਜੋਕਿਸੇ ਪੁਲਸ ਅਫਸਰ ਵਲੋਂ ਇਸ ਨੂੰ

ਮਿਲੀ ਸੀ) ਬੀ.ਟੀ. ਨੂੰ ਦਖਾਲ ਕੇ ਖਲਾਸੀ ਪਾਈ, ਫਿਰ ਇਸ ਨੂੰ ਕਿਸ ਨੇ ਹਥ ਨਹੀਂ ਲਾਇਆ ਤੇ ਜਥੇ ਉਤੇ ਕਹਿਰ ਦੀ ਤਾਂਗ ਬਗ੍ਹੀ ਉਥੇ ਜਿਸ ਕੰਮ ਤੇ ਇਸ ਨੂੰ ਲਾਇਆ ਸੀ ਕਰਕੇ ਜਿਲੇ ਵਿਚ ਆਇਆ ਤੇ ਸ਼ਹੀਦ ਭਾ: ਕਰਮ ਸਿੰਘ ਜੀ ਆਦ ਬਬਰ ਅਕਾਲੀਆਂ ਦੇਸ਼ ਸੇਵਕਾਂ ਦੀ ਗ੍ਰਿਫਤਾਰੀ ਹਿਤ ਉਨਾਂ ਦੇ ਸ਼ਕਾਰ ਚੜਿਆ ਅਰ ਉਹ ਆਪਣੇ ਵੈਹਦਾ ਮੁਆਫੀ ਵਾਲੇ ਬਿਆਨ ਵਿਚ ਜ਼ਿਕਰ ਭੀ ਕਰਦਾ ਹੈ, ਕਿ ਉਹ ਥਾਣੇਦਾਰ ਕਾਬਲ ਸਿੰਘ ਨੂੰ ਗੜ ਸ਼ੰਕਰ ਜਾਕੇ ਜੁਵਾਲਾ ਸਿੰਹੁ ਦੇਸ਼ ਘਾਤੀ ਜਿਆਣ ਸਹਿਤ ਚਕਰ ਵਰਤੀ ਸ਼ਹੀਦ ਬਬਰ ਅਕਾਲੀਆਂ ਦੀ ਗ੍ਰਿਫਤਾਰੀ ਕਰੌਣ ਲਈ ਮਿਲਿਆ ਸੀ, ਅਤੇ ਖੁਫੀਆ ਤੌਰ ਤੇ ਬਹੁਤ ਕੋਸ਼ਸ ਕਰਦਾ ਰਿਹਾ, ਪਰ ਕਾਮਯਾਬ ਨ ਹੋਇਆ, ਅੰਤ ਪੁਲਸ ਨੇ ਇਸ ਨੂੰ ਬਬਰ ਅਕਾਲੀਆਂ ਦੇ ਬਹਾਨੇ ਦੇਸ਼ ਸੇਵਕਾਂ ਨੂੰ ਜੇਹਲ ਪੌਣ ਖਾਤਰ ਵੈਹਦਾ ਮੁਆਫ ਬਣਾਲਿਆ ਮਗਰ ਇਸ ਨੂੰ ਪੁਲਸ ਨੇ ਅਪਣੀ ਹਰਾਸਤ ਵਿਚ ਹੀ ਰਖਿਆ ਜਦੋਂ ਵੀ ਚਾਹੇ ਬਾਹਰ ਭੀ ਬ. ਅਕਾਲੀਆਂ ਦੇ ਸ਼ਕਾਰ ਲਈ ਜਾਂਦਾ ਰਿਹਾ, ਤੇ ਹਵਾਲਾਤ ਵਿਚ ਜਿਨਾ ਚਿਰ ਰਹਿੰਦਾ ਸੀ ਦੇਸ਼ ਸੇਵਕ ਮੁਲਜ਼ਮਾਂ ਨੂੰ ਇਕਬਾਲ ਪਰੇਰਦਾ ਸੀ ਅਤੇ ਭਾ: ਧਨਾ ਸਿੰਘ ਜੀ ਸ਼ਹੀਦ ਬਹਿਵਲ ਪੁਰ ਦੀ ਸ਼ਹੀਦੀ ਵਿਚ ਇਸ ਦਾ ਪੂਰਾ ਪੂਰਾ ਹਥ ਸੀ ਉਂਞ ਗਵਾਹੀ ਵਿਚ ਏਹ ਆਪਣੇ ਆਪ ਨੂੰ ਥਾਣੇ ਮਾਹਲ ਪੁਰ ਦੇ ਅਕਾਲੀਆਂ ਦਾ ਜਥੇਦਾਰ ਪਰਗਟ ਕਰਦਾ ਹੈ ਜੋ ਬਿਲਕੁਲ ਨਿਰਮੂਲ ਹੈ ਕਿਉਂਕਿ ਏਹ ਅਫੀਮੀ ਸ਼ਰਾਬੀ ਕਬਾਬੀ ਤੇ ਪੋਸਤੀ ਸੀ, ਜਿਸ ਕਰਕੇ ਇਸ ਦੇਸ਼ ਘਾਤੀ ਕੌਮ ਧਰੋਹੀ ਪਾਪੀ ਪੁਰਸ਼ ਨੂੰ ਕਿਸੇ ਦੇਸ਼ ਸੇਵਕ ਨੇ ਕਤਲ ਦੁਆਰਾ ਸੁਧਾਰ ਕਰਕੇ ਨਰਕ ਟੋਰ ਦਿਤਾ ਗਿਆ।

ਵੈਹਦਾ ਮੁਆਫ ਮਿਤ ਸਿੰਹੁ (ਸਾਧ) ਨ: ੭

ਏਹ ਸ਼ਖਸ ਖੜਕ ਸਿੰਹੁ ਦੇ ਘਰ ਦੇਸ਼ੂ ਮਲਕਾਣਾ ਰਿਆਸਤ ਪਟਿਆਲਾ ਵਿਚ ਜਮਿਆ ੧੯ ਨ. ਪਲਟਨ ਵਿਚ ਨੌਕਰ ਹੋਗਿਆ

੭-੮ ਸਾਲ ਗੁਲਾਮੀ ਕਰਨ ਦੇ ਮਗਰੋਂ ਨਖ਼ਟੂ ਹੋਕੇ ਸਾਧ ਬਣਗਿਆ ਤੇ ਨੌਕਰੀ ਛਡ ਆਇਆ, ਅਤੇ ਇਸ ਸਮੇਂ ਕਿਸ਼ਨ ਪੁਰ ਜਿਲਾ ਜਾਲੰਧਰ ਵਿਚ ਗੁਫਾ ਪੁਟਕੇ ਬੈਠ ਗਿਆ, ਏਹ ਬਿਲਕੁਲ ਅਨਪੜ੍ਹ ਮੂਰਖ ਹੈ ਏਹਨੇ ਕੋਈ ਵਡਾ ਦੇਸ਼ ਘਾਤ ਨਹੀਂ ਕੀਤੀ ਜਦ ਇਸ ਨੂੰ ਪੁਲਸ ਨੇ ਫੜਕੇ ਅਫੀਮ ਨਾ ਦਿਤੀ ਤਦ ਏਹ ਵਾਹਡਾ ਤੰਗ ਹੋਗਿਆ ਕਿਉਂਕਿ ਰੁਪੈਆ ਰੋਜ਼ ਤੋਂ ਬਧੀਕ ਅਫੀਮ ਖਾਂਦਾ ਸੀ, ਤੰਗ ਪੈਕੇ ਜੋ ਪੁਲਸ ਨੇ ਬਕਵਾਸ ਕਰਾਇਆ, ਕਰਨ ਨੂੰ ਤਿਆਰ ਹੋ ਗਿਆ ਤੇ ਵੈਹਦਾ ਮੁਆਫੀ ਦਾ ਲਾਣਤੀ ਜਾਮਾ ਪਹਿਨ ਲਿਆ।

ਵੈਹਦਾ ਮੁਆਫ ਅਨੂਪ ਸਿੰਹ ਨ: ੯

ਏਹ ਮਾਣਕੋ ਜ਼ਿਲਾ ਜਾਲੰਧਰ ਇੰਦਰ ਸਿੰਹੁ ਦੇ ਘਰ ਜੰਮਿਆ ਤੇ ਕਿਸੇ ਪਲਟਣ ਵਿਚ ਕੁਝ ਅਰਸਾ ਗੁਲਾਮੀ ਕਰਕੇ ਪਿੰਡ ਆਗਿਆ ਅਰ ਬ: ਅਕਾਲੀਆਂ ਨਾਲ ਮਈ ੧੯੨੩ ਨੂੰ ਸ਼ਾਂਮਲ ਹੋ ਗਿਆ, ਅਤੇ ਇਸ ਨੇ ਆਪਣੇ ਪਿਉ ਇੰਦਰ ਸਿੰਹੁ ਬੋਘਾ ਤੇ ਉਸਦੇ ਕਪੁਤ੍ਰ ਜਸਵੰਤ ਸਿੰਹੁ ਅਤੇ ਕੇਵਲ ਸਿੰਹੁ ਅਰ ਨਰੰਜਣ ਸਿੰਹੁ ਵਿਦਿਆਰਥੀ ਵਲਦ ਦਲੀਪ ਸਿੰਘ ਡੁਮੇਲੀ ਰਿਆਸਤ ਕਪੂਰਥਲਾ ਨਾਲ ਮਿਲਕੇ ਸ਼ਹੀਦ ਭਾ. ਕਰਮ ਸਿੰਘ ਜੀ ਪੰਡੋਰੀ (ਗੰਗਾ ਸਿੰਘ ਵਾਲੀ) ਸ਼ਹੀਦ ਭਾ. ਬਿਸ਼ਨ ਸਿੰਘ ਜੀ ਮਾਂਗਟ ਦਾ ਮਿਤਰ ਬਣ ਕੇ ਘਾਤ ਕੀਤਾ, ਜਿਸ ਦਾ ਵਰਨਨ ਮੈਂ ਕਿਤੇ ਪਿਛੇ ਕਰ ਆਇਆ ਹਾਂ, ਇਸ ਪਾਪੀ ਦੁਸ਼ਟ ਨੂੰ ਇਸ ਦੇ ਕੁਕਰਮਾਂ ਦਾ ਫਲ ਦੇਸ਼ ਸੇਵਕ ਸ਼ਹੀਦ ਕਰਤਾਰ ਸਿੰਘ ਜੋ ਕਿਰਤੀ ਚਕ ਬਾਗੜੀਆਂ ਸ਼ਹੀਦ ਭਾ ਗੁਰਦਿਤ ਸਿੰਘ ਜੀ ਮੰਢਾਲੀ (ਏਹ ਦੋਨੋ ਜਾਲੰਧਰ ਦੇ ਸਨ) ਤੇ ਭਾਈ ਉਜਾਗਰ ਸਿੰਘ ਪਨਿਆਲੀ ਜ਼ਿਲਾ ਹੁਸ਼ਿਆਰਪੁਰ ਨੇ ੧੫ ਹਾੜ ੧੯੩੬ ਨੂੰ ਭੁਗਾਇਆ ਜਿਸ ਕਰਕੇ ਸ਼ਹੀਦ ਕਰਤਾਰ ਸਿੰਘ ਜੀ ਕਿਰਤੀ, ਤੇ ਸ਼ਹੀਦ ਭਾਈ ਗੁਰਦਿਤ ਸਿੰਘ ਜੀ ਮੰਢਾਲ ੧੦ ਅਗਸਤ ੧੯੩੮ ਨੂੰ ਫਾਸੀ ਲਾਏ ਗਏ, ਭਾਈ ਉਜਾਗਰ ਸਿੰਘ ਜੀ ਬਰੀ ਕੀਤੇ ਗਏ ਸਨ।

ਵੈਹਦਾ ਮੁਆਫ ਬੇਲਾ ਸਿੰਹ ਕਾਣਾ ਤੇ ਸਾਧੂ ਸਿੰਹ

ਨ: ੯-੧੦

ਏਹ ਬੇਲਾ ਸਿੰਹੁ ਕਾਣਾ ਖੁਸ਼ਾਲ ਸਿੰਹੁ ਪ੍ਰਾਗਪੁਰ ਜ਼ਿਲਾ ਜਾਲੰਧਰ ਦਾ ਤੇ ਸਾਧੂ ਸਿੰਹੁ ਇਸੇ (ਬੇਲਾ ਸਿੰਹੁ) ਦਾ ਪੁਤਰ ਹੈ ਇਨ੍ਹਾਂ ਨੂੰ ੨੪ ਜਨਵਰੀ ੧੯੨੨ ਨੂੰ ਡਰਾ ਧਮਕਾ ਅਪਣੇ ਹਥ ਲੈ ਲੀਤਾ, ਤਾਂ ਜਿਸ ਕਰਕੇ ਦੋਵੇਂ ਸੰਤ ਕਰਤਾਰ ਸਿੰਹ (ਜੋ ਇਨ੍ਹਾਂ ਦੇ ਪਿੰਡ ਦੀ ਹਦ ਵਿਚ ਹੀ ਰਹਿੰਦਾ ਸੀ) ਦੇ ਪਕੇ ਸਾਥੀ ਬਣਗਏ, ਬਬਰ ਅਕਾਲੀਆਂ ਦੀ ਗ੍ਰਿਫਤਾਰੀ ਤੇ ਇਨਾਮ ਦੇ ਅਭਲਾਖੀ ਹੋਕੇ ਹਲਕਾਏ ਕੁਤਿਆਂ ਵਾਂਗ ਫਿਰਨ ਲਗਪਏ ਅਤੇ ਏਹ ੨੨ ਅਪਰੇਲ ੧੯੨੩ ਨੂੰ ਪੁਲਸ ਨੇ ਦੇਸ਼ ਸੇਵਕਾਂ ਉਤੇ ਵੈਹਦਾ ਮੁਆਫ ਬਣੌਨੇ ਲਈ ਗ੍ਰਿਫਤਾਰ ਕਰ ਲਏ ਅਰ ਏਹ ਝਟ ਪਟ ਹੀ ਵੈਹਦਾ ਮੁਆਫ ਬਣ ਕੇ ਪੁਲਸ ਦੇ ਦਸੇ ਹੋਏ ਝੂਠੇ ਗਪੌੜੇ ਕਹਿਣ ਨੂੰ ਤੀਆਰ ਹੋਗਏ, ਅਤੇ ਬੇਸ਼ਰਮੀ ਦਾ ਚੋਲਾ ਪਹਿਨ ਲਿਆ ਬਸ ਜੋ ਬਕਵਾਸ ਪੁਲਸ ਨੇ ਕਰਵਾਇਆ ਦੇਸ਼ ਸੇਵਕਾਂ ਵਰੁਧ ਕਰੌਨਾਂ ਜ਼ਰਾ ਨਾ ਝਿਜਕੇ।

ਵੈਹਦਾ ਮੁਆਫ ਬੇਲਾ ਸਿੰਹ ਨ. ੧੧

ਇਸ ਨੇ ਫਿਡਾਲਾ ਰਿਆਸਤ ਕਪੂਰਥਲਾ ਰੂੜਾ ਛੀਬੇ ਦੇ ਘਰ ਜਨਮ ਲਿਆ ਉਸ ਨਾਲਾਇਕ ਇਸ ਨੂੰ ਛੀਬਿਆਂ ਵਾਲਾ ਕੰਮ ਤਾਂ ਨਾ ਸਖਾਇਆ ਪਰ ਚਾਰ ਕੁ ਜਮਾਇਤਾਂ ਉਰਦੂ ਦੀਆਂ ਪੜ੍ਹਾ ਛਡੀਆਂ ਅਰ੧੯੨੨ ਨੂੰ ਪਲਾਹੀ ਦੇ ਸਿਖ ਸਕੂਲ ਵਿਚ (ਜੋ ਰਿ. ਦੇ ਅਫਸਰਾਂ ਮਾਤਹਿਤ ਹੀ ਸੀ ਤੇ ਉਨੇ ਹੀ ਇਸ ਨੂੰ ਅਪਣਾ ਗੁਲਾਮ ਸਮਝ ਕੇ ਕੰਮ ਲੈਣ ਹਿਤ ਭੇਜ ਦਿਤਾ ਸੀ) ਮਾਸਟਰ ਹੋਗਿਆ, ਤੇ ਇਸ ਨੇ ਦੋ ਚਾਰ ਸੇਵਕਾਂ ਨੂੰ ਬਬਰ ਅਕਾਲੀ ਸਾਜ਼ਸ਼ ਵਿਚ ਵੈਹਦਾ ਮੁਆਫ ਬਣਾਲਿਆ ਤੇ ਏਹ ਪਹਿਲੋਂ ਹੀ ਬੇਜ਼ਮੀਰ ਤੇ ਪਰਲੇ ਦਰਜੇ ਦਾ ਡਰਪੋਕ ਸੀ ਔਂਦਾ ਹੀ ਫੋਨੋ ਗਰਾਮ ਆਲਾਪਣ ਲਗ ਗਿਆ।

ਵੈਹਦਾ ਮੁਆਫ ਰਾਮ ਸਿੰਹੁ ਨ: ੧੨

† ਏਹ ਭਗਵਾਨੇ ਦਾ ਪੁਤਰ ਮਜ਼ਾਰਾ ਕਾਂਵਾਂ ਜ਼ਿਲਾ ਜਾਲੰਧਰ ਦੇ ਰਹਿਣ ਵਾਲਾ ਹੈ ਪਹਿਲੋਂ ਇਹ ੯੦ ਨ: ਪਲਟਨ ਵਿਚ ਨੌਕਰ ਸੀ ਤੇ ਨਨਕਾਣੇ ਸਾਹਿਬ ਦੇ ਸ੍ਹਾਕੇ ਪਿਛੋਂ ਨੋਕਰੀ ਛਡਕੇ ਪਿੰਡ ਆਗਿਆ ਤੇ ਜੀਮੀਦਾਰੇ ਦਾ ਕੰਮ ਕਰਨ ਲਗਪਿਆ ਲੋਕਾਂ ਨੂੰ ਅਕਾਲੀ ਹੁੰਦੇ ਵੇਖਕੇ ਇਸ ਨੇ ਭੀ ਅਕਾਲੀ ਬਾਣਾ ਪਹਿਨ ਲਿਆ ਜਦੋਂ ਬਬਰ ਅਕਾਲੀਆਂ ਦਾ ਬੋਲ ਬਾਲਾ ਹੋਗਿਆ, ਤਦ ਸ਼ਹੀਦ ਭਾਈ ਕਰਮ ਸਿੰਘ ਜੀ ਦੌਲਤਪੁਰੀ ਨਾਲ ਭੀ ਚੰਦ ਇਕ ਦਿਨਫਿਰਦਾ ਰਿਹਾ, ਜਦ ਪੁਲਸ ਨੇ ਪੁਛ ਗਿਛ ਕਰਨ ਦੀ ਕੋਸ਼ਸ ਕੀਤੀ ਤੇ ਏਹ ਉਨ੍ਹਾਂ ਦਾ ਚੇਲਾ ਬਣਗਿਆ ਅਰ ਪੁਲਸ ਦੇ ਕਹਿਣ ਮੂਜਬ ਦੇਸ਼ ਸੇਵਕਾਂ ਦੇ ਘਾਤ ਲਈ ਤੀਆਰ

---

†੨੭ ਮਘਰ ੨੦੦੦ ਸੰਮਤ ਦੋਪਹਿਰ ਵੇਲੇ ਜਦ ਕਿ ਜੰਜ ਰੋਟੀ ਖਾ ਰਹੀ ਸੀ ਵੈਹਦਾ ਮੁਆਫ ਰਾਮ ਸਿੰਹੁ ਨੇ ਕੰਜਰੀ ਨੂੰ ਰੁਪੀਆ ਦਿੰਦੇ ਹੋਇ ਆਖਿਆ ਕਿ ਬਬਰ ਨਾਮ ਸਿੰਹੁ ਦੀ ਬੋਲ ਆਖ, ਏਹ ਲਫਜ਼ ਰਾਮ ਸਿੰਹੁ ਦੇ ਅਜੇ ਮੂੰਹ ਵਿਚ ਹੀ ਸੀ ਜਥੇਦਾਰ ਬਬਰ ਅਕਾਲੀ ਬਾਬਾ ਦਲੀਤ ਸਿੰਘ ਜੀ ਦੇ ਸਪੁਤਰ ਨਰੰਜਣ ਸਿੰਘ ਤੇ ਬਾਬਾ ਜੀ ਦੇ ਸਕੇ ਭਤੀਜੇ ਸ੍ਰ. ਊਧਮ ਸਿੰਘ ਅਤੇ ਸ੍ਰ. ਪ੍ਰਕਾਸ਼ ਸਿੰਘ ਬਹੁਾਦਰ ਬਚਨ ਸਿੰਘ ਤਿਨੇ ਸਜਣ ਕੁਦਕੇ ਜਾਪਏ ਤੇ ਵੰਗਾਰ ਕੇ ਆਖਿਆ ਕਿ ਐ ਦੁਸ਼ਟ ਤੂੰ ਸ਼ਹੀਦ ਬਬਰ ਅਕਾਲੀਆਂ ਉਤੇ ਵੈਹਦਾ ਮੁਆਫ ਹੋਕੇ ਆਪਣੇ ਆਪ ਨੂੰ ਫਿਰ ਭੀ ਬਬਰਾਂ ਵਿਚ ਸ਼ਾਮਲ ਕਰਨਾ ਚਾਹੁੰਦਾ ਹੈਂ, ਤੇ ਕਰਪਾਨਾਂ ਕਢ ਮਾਰੀਆਂ ਲੇਕਨ ਰਾਮ ਸਿੰਹ ਦੇ ਇਕ ਰਿਸ਼ਤੇਦਾਰ ਡਰੇਵਰ ਲਾਲ ਸਿੰਘ ਦੇ ਅਗੇ ਬਧ ਕੇ ਬਚੌਣ ਦੇ ਕਾਰਨ ਰਾਮ ਸਿੰਹੁ ਦੀ ਲਤ ਵਢੀ ਗਈ ਤੇ ਲਾਲ ਸਿੰਘ ਦੀ ਬਾਂਹ ਵਢੀ ਗਈ ਰੌਲਾ ਪੈਣ ਦੇ ਕਾਰਨ ਰਾਮ ਸਿੰਹੁ ਜਾਨ ਬਚਾਕੇ ਭਜ ਗਿਆ, ਇਹ ਵਾਕਿਆ ਪਿੰਡ ਬਛੋੜੀ (ਹੁਸ਼ਿਆਰਪੁਰ) ਦਾ ਹੈ।

ਹੋਗਿਆ, ਅਤੇ ਪੌਲੀਸ ਦੀ ਫਰਜ਼ੀ ਕਹਾਣੀ ਕੰਠ ਕਰਕੇ ਵੈਹਦਾ ਮੁਆਫ਼ੀ ਦੇ ਮੈਦਾਨ ਵਿਚ ਆਗਿਆ, ਅਰ ਨਿਰਦੋਸ਼ ਦੇਸ਼ ਸੇਵਕਾਂ ਤੇ ਝੂਠਾ ਵੈਹਦਾ ਮੁਆਫ਼ ਹੋਕੇ ਦੇਸ਼ ਤੇ ਕੌਮ ਘਾਤੀ ਬਣਿਆ ਬਲਕਿ ਕਿਸੇ ਘਰੋਗੀ ਨਰਾਜ਼ਗੀ ਦੇ ਕਾਰਨ ਆਪਣੇ ਸਕੇ ਭਰਾ ਉਤੇ ਝੂਠ ਬੋਲਣੋ ਨਾ ਝਿਜਕਿਆ।

ਵੈਹਦਾ ਮੁਆਫ਼ ਰਾਮ ਸਿੰਹੁ ਨ. ੧੩

ਇਸ ਨੇ ਹਿਆਤਪੁਰ ਜ਼ਿਲਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਗੁਰਮੁਖ ਸਿੰਘ ਦੇ ਘਰ ਜਨਮ ਲਿਆ ਬਾਬਾ ਸੁਰਜਣ ਸਿੰਘ ਜੀ ਸ਼ਹੀਦ ਬਬਰ ਅਕਾਲੀ, ਸ਼ਹੀਦ ਭਾਈ ਸੁੰਦਰ ਸਿੰਘ ਜੀ ਬਬਰ ਅਕਾਲੀ, ਤੇ ਸ਼ਹੀਦ ਭਾਈ ਧਰਮ ਸਿੰਘ ਜੀ ਬਬਰ ਅਕਾਲੀ ਤੇ ਹੋਰ ਇਰਦ ਗਿਰਦ ਦੇ ਦੇਸ਼ ਸੇਵਕਾਂ ਵਰੁਧ ਵੈਹਦਾ ਮੁਆਫ਼ ਬਣ ਗਿਆ ਤੇ ਝੂਠੀਆਂ ਗਲਾਂ ਜੋ ਪੁਲਸ ਨੇ ਯਾਦ ਕਰਾਈਆਂ, ਕਹਿਣ ਨੂੰ ਤਿਆਰ ਹੋਗਿਆ।

ਵੈਹਦਾ ਮੁਆਫ਼ ਚੰਦਾ ਸਿੰਹੁ ਨ: ੧੪

ਏਹ ਸ਼ਖਸ ਡਮੇਲੀ ਰਿਆਸਤ ਕਪੂਰਥਾ ਦੇ ਰਹਿਣ ਵਾਲੇ ਛਜਾ ਸਿੰਹੁ ਦਾ ਪੁਤਰ ਹੈ, ਤੇ ੨੨ ਨ: ਪਲਟਣ ਵਿਚ ਨੌਕਰ ਸੀ ਨੌਕ੍ਰੀ ਛਡਕੇ ਅਕਾਲੀ ਹੋਗਿਆ ਪਰ ਜਦੋਂ ਪੁਲਸ ਨੇ ਦੇਸ਼ ਭਗਤਾਂ ਨੂੰ ਬਬਰ ਅਕਾਲੀਆਂ ਦੇ ਬਹਾਨੇ ਸਰਕਾਰ ਨੇ ਪਕੜਿਆ ਤਦ ਏਹ ਝਟ ਪਟ ਵੈਹਦਾ ਮੁਆਫ਼ ਬਣਕੇ ਪੁਲਸ ਦੀ ਫਰਜ਼ੀ ਕਹਾਣੀ ਅਲਾਪਣ ਲਗ ਗਿਆ।

ਵੈਹਦਾ ਮੁਆਫ਼ ਮਲੂਕ ਸਿੰਹੁ ਨ: ੧੫

ਏਹ ਬਦਬਖਤ ਨਥਾ ਸਿੰਹੁ ਦਾ ਪੁਤਰ ਹੈ ਤੇ ਪਲਾਹੀ ਰਿਆਸਤ ਕਪੂਰਥਲਾ ਦਾ ਰਹਿਣ ਵਾਲਾ ਹੈ, ਪਹਿਲੋਂ ਪਲਟਣ ਨ: ੫੯ ਪੰਜਾਬੀ ਵਿਚ ਨੌਕਰ ਹੋਗਿਆ ਸੀ ਫਿਰ ਪਿੰਡ ਆਗਿਆ ਅਰ ਹੰਸਾ ਵੇਖ

ਤੁਰੰਦਿਆਂ ਬਗਾ ਭਿ ਆਇਆ ਦਾਉ ਦੇ ਵਾਕ ਅਨੁਸਾਰ ਸਿੰਘਾਂ ਨੂੰ ਅਕਾਲੀ ਸਜਦੇ ਵੇਖਕੇ ਇਸ ਨੇ ਭੀ ਕਾਲੀ ਪਗ ਬਨ੍ਹ ਲਈ, ਪਰ ਕੁਕਰਮਾਂ ਤੋਂ ਬਾਜ਼ ਨਾ ਅਇਆ ਦਾੜ੍ਹੀ ਭੀ ਘਸਾ ਕੇ ਹੀ ਰਖਦਾ ਸੀ, ਅਤੇ ਪੜ੍ਹਿਆ ਹੋਇਆ ਬਿਲਕੁਲ ਨਹੀਂ ਸੀ, ਅਨਪੜ੍ਹ ਢਗਾ ਹੀ ਸੀ, ਜਦ ਮਾਰਚ ੧੯੨੨ ਵਿਚ ਰਿਆਸਤ ਕਪੂਰਥਲਾ ਨੇ ਅਕਾਲੀ ਗ੍ਰਿਫਤਾਰ ਕੀਤੇ ਸਨ, ਏਹ ਭੀ ਉਨ੍ਹਾਂ ਵਿਚੋਂ ਇਕ ਸੀ, ਪਰ ਚੰਦ ਦਿਨਾਂ ਬਾਧ ਰਿਆਸਤ ਵਿਚੋਂ ਮੁਆਫੀ ਮੰਗ ਆਇਆ ਅਤੇ ਰਿਆਤ ਪੁਲੀਸ ਨੂੰ ਏਹਦੇ ਉਤੇ ਸ਼ਕ ਸੀ ਕਿ ਬਬਰ ਅਕਾਲੀ ਏਹਦੇ ਪਾਸ ਔਂਦੇ ਹਨ, ਇਸ ਲਈ ਇਸ ਕੰਬਖਤ ਨੂੰ ਗ੍ਰਿਫਤਾਰ ਕਰ ਲਿਆ ਪਰ ਏਹ ਫੌਰਨ ਪੁਲਸ ਦੀ ਕਠ ਪੁਤਲੀ ਬਣਗਿਆ।ਅਰ ਵੈਹਦਾ ਮੁਆਫੀ ਲੈਕੇ ਇਸ ਨਾਲਾਇਕ ਨਚਣਾ ਸ਼ੁਰੂ ਕਰ ਦਿਤਾ,

ਵੈਹਦਾ ਮੁਆਫ ਜੁਵੰਦ ਸਿੰਹੁ ਨੰ: ੧੬

ਏਹ ਜਹੌਲ ਜ਼ਿਲਾ ਜਾਲੰਧਰ ਦੇ ਰਹਿਣ ਵਾਲੇ ਬੇਲਾ ਸਿੰਹੁ ਦਾ ਪੁਤਰ ਹੈ ੩੯ ਨੰਬਰ ਸਿਖ ਪਲਟਣ ਵਿਚ ਨੌਕਰ ਸੀ, ਅਤੇ ਇਸ ਦਾ ਭਰਾ ਸ਼ਹੀਦ ਭਾਈ ਮੁਣਸ਼ਾ ਸਿੰਘ ਪਿੰਡ ਦੇ ਅਕਾਲੀ ਜਥੇ ਦਾ ਜਥੇਦਾਰ ਸੀ, ਅਤੇ ਬਬਰ ਅਕਾਲੀ ਨਾਲ ਭਾਈ ਸਾਹਬ ਜੀ ਦੀ ਪੂਰਨ ਮਹਬਤ ਸੀ, ਜਿਸ ਕਰਕੇ ਸ਼ਹੀਦ ਭਾਈ ਮੁਣਸ਼ਾ ਸਿੰਘ ਜਹੌਲ ਪੁਲਸ ਦੀ ਨਿਗਾ ਵਿਚ ਕੰਡੇ ਵਾਂਗ ਰੜਕਦਾ ਸੀ, ਇਸ ਹਿਤ ਇਸ ਕੰਬਖਤ ਜੁਵੰਦ ਸਿੰਹੁ ਵੈਹਦਾ ਮੁਆਫ ਬਣਾਇਆ ਗਿਆ ਕਿ ਕਿਸੇ ਤਰਹ ਸ਼ਹੀਦ ਭਾਈ ਮੁਣਸ਼ਾ ਸਿੰਘ ਤੇ ਚੋਣਵੇਂ ਦੇਸ਼ ਸੇਵਕਾਂ ਨੂੰ ਜਲ ਘਲਾਇਆ ਜਾਵੇ।

ਵੈਹਦਾ ਮੁਆਫ ਕ੍ਰਿਪਾਲ ਸਿੰਹੁ ਨੰ:੧੭

ਏਹ ਸ਼ਖਸ ਮਲਕਵਾਲ ਜ਼ਿਲਾ ਰੌਲਪਿੰਡੀ ਦੇ ਰਹਿਣ ਵਾਲੇ ਰਾਣ ਸਿੰਹੁ ਰੋੜੇ ਦੇ ਘਰ ਜਮਕੇ ੫੨ ਨੰਬਰ ਪਲਟਣ ਵਿਚ ਨੌਕਰ

ਹੋਗਿਆ, ਤੇ ਜਦ ਨਨਕਾਣੇ ਸਾਹਿਬ ਦਾ ਸਾਕਾ ਹੋਇਆ ਤੇ ਸਿੰਘਾਂ ਨੇ ਉਕਪ ਫੌਜ ਵਿਚ ਕਾਲੇ ਦਸਤਾਰੇ ਸਜਾਕੇ ਅਕਾਲੀ ਬਾਣਾ ਧਾਰਿਆ ਤਦ ਇਸ ਦੁਸ਼ਟ ਨੇ ਉਨ੍ਹਾਂ ਅਕਾਲੀ ਵੀਰਾਂ ਦੇ ਬਰੁਧ ਫੌਜੀ ਅਫਸਰਾਂ ਖਬਰ ਦਿਤੀ ਜਿਸ ਨੂੰ ਉਹ ਆਪਣੀ ਗਵਾਹੀ ਵਿਚ ਖੁਦ ਭੀ ਮੰਨਦਾ ਹੈ ਅਰ ਭਾਈ ਗੰਗਾ ਸਿੰਘ ਜੀ ਨੈਕ ਤੇ ਭਾਈ ਪ੍ਰਤਾਪ ਸਿੰਘ ਜੀ ਅਤੇ ਭਾਈ ਮਾਨ ਸਿੰਘ ਜੀ ਤੇ ਸ਼ਹੀਦ ਭਾਈ ਕਿਸ਼ਨ ਸਿੰਘ ਜੀ ਗੜਗਜ ਤੇ ਸ਼ਹੀਦ ਬਾਬੂ ਬੋਤਾ ਸਿੰਘ ਜੀ ਨਧੜਕ, ਆਦ ਦੇਸ਼ ਸੇਵਕਾਂ ਦੇ ਖਿਲਾਫ ਏਹ ਗਦਾਰ ਝੂਠਾ ਵੇਹਦਾ ਮੁਆਫ ਬਣਗਿਆ।

ਹੇਠ ਲਿਖੇ ਤਿਨ ਵੈਹਦਾ ਮੁਆਫ ਡਾਕੂ ਬਬਰ ਅਕਲੀਆਂ ਉਤੇ ੧੮-੧੯

ਬੇਲਾ ਸਿੰਹੁ ਚਮਾਰ ਤੇ ਬੰਤਾ ਸਿੰਹੁ ਬੋਪਾਰਾਏ ਰਿਆਸਤ ਕਪੂਰਥਲੇ ਏਹ ਦੋਵੇਂ ਆਦਮੀ ਬਦਇਖਲਾਕ ਚੋਰ ਤੇ ਡਾਕੂ ਸਨ, ਅਰ ਡਕੈਤੀਆਂ ਦੇ ਕਾਰਨ ਹੀ ਏਹ ਦੋਵੇਂ ਗ੍ਰਿਫਤਾਰ ਕੀਤੇ ਗਏ ਉਸ ਮੁਕਰਮੇ ਵਿਚ ਏਹ ਦੋਵੇਂ ਵੈਹਿਦਾਮਾਫ ਸਨ ਬਬਰ ਅਕਾਲੀ ਦੇ ਮੁਕਦਮੇ ਵਿਚ ਕੇਵਲ ਇਨ੍ਹਾਂ ਨੂੰ ਇਸ ਲਈ ਲਿਆਂਦਾ ਗਿਆ ਸੀ ਤੇ ਦੁਨੀਆ ਵਿਚ ਏਹ ਪਰਗਟ ਕੀਤਾ ਜਾਏ ਕਿ ਬਬਰ ਅਕਾਲੀਆਂ ਧਰਮੀ ਔਰ ਕੌਮੀ ਆਦਮੀ ਨਹੀਂ ਸਗੋਂ ਚੋਰ ਡਾਕੂ ਤੇ ਬਦਮਾਸ਼ ਹਨ, ਕਿਉਂਕਿ ਇਨ੍ਹਾਂ ਦੋਹਾਂ ਦੀ ਗੁਵਾਹੀ ਵਿਚ ਬਹੁਤ ਜ਼ਿਆਦਾ ਡਾਕਿਆਂ ਦਾ ਜ਼ਿਕਰ ਔਂਦਾ ਹੈ ਯਾ ਸਾਧੜੀ ਮਹਾਂ ਦੇਵੀ ਦੇ ਕਢਣ ਦਾ ਵਰਨਨ ਹੈ ਲੇਕਨ ਬਬਰ ਅਕਾਲੀਆਂ ਦੇ ਵਿਚੋਂ ਕੋਈ ਭੀ ਇਨ੍ਹਾਂ ਨਾਲ ਡਾਕਿਆਂ ਤੇ ਸਾਧਣੀ ਨੂੰ ਕਢਣ ਵਿਚ ਸ਼ਾਮਲ ਨਹੀਂ ਸੀ, ਇਸ ਲਈ ਇਨ੍ਹਾਂ ਦੋਹਾਂ ਦੀ ਗਵਾਹੀ ਦਾ ਬਹੁਤ ਸਾਰਾ ਹਿਸਾ ਸੈਸ਼ਨ ਜਜ ਨੇ ਛਡ ਦਿਤਾ ਸੀ, ਕਿਉਂਕਿ ਗੈਰਮੁਤਲਕ ਹੈ।

ਵੈਹਦਾ ਮੁਆਫ ਧਨਾ ਸਿੰਹ ਵਲਦ ਹਾਕਮ ਸਿੰਹ ਨੰ. ੨੦

ਕੋਟਲੀ ਬਾਵਾਦਾਸ ਜ਼ਿਲਾ ਹੁਸ਼ਿਆਰਪੁਰ ਦੀ ਗੁਵਾਹੀ ਭੀ ਇਸੇ ਪ੍ਰਕਾਰ ਦੀ ਹੈ ਏਹ ੪੭ ਸਿਖ ਵਿਚ ਭਰਤੀ ਸੀ ਉਥੋਂ ਘਿਓ ਚੁਰਾ ਕੇ ਸਜ਼ਾ ਪਾ ਆਇਆ ਤੇ ਔਣ ਸਾਰ ਡਾਕੇ ਚੋਰੀਆਂ ਦੇ ਭੈੜੇ ਕੰਮ ਵਿਚ ਲਗ ਗਿਆ ਅਤੇ ਵਰੰਟ ਜਾਰੀ ਹੋਣ ਸਮੇਂ ਭਗੌੜਾ ਹੋ ਗਿਆ ਔਰ ਇਸ ਨੂੰ ਭੀ ਪੁਲਸ ਨੇ ਵੈਹਦਾ ਮੁਆਫ ਬਣਾਕੇ ਬਬਰ ਅਕਾਲੀ ਮੁਕਦਮੇ ਵਿਚ ਦੇਸ਼ ਸੇਵਕਾਂ ਵਰੁਧ ਨਾਜਾਇਜ਼ ਫਾਇਦਾ ਉਠਾਇਆ।

ਭਾ. ਹਜ਼ਾਰਾ ਸਿੰਘ ਵਲਦ ਇੰਦਰ ਸਿੰਘ ਜੀ ਮੰਡੇਰ

ਏਹ ਸਜਣ ੧੯ ਨੰਬਰ ਪਲਟਣ ਵਿਚ ਨੌਕਰ ਹੋਗਿਆ ਸੀ, ਫੇਰ ੨੨ ਨੰਬਰ ਵਿਚ ਚਲਾ ਗਿਆ ਸ੍ਰੀ ਨਨਕਾਣਾ ਸਾਹਿਬ ਜੀ ਦੇ ਸਾਕੇ ਤੋਂ ਪਹਿਲੇ ਉਸ ਵਕਤ ਨੌਕਰੀ ਛਡਕੇ ਆਇਆ ਜਦ ਕਿ ਗੁਰਦਵਾਰਾ ਸੁਧਾਰ ਲਹਿਰ ਸ਼ੁਰੂ ਹੋਈ ਸੀ, ਅਤੇ ਨਨਕਾਣਾ ਸਾਹਿਬ ਦੇ (ਸਾਕੇ) ਮੌਕੇ ਉਤੇ ਜਦ ਲਾਸ਼ਾਂ ਦਾ ਸਸਕਾਰ ਕੀਤਾ ਗਿਆ ਏਹ ਭੀ ਉਥੇ ਪਹੁੰਚ ਗਿਆ, ਅਤੇ ਉਥੇ ਹੀ ਅਕਾਲੀ ਸਜਕੇ ਧਰਮ ਅਰ ਦੇਸ਼ ਦੀ ਸੇਵਾ ਵਿਚ ਜੁਟ ਗਿਆ ਅਤੇ ਪਿੰਡ ਆਕੇ ਭੀ ਇਸ ਨੇ ਬਹੁਤ ਸਿੰਘ ਅਕਾਲੀ ਸਜਾਏ ਅਰ ਇਸ ਨੂੰ ਨੇਮੀ ਪਰੇਮੀ ਸਮਝ ਕੇ ਪਿੰਡ ਦੀ ਸੰਗਤ ਨੇ ਪਿੰਡ ਮੁੰਡੇਰ ਦੇ ਅਕਾਲੀ ਜਥੇ ਦਾ ਜਥੇਦਾਰ ਨੀਯਤ ਕਰ ਦਿਤਾ ਅਟ ਏਹ ਵਿਤ ਅਨਸਾਰ ਦੇਸ਼ ਸੇਵਾ ਕਰਦਾ ਰਿਹਾ ਅਤੇ ਬਬਰ ਅਕਾਲੀਆਂ ਨਾਲ ਤਾਂ ਏਹਦਾ ਚੰਗਾ ਮੇਲ ਮਲਾਪ ਸੀ, ਅਰ ਏਹ ਚੰਗਾ ਜੋਸ਼ੀਲਾ ਆਦਮੀ ਸੀ ਤੇ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਏਹ ਕੁਟ ਖਾਣ ਵਾਲੇ ਜਥੇ ਦੇ ਵਿਚ ਸ਼ਾਮਲ ਹੋਇਆ ਸੀ, ਅਰ ਫੇਰ ਗ੍ਰਿਫਤਾਰ ਭੀ ਹੋਗਿਆ ਪਰ ਆਪ ਜੀ ਦਾ ਜੋਸ਼ ਮਠਾ ਨਾ ਹੋਇਆ ਕੌਮੀ ਸੇਵਾ ਕਰਦਾ

ਰਿਹਾ ਆਖਰ ੧੦ ਜਨਵਰੀ ੧੯੨੩ ਨੂੰ ਪੁਲਸ ਦੀਆ ਚਾਲਾਂ ਵਿਚ ਆਕੇ ਵੇਹਦਾ ਮੁਆਫ ਬਣਗਿਆ ਪਰ ਫਿਰ ਵਿਚਾਰਿਆ ਕਿ ਮੈਂ ਕੌਮੀ ਸੇਵਾ ਦੀ ਪੌੜੀ ਤੇ ਚੜਕੇ ਨੀਚੇ ਗਿਰ ਪਿਆ ਹਾਂ, ਇਸੇ ਵਿਚਾਰ ਨੇ ਫਿਰ ਉਸੇ ਪੌੜੀ ਤੇ ਚਾੜਿਆ ਅਰ ਵੈਹਦਾ ਮੁਆਫੀ ਦੇ ਭੈੜੇ ਕੰਮ ਤੇ ਪਸ਼ੇਮਾਨ ਹੋਇਆ ਅਰ ਪੁਲਸ ਦੀ ਉਹ ਝੂਠੀ ਕਹਾਣੀ ਜੋ ਵੈਹਦਾ ਮੁਆਫੀ ਹਿਤ ਸਖਾਈ ਸੀ ਛਡਕੇ ਕੌਮੀ ਸੇਵਾ ਦੇ ਮੈਦਾਨ ਵਿਚ ਮੁੜ ਆਗਿਆ ਸੋ ਮੈਂ ਇਸ ਦੇ ਇਸ ਕੰਮ ਨੂੰ ਸ਼ਲਾਘਾ ਯੋਗ ਸਮਝਦਾ ਹਾਂ ਕਿ ਭੁਲਾ ਉਹ ਨਾ ਜਾਣੀਏ ਜੋ ਮੁੜ ਘਰ ਆਵੇ ਉਪਰ ਲਿਖੇ ਵੈਹਦਾ ਮੁਆਫ ਦੀਆਂ ਉਨਾਂ ਫਰਜ਼ੀ ਕਹਾਣੀਆਂ (ਜੋ ਉਨਾਂ ਨੂੰ ਪੁਲਸ ਨੇ ਸਖਾਈਆਂ ਸਨ) ਦੇ ਅਧਾਰ ਉਤੇ ੧੫ ਸਤੰਬਰ ੧੯੨੩ ਨੂੰ ੬੨ ਤੇ ੩੬ ਮੁਲਜ਼ਮ ਬਬਰ ਅਕਾਲੀਆਂ ਦਾ ਚਾਲਾਨ ੧੮ ਫਰਵਰੀ ੧੯੨੪ ਨੂੰ ਕੀਤਾ ਗਿਆ ਅਰ ਮੁਕਦਮੇ ਦਾ ਉਪਰ ਲਿਖੀਆਂ ਤਾਰੀਖਾਂ ਅਨਸਾਰ ਮਿਸਟਰ ਬੁਲ ਸਪੈਸ਼ਲ ਮਜਸਟਰੇਟ ਦੀ ਅਦਾਲਤ ਸੰਟਰਲ ਜੇਹਲ ਲਾਹੌਰ ਵਿਚ ਪੇਸ਼ ਹੋਈਆਂ

ਹੁਣ ਮੈਂ ਬਬਰ ਅਕਾਲੀਆਂ ਦਾ ਸੰਖੇਪ ਸਮਾਂਚਾਰ ਲਿਖਦਾ ਹਾਂ

ਸ਼ਹੀਦ ਭਾ. ਕਿਸ਼ਨ ਸਿੰਘ ਜੀ ਗੜਗਜ ਚਕ੍ਰਵਰਤੀ ਨੰ. ੧

ਆਪ ਜੀ ਨੇ ਸ੍ਰਦਾਰ ਫਤਹ ਸਿੰਘ ਜੀ ਦੇ ਘਰ ਪਿੰਡ ਬੜਿੰਗ ਜ਼ਿਲਾ ਜਾਲੰਧਰ ਵਿਖੇ ਜਨਮ ਲੀਤਾ ਸੀ ਬਾਲ ਉਮਰ ਵਿਚ ਹੀ ਆਪ ਦੇ ਪਿਤਾ ਜੀ ਚਲਾਣਾ ਕਰਗਏ ਆਪ ਦਾ ਅਨੰਦ ਕਾਰਜ ਗੁਰਮਤ ਅਨੁਸਾਰ ਹੋਇਆ ਸ਼ਬਦ ਕੀਰਤਨ ਦੇ ਆਪ ਚੰਗੇ ਸ਼ਰਧਾਲੂ ਸਨ ੧੬-੧੯ ਦੀ ਉਮਰ ਵਿਚ ਅ ੪੭ ਸਿਖ ਪਲਟਣ ਵਿਚ ਭਰਤੀ ਹੋਗਏ, ਗੁਰ ਰੀਤ ਸਿਖੀ ਅਸੂਲਾਂ ਵਿਚ ਰਹਿੰਦੇ ਹੋਏ ਦੇਸ ਆਜ਼ਾਦੀ ਹਿਤ ਰੁਝੇ ਰਹਿੰਦੇ (ਤੇ ਵਿਚਾਰ ਦੇ ਰਹਿੰਦੇ) ਸਨ, ਆਪ ਜੀ ਦੀ ਤਬਦੀਲੀ ੩੫ ਸਿਖ ਵਿਚ ਹੋਗਈ ਸਿਖ ਫੌਜ ਤੇ ਪਿੰਡ ਵਿਚ ਜਦੋਂ ਭੀ ਸਮਾਂ ਮਿਲਦਾ

ਰਿਹਾ ਪ੍ਰਚਾਰ ਦੁਆਰਾ ਯੋਗ ਸੇਵਾ ਕਰਦੇ ਰਹੇ, ਗੁਰਦੁਆਰਾ ਰੁਕਾਬ ਗੰਜ ਦਿਲੀ, ਤੇ ਬਜ ਬਜਦ ਘਾਟ ਤੇ ਜੋ ਵਰਤਮਾਨ ਸਰਕਾਰ ਨੇ ਜ਼ੁਲਮ ਕੀਤੇ, ਉਨ੍ਹਾਂ ਨੇ ਆਪ ਜੀ ਦੇ ਦਿਲ ਵਿਚ ਹਕੂਮਤ ਅੰਗਰੇਜ਼ੀ ਵਲੋਂ ਨਫਰਤ ਪੈਦਾ ਕਰ ਦਿਤੀ, ਫਰਵਰੀ ੧੯੧੫ ਹੋਣ ਵਾਲੇ ਗਦਰ ਵਿਚ ਆਪ ਜੀ ਦਾ ਬਹੁਤ ਸਾਂਰਾ ਹਥ ਸੀ, ਇਸ ਦੇ ਪਿਛੋਂ ੧੯੨੦ ਵਿਚ ਆਪ ਨੇ ਗੁਰਦੁਆਰਾ ਸੁਧਾਰ ਤੇ ਨਾ ਮਿਲ ਵਰਤਨ ਉਤੇ ਛੁਟੀ ਜਾਕੇ ਪਿੰਡ ਵਿਚ ਲੈਕਚਰ ਦਿਤੇ, ਜਿਸ ਕਰਕੇ ਡਿਪਟੀ ਕੁਮਿਸ਼ਨਰੋ ਜਾਲੰਧਰ ਦੀ ਰੀਪੋਟ ਪਰ ਆਪ ਅੰਬਾਲਾ ਬਰਗਡ ਦੇ ਜਨਰਲ ਦੀ ਆਗਿਆ ਨਾਲ ਆਪ ਨੂੰ ਫੌਜ ਵਿਚ ਗ੍ਰਿਫ਼ਤਾਰ ਕੀਤਾ ਗਿਆ, ਅੰਤ ਗੁਵਾਹੀ ਤੇ ਸਬੂਤ ਨਾ ਮਿਲਣ ਦੇ ਕਾਰਨ ਇਕ ਮਹੀਨੇ ਬਾਧ ਆਪ ਨੂੰ ਛਡ ਦਿਤਾ ਗਿਆ ਔਰ ਸਾਕਾ ਨਨਕਾਣੇ ਸਾਹਿਬ ਜੀ ਦਾ ਹੋਣ ਪਿਛੋਂ ਸਮੇਂ ਦੀ ਨਬਜ਼ ਪਛਾਣ ਦੇ ਆਪ ਖੁਸ਼ੀ ਨਾਲ ੨੨ ਰੁਪਏ ਹਵਾਲਦਾਰ ਪਿਨਸ਼ਨ ਲੇਕੇ ਆਏ ਤੇ ਔਦੇ ਹੀ ਸੇਵਾ ਵਿਚ ਜੁਟ ਗਏ, ਆਪ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ (ਨਿਰ ਵੈ. ਸੈ. ਸ਼ਹੀਦ ਜਥਾ ਦੁਆਬਾ) ਸ਼ਹੀਦ ਜਥੇ ਦੇ ਮੇਂਬਰ ਬਣਕੇ ਅਕਾਲੀਆਂ ਦੀ ਭਰਤੀ ਤੇ ਗੁਰਦੁਆਰਾ ਸੁਧਾਰ ਔਰ ਦੇਸ਼ ਦੀ ਅਜ਼ਾਦੀ ਹਿਤ ਪ੍ਰਚਾਰ ਕਰਨ ਲਗ ਪਏ, ੪ ਅਪ੍ਰੈਲ ੧੯੨ ਨੂੰ ਸ੍ਰੀ: ਨਨਕਾਣਾ ਸਹਿਬ ਦੇ ਸ਼ਹੀਦੀ ਦੀਵਾਨ ਉਤੇ ਜਿਤੇ ਕਿ ਪੰਥ ਖਾਲਸਾਨੇ ਆਪ ਨੂੰ ਸ਼ਰੋਮਣੀ ਅਕਾਲੀ ਦਲ ਦਾ ਸਕਤਰ ਚੁਣ ਲੀਤਾ ਆਪ ਨੇ ਭਾ. ਤੋਤਾ ਸਿੰਘ ਪਸ਼ੌਰੀ, ਪੁਰਾਣੇ ਮੀਤ ਸਕਤਰ ਤੋਂ ਚਾਰਜ ਲੈਕੇ ਕੰਮ ਚਲੌਣ ਲਗੇ ਨਿਯਮ ਵਗੈਰਾ ਤਿਆਰ ਕਰਕੇ ਦਫਤਰ ਦਾ ਕੰਮ ਬਾਕਾਇਦਾ ਚਲਾਇਆ ਹੀ ਸੀ, ਦੋ ਮਾਹ ਬਾਦ ਆਪ ਜੀ ਦਾ ਵਾਰੰਟ ੩੦੨ ਵਾ ੧੨੦ ਦਫਾ ਹੇਠ ਜਾਰੀ ਹੋਗਿਆ, ਆਪ ਸਿਖ ਲੀਡਰਾਂ ਦੀ ਸਲਾਹ ਨਾਲ ਚਕਰਵਰਤੀ ਹੋਗਏ, ਮਾਝਾ, ਮਾਲਵਾ, ਮੈਣ ਦਾਬ ਵਿਚ ਪ੍ਰਚਾਰ ਕਰ ਪਿਛੋਂ ਦੁਆਬੇ ਵਿਚ ਆਏ ਤੇ ਪਿੰਡ ਪਿੰ ਲੈਕਚਰ ਕਰਕੇ ਅਕਾਲੀ ਭਰਤੀ ਕਾਂਗਰਸ ਕਮੇਟੀਆਂ ਪੰਚਾਇਤਾਂ ਕਾਇਮ ਕਰਕੇ ਲੋਕਾਂ ਦੇ ਬਹੁਤ ਹਿਸੇ ਨੂੰ ਆਪਣਾ ਹਮ ਖਿਆਲ ਬਣਾਕੇ

ਭੁਲੀਚੁਕਾਂ ਦੇ ਸੁਧਾਰ ਹਿਤ ਅਪਰੈਲ ੧੯੨੨ ਨੂੰ ਜਥਾ ਤੀਆਰ ਕੀਤੀ ਆਪ ਪੰਜਾਬੀ ਦੇ ਉਘੇ ਵਿਦਵਾਨ ਭੀ ਸਨ ਜਿਸ ਕਰਕੇ ਆਪ ਲੈਕਚਰਾਂ ਤੋਂ ਇਲਾਵਾ ਪੰਜਾਬੀ ਅਖਬਾਰਾਂ ਵਿਚ ਨਜ਼ਮਾਂ ਤੇ ਮਜ਼ਮੂਨ ਭਾ ਦਿਤਾ ਕਰਦੇ ਸਨ, ਮਈ ੧੯੨੨ ਵਿਚ ਆਪ ਦੇ ਧਾਮ ਉਤੇ ਪੁਲਸ ਨੇ ਡਾਕਾ ਮਾਰਕੇ ਨਕਦੀ ਭਾਂਡੇ ਆਦ ਸਭੁ ਕੁਝ ਲੈ ਗਏ, ਅਤੇ ਜ਼ਮੀਨ ਦੀ ਪੈਦਾਇਸ਼ ਭੀ ਆਪ ਦੇ ਪ੍ਰਵਾਰ ਨੂੰ ਮਿਲਣੋਂ ਬੰਦ ਕਰ ਦਿਤੀ ਆਪ ਦੇਸ਼ ਦੀ ਅਜ਼ਾਦੀ ਹਿਤ ਸਿਰ ਤੋੜ ਯਤਨ ਕਰਦੇ ਹੋਏ ੩੨੭ ਲੈਕਚਰ ਅਤੇ ਅਡ ਜਗਾ ਦੇਕੇ ੨੬ ਫਰਵਰੀ ੧੯੨੩ ਨੂੰ ਗ੍ਰਿਫਤਾਰ ਹੋਗਏ।

ਸ਼ਹੀਦ ਭਾ ਕਰਮ ਸਿੰਘ ਝਿੰਗੜ ਨੰ: ੨

ਆਪ ਜੀ ਨੇ ਪਿੰਡ ਝਿੰਗੜਾਂ ਜ਼ਿਲਾ ਜਾਲੰਧਰ ਵਿਚ ਸ੍ਰ: ਦਾਨ ਸਿੰਘ ਜੀ ਦੇ ਘਰ ਜਨਮ ਲੀਤਾ ਆਪ ਜੀ ਦਾ ਸੰਖੇਪ ਹਾਲ (ਸਮਾਚਾਰ ਪਿਛੇ ਲਿਖ ਚੁਕਾ ਹਾਂ। ਤਹਿਸੀਲ ਨਵਾ ਸ਼ਹੈਰ ਦੇ ਜਥੇਦਾਰ ਸਨ, ਸਚੇ ਗੁਰ ਸਿਖ ਅਤੇ ਦੇਸ਼ ਭਗਤ ਸਨ, ੧੨੪,੧੫੩ ਦਫ਼ਾ ਵਿਚ ਆਪ ਜੀ ਨੂੰ ਮਾਰਚ ੧੯੨੩ ਵਿਚ ੪ ਸਾਲ ਕੈਦ ਦਿਤੀ ਗਈ ਸੀ ਮੁਲਤਾਨ ਜੇਹਲੋਂ ਲਿਆਕੇ ਬਬਰ ਅਕਾਲੀ ਸਾਜ਼ਸ ਵਿਚ ਸ਼ਾਮਲ ਕੀਤਾ ਗਿਆ, ਜਲੰਧਰ ਅਦਾਲਤ ਵਲੋਂ।

ਮਾਸਟਰ ਦਲੀਪ ਸਿੰਘ ਨੰ: ੩

ਅਪ ਜੀ ਨੇ ਗੋਸਲ ਜਿਲਾ ਜਾਲੰਧਰ ਵਿਚ ਭਾ. ਅਛਰ ਸਿੰਘ ਜੀ ਦੇ ਘਰ ਜਨਮ ਲੀਤਾ ਆਪ ਗੁਰ ਧਾਮ ਦੇ ਮੋਰਚਿਆਂ ਵਿਚ ਮੇਂਬਰ ਦੀ ਹੈਸੀਅਤ ਵਿਚ ਰਹੇ ਸੀ ਅਪ ਜੀ ਦੇ ਚਕਰ ਵਰਤੀ ਹੋਣ ਦੇ ਕਾਰਨ ਅਪ ਜੀ ਦੇ ਪਿਤਾ ਜੀ ਦੀ ਨਬੰਰ ਦਾਰੀ ਭੀ ਤੋੜੀ ਗਈ ਮਗਰ ਅਪ ਜੀ ਨੇ ਕੋਈ ਪ੍ਰਵਾਹ ਨ ਕੀਤੀ ਅਪ ਜੀ ਦੀ ਦਸਵੀਂ ਤਕ ਤਾਲੀਮ ਹੈ ਅਪ ਗੁਰਮੁਖੀ ਦੇ ਭੀ ਚੰਗੇ ਵਿਦਵਾਨ ਸਿਖ ਅਸੂਲਾਂ ਦੇ ਪਾਬੰਦ ਹੋਣ ਤੋਂ ਇਲਾਵਾ

ਆਪ ਲੈਕਚਰਾਰ ਭੀ ਗਿਣਤੀ ਦੇ ਹਨ ਮਾਰਚ ੧੯੨੩ ਨੂੰ ੧੨੪' ਪੜ੍ਹ ਹੋਰ ਇਕ ਸਾਲ ਕੈਦ ਸਖਤ ੪ ਸਾਲ ਕਾਲੇ ਪਾਣੀ ਦੀ ਸਜ਼ਾ ਡਿਪਟੀ ਕਮਿਸ਼ਨਰ ਜਾਲੰਧਰ ਦੀ ਅਦਾਲਤ ਵਿਚੋਂ (ਸ਼ਹੀਦ ਭਾ. ਕਰਮ ਸਿੰਘ ਜੀ ਝੰਗੜ ਤੇ ਆਪ ਨੂੰ) ਦਿਤੀ ਗਈ ਸੀ' ਬਾਕੀ ਆਪ ਜੀ ਦੇ ਸੰਖੇਪ ਹਾਲ ਕਿਤੇ ਦੂਜੇ ਥਾਂ ਲਿਖ ਆਇਆ ਹਾਂ

ਸ਼ਹੀਦ ਬਾਬੂ ਸੰਤਾਂ ਸਿੰਘ ਜੀ 'ਨਧੜਕ' ਨੰ: ੪

ਆਪ ਜੀ ਨੇ ਸ੍ਰੀ ਮਾਨ ਭਾ. ਸੋਭਾ ਸਿੰਘ ਜੀ ਦੇ ਘਰ ਹਰਿਓ ਛੋਟੀ ਜਿਲ੍ਹਾ ਲੁਧਿਆਣੇ ਵਿਖੇ ਜਨਮ ਲੀਤਾ ਫਿਰ ਖਾਲਸਾ ਹਾਈ ਸਕੂਲ ਲੁਧਿਆਨਾ ਵਿਚ ਦਸਵੀ ਤਕ ਵਿਦਿਆ ਹਾਸਲ ਕੀਤੀ ਪ੪ ਨੰ. ਪਲਟਣ ਵਿਚ ਭਰਤੀ ਹੋਕ ਅਪਣੀ ਲਿਆਕਤ ਨਾਲ ਕਲਰਕ ਬਣ ਗਏ (ਜਿਸ ਕਰਕੇ ਇਸ ਨੂੰ ਆਮ ਤੌਰ ਪਰ ਬਾਬੂ ਜੀ ਕਰ ਕੇ ਬੁਲਾਇਆ ਜਾਂਦਾ ਸੀ) ਤੇ ੮੪ ਪੰਜਾਬੀ ਵਿਚ ਤਬਦੀਲ ਹੋ ਗਏ ਜਿਸ ਵਕਤ ਸਰਕਾਰ ਅੰਗਰੇਜ਼ ਨੇ ਹਿੰਦੋਸਤਾਨ ਉਤੇ ਜੁਲਮ ਕਰਨੇ ਸ਼ੁਰੂ ਕੀਤੇ (ਜਲਿਆਂ ਵਾਲਾ ਬਾਗ ਸ੍ਰੀ ਅੰਮ੍ਰਿਤਸਰ ਸਿਰੀ ਨਨਕਾਣਾ ਸਾਹਿਬ ਆਦ) ਜਨਵਰੀ ੧੯੨੨ ਨੂੰ ਨਾ ਮਿਲਵਰਤਨ ਦੇ ਅਸੂਲ ਅਨੁਸਾਰ ਨੌਕਰੀ ਛਡ ਕੇ ਇਹ ਸੂਰਬੀਰ 'ਨਧੜਕ, ਯੋਧਾ ਬਬਰ ਅਕਾਲੀ ਸ਼ਹੀਦ ਭਾਈ ਕਰਮ ਸਿੰਘ ਜੀ ਬਬਰ ਦੇ ਜਥੇ ਵਿਚ ਸ਼ਾਮਲ ਹੋਕੇ ਇਸ ਨੇ ਉਹ ਬੀਰਤਾ ਵਖਾਈ ਜਿਸਦੀ ਵਰਨਨ ਕਰਨਾ ਅਤੀ ਕਠਨ ਹੈ ਕਿਉਂਕਿ ਹਰ ਇਕ ਝੋਲੀ ਚੁਕ ਦੇ ਮਾਰਨ ਵਿਚ ਇਸ ਦਾ ਹਥ ਸੀ ਜ਼ੈਲਦਾਰ ਬਿਸ਼ਨ ਸਿੰਘ ਰਾਣੀ ਥੂਹੀ ਤਾਂ ਇਸ ਨੇ ਕਲੇ ਨੇ ਹੀ ਵੰਗਾਰ ਕੇ ਮਾਰਿਆ ਸੀ।

ਬ. ਅ. ਭਾਈ ਸੁੰਦਰ ਸਿੰਘ ਜੀ ਦੇਸ਼ ਸੇਵਕ ਨੰ. ੫

ਆਪ ਜੀ ਨੇ ਪਿੰਡ ਮਖਸੂਸ ਪੁਰ ਜ਼ਿਲਾ ਹੁਸ਼ਿਆਰਪੁਰ ਦੇ ਸਰਦਾਰ ਨਥਾ ਸਿੰਘ ਜੀ ਦੇ ਘਰ ਜਨਮ ਲੀਤਾ ਸੀ ਆਪ ਗੁਰਮੁਖੀ ਵਿਦਿਆ ਚੰਗੀ ਪ੍ਰਾਪਤ ਕਰਕੇ ਦੇਸ਼ ਕੌਮ ਦੀ ਖਾਤਰ ਪ੍ਰਚਾਰ ਕਰਨ ਲਗ

ਗਏ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਆਪ ਸ੍ਰੀ ਨਨਕਾਣਾ ਜੀ ਪੁਜੇ ਅਰ ਆਪਣੇ ਹਥੀਂ ਸਿਖਾਂ (ਸ਼ਹੀਦਾਂ) ਦੀਆਂ ਲਾਸ਼ਾਂ ਦਾ ਸਸਕਾਰ ਕੀਤਾ ਗੁਰਦੁਆਰਾ ਲਹਿਰ ਅਰੰਭ ਹੋਣ ਸਮੇਂ ਅਕਾਲੀ ਸਜ ਗਏ ਅਰ ਹੁਸ਼ਿਆਰਪੁਰ ਕਮੇਟੀ ਦੇ ਮੈਂਬਰ ਸਨ, ਧਰਮ ਤੇ ਦੇਸ਼ ਦੀ ਅਜ਼ਾਦੀ ਹਿਤ ਪਰਚਾਰ ਵਿਚ ਜੁਟ ਗਏ ਛੇ ਮਹੀਨੇ ਸ਼ਹੀਦ ਭਾਈ ਕਿਸ਼ਨ ਸਿੰਘ ਜੀ ਆਦ ਦੇਸ ਸੇਵਕਾਂ ਨਾਲ ਰਹਿਕੇ ਸੂੰਢ ਤੋਂ ਗਿਰਫਤਾਰ ਹੋ ਗਏ ਇਥੇ ਆਪ ਜੀ ਦੇ ਸਟਾਂ ਬਹੁਤ ਲਗੀਆਂ ਸਨ, ਦਸ ਦਿਨ ਤਕ ਕੋਈ ਚੀਜ਼ ਖਾਣ ਪੀਣ ਦੀ ਹਜ਼ਮ ਨਹੀਂ ਸੀ ਹੋਈ, ਹਮਲਾ ਕਰਨ ਵਾਲਿਆਂ ਨੂੰ ਸਰਕਾਰ ਨੇ ਕੋਈ ਪੁਛ ਗਿਛ ਨਹੀਂ ਕੀਤੀ, ਮਹੀਨੇ ਬਾਦ ਮੁਲਾਹਜ਼ਾ ਕੀਤਾ, ਤੇ ਪਤਾ ਲਗਾ ਕਿ ਮਜਾ ਹਥ ਤੇ ਬਾਂਹ ਬਿਲਕੁਲ ਟੁਟ ਚੁਕੇ ਹਨ ਜਿਸਮ ਤੇ ੩੨ ਸਿਰ ਵਿਚ ੯ ਜ਼ਖਮ ਸਨ, ਇਸ ਨਾਜ਼ਕ ਹਾਲਤ ਵਿਚ ਹੀ ਆਪ ਨੂੰ ਡੇਢ ਸਾਲ ਦੀ ਸਜ਼ਾ ਦਿਤੀ ਅਜੇ ਸਜ਼ਾ ਪੂਰੀ ਨਹੀਂ ਹੋਈ ਬਬਰ ਅਕਾਲੀ ਕੇਸ ਵਿਚ (ਸ਼ਹੀਦ ਭਾਈ ਕਰਮ ਸਿੰਘ ਜੀ ਝਿੰਗੜ ਮਾਸਟਰ ਦਲੀਪ ਸਿੰਘ ਜੀ ਗੋਸਲ ਵਾਂਗ) ਲਪੇਟ ਲਿਆ।

ਬ. ਅਕਾਲੀ ਭਾਈ ਬੰਤਾ ਸਿੰਘ ਜੀ ਪ੍ਰਾਮ ਪੁਰ ਨੰ. ੬

ਏਹ ਭਾਈ ਸਾਹਿਬ ਪਿੰਡ ਪ੍ਰਾਮ ਪੁਰ ਜ਼ਿਲਾ ਜਾਲੰਧਰ ਦੇ ਸਰਦਾਰ ਖੇਮ ਸਿੰਘ ਜੀ ਦੇ ਘਰ ਜਨਮ ਲੀਤਾ ਅਤੇ ਸ੍ਰੀ ਨਨਕਾਣਾ ਸਾਹਿਬ ਜੀ ਦਾ ਸਾਕਾ ਹੋਣ ਵੇਲੇ ਆਪ ਅਕਾਲੀ ਸਜ ਗਏ ਆਪ ਗੁਰਮੁਖੀ ਵਿਦਿਆ ਚੰਗੀ ਪੜ੍ਹੇ ਹੋਏ ਹਨ ਧਰਮ ਅਤੇ ਦੇਸ਼ ਨਾਲ ਪ੍ਰੇਮ ਰਖਦੇ ਸਨ ਹਰ ਤਰਹ ਯੋਗ ਸਮਝਕੇ ਪਿੰਡ ਦੀ ਸੰਗਤ ਨੇ ਪਿੰਡ ਦੇ ਅਕਾਲੀ ਜਥੇ ਦੇ ਜਥੇਦਾਰ ਨੀਯਤ ਆਪ ਜੀ ਨੂੰ ਹੀ ਕਰ ਦਿਤਾ ਜਿਸ ਵੇਲੇ ਹਕੂਮਤ ਨੇ ੨੨-੪-੨੩ ਨੂੰ ਬਬਰ ਅਕਾਲੀ ਨੂੰ ਗਿਰਫਤਾਰ ਕਰਨ ਹਿਤ ਸਾਰੇ ਦੁਆਬੇ ਵਿਚ ਛਾਪਾ ਮਾਰਿਆ ਸੀ ਆਪ ਨੂੰ ਭੀ ਦੇਸ਼ ਸੇਵਕ ਸਮਝਕੇ ਪੁਲਸ ਨੇ ਗਿਰਫਤਾਰ ਕਰ ਲਿਆ ਬੇਲਾ ਸਿੰਘ ਤੇ ਸਾਧੂ ਸਿੰਘ ਨੂੰ ਏਹਦੇ ਉਤੇ ਵੇਹਦਾ ਮੁਆਫ ਬਣਾਕੇ ਬਬਰ ਅਕਾਲੀ ਸਾਜ਼ਸ਼ ਵਿਚ ਅੜਾ

ਦਿਤਾ।

ਭਾਈ ਪ੍ਰੇਮ ਸਿੰਘ ਜੀ ਬਬਰ ਅਕਾਲੀ ਨੰ: ੭

ਇਸ ਸਜਣ ਨੇ ਭਾਈ ਪਾਲ ਸਿੰਘ ਜੀ ਪਿੰਡ ਪ੍ਰੇਮ ਪੁਰ ਜ਼ਿਲਾ ਜਾਲੰਧਰ ਦੇ ਘਰ ਜਨਮ ਲੀਤਾ, ਇਹ ਚੰਗਾ ਮਨ ਚਲਾ ਤੇ ਦਲੇਰ ਆਦਮੀ ਸੀ, ਏਸ ਦੇ ਖੂਹ ਉਤੇ (ਸੰਤ) ਕਰਤਾਰ ਸਿੰਹ ਰਿਹਾ ਕਰਦਾ ਸੀ ਜਿਸ ਉਤੇ ਬਦਚਲਣੀ ਦਾ ਸ਼ਕ ਸੀ ਇਸ ਕਾਰਨ ਕਰਕੇ ਇਸ ਨੇ ਕਰਤਾਰ ਸਿੰਘ ਨੂੰ ਮਾਰ ਕੁਟ ਕੀਤੀ ਤੇ ਅਜੇਹੀ ਨਰਾਜ਼ਗੀ ਬੋਲਾ ਸਿੰਹ ਤੇ ਸਾਧੂ ਸਿੰਹ ਨਾਲ ਸੀ ਉਪਰ ਜ਼ਿਕਰ ਕਰਦਾ ਤੇਰਾਂ ਵੈਹਦਾ ਮੁਆਫ ਨੇ ਇਸ ਸਜਣ ਨੂੰ ਭੀ ਬਬਰ ਅਕਾਲੀ ਕੇਸ ਵਿਚ ਸ਼ਾਮਲਾ ਕਰ ਦਿਤਾ।

ਭਾਈ ਜਸਵੰਤ ਸਿੰਘ ਜੀ ਨੰ. ੮

ਆਪ ਨੇ ਸ੍ਰ. ਸ਼ਾਮ ਸਿੰਘ ਜੀ ਦੇ ਘਰ ਖੁਸਰੋ ਪੁਰ ਜ਼ਿਲ ਜਾਲੰਧਰ ਵਿਖੇ ਜਨਮ ਲੀਤਾ ਅਰ ਖਾਲਸਾ ਕਾਲਜ ਸ੍ਰੀ ਅੰਮ੍ਰਿਤ ਸਰ ਜੀ ਬੇ,ਏ, ਦੀ ਡਿਗਰੀ ਤਕ ਵਿਦਿਆ ਹਾਸਲ ਕੀਤੀ ਦੇਸ਼ ਕੌਮ ਦੇ ਨਾਲ ਪੂਰਨ ਮਹਬਤ ਰਖਦੇ ਸਨ, ਅਤੇ ਅਜੇ ਕੰਮ ਕਰਨ ਦੀ ਸਕੀਮ ਸੋਚ ਹੀ ਰਹੇ ਸਨ ਸਰਕਾਰ ਦੀ ਅਖ ਵਿਚ ਕੰਡੇ ਵਾਂਗ ਰੜਕਣ ਲਗ ਪਏ ਕਰਤਾਰ ਸਿੰਹ ਤੇਲੀ ਨੂੰ ਆਪ ਉਤੇ ਵੈਹਦਾ ਮੁਆਫ਼ ਬਣਾਕੇ ਬਬਰ ਅਕਾਲੀ ਮੁਕਦਮੇ ਵਿਚ ਫਸਾ ਲਿਆ,

ਭਾਈ ਆਤਮਾ ਸਿੰਘ ਜੀਖੁਸ਼ਰੋ ਪੁਰ ਨੰ. ੯

ਆਪ ਭਾਈ ਜਸਵੰਤ ਸਿੰਘ ਦੇ ਛੋਟੇ ਸਕੇ ਭਰਾਤਾ ਹਨ ਆਪ ਦੀ ਵਿਦਿਆ ਦਸਵੀਂ ਤਕ ਹੈ ਆਪ ਜੀ ਦਾ ਕਿਸਾ ਭੀ ਆਪ ਜੀ ਦੇ ਭਾਰਾ ਵਤ ਹੀ ਹੈ ਪਰ ਇਕ ਹੋਣਹਾਰ ਸੇਵਕ ਮਾਲੂਮ ਹੁੰਦੇ ਸਨ, ਇਸ ਕਰਕੇ ਪੁਲਸ ਨੂੰ ਨਾ ਭਾਇਆ ਕਿ ਅਜ਼ਾਦੀ ਦੀ ਹਵਾ ਲੈਕੇ ਇਸ ਸੇਵਾ ਦੇ ਮੈਦਾਨ ਵਿਚ ਔਣ ਕਰਕੇ ਗਰਫਤਾਰ ਕਰ ਲਏ।

ਬਬਰ ਅਕਾਲੀ ਭਾਈ ਉਜਾਗਰ ਸਿੰਘ ਜੀ ਨੰ. ੧੦

ਇਸ ਸਜਣ ਨੇ ਭਾਈ ਪਰਤਾਪ ਸਿੰਘ ਜੀ ਪਿੰਡ ਬਸਰਾਮ ਪੁਰ ਜ਼ਿਲਾ ਜਾਲੰਧਰ ਦੇ ਘਰ ਜਨਮ ਲਿਆ, ਪਰਿ ਆਪ ੧੯ ਨੰ ਰਸਾਲੇ ਵਿਚ ਭਰਤੀ ਹੋਏ। ਜਲਿਆਂ ਵਾਲੇ ਬਾਗ ਤੇ ਨਨਕਾਣਾ ਸਾਹਿਬ ਜੀ ਦੇ ਸਾਕੇ ਸਮੇਂ ਨਾ ਮਿਲ ਵਰਤਨ ਦੇ ਅਸੂਲ ਅਨੁਸਾਰ ਨੌਕਰੀ ਛਡ ਕੇ ਅਕਾਲੀ ਸਜ ਗਏ ਗੁਰਬਾਣੀ ਦੇ ਪਕੇ ਨਿਤ ਨੇਮੀ ਪਰੇਮੀ ਸਨ, ਇਸ ਭਾਈ ਪਿੰਡ ਦੇ ਜਥੇ ਨੇ ਪਿੰਡ ਦੇ ਜਥੇਦਾਰ ਨੀਯਤ ਕਰ ਦਿਤੇ, ਦੇਸ਼ ਤੇ ਕੌਮੀ ਸੇਵਾ ਕਰਦੇ ਹੋਏ ਆਪ ਬਬਰ ਅਕਾਲੀ ਸਾਜ਼ਸ ਵਿਚ ਗਰਿਫਤਾਰ ਕੀਤੇ ਗਏ।

ਬਬਰ ਅਕਾਲੀ ਸ਼ਹੀਦ ਭਾਈ ਨੰਦ ਸਿੰਘ ਜੀ ਨੰ. ੧੧

ਇਸ ਗੁਰਮੁਖ ਨੇ ਭਾ. ਗੰਗਾ ਸਿੰਘ ਜੀ ਦੇ ਘਰ ਪਿੰਡ ਘੁੜਿਆਲ ਜ਼ਿਲਾ ਜਾਲੰਧਰ ਵਿਖੇ ਜਨਮ ਲਿਆ ਅਰ ਆਪ ਬ. ਅਕਾਲੀਆ ਦੇ ਮੁਢਲੇ ਮੈਂਬਰ ਇਕ ਸਨ ਅਤੇ ਆਪ ਜੀ ਦਾ ਸੰਖੇਪ ਵਰਨਨ ਮੈਂ ਕਿਸੇ ਹੋਰ ਥਾਂ ਨੂੰ ਕਰ ਆਇਆ ਹਾਂ।

ਬ.ਅਕਾਲੀ ਸ਼ਹੀਦ ਭਾਈ ਮੁਣਸ਼ਾਸਿੰਘ ਜੋਹਲ ਨੰ.੧੨

ਆਪ ਜੀ ਨੇ ਸ੍ਰ. ਬੇਲਾ ਸਿੰਘ ਜੀ ਦੇ ਘਰ ਪਿੰਡ ਜੌਹਲ ਜ਼ਿਲਾ ਜਾਲੰਧਰ ਵਿਚ ਜਨਮ ਲਿਆ ੨੮ ਨੰ. ਪਲਟਣ ਵਿਚ ਆਪ ਨੌਕਰ ਹੋਗਏ, ਉਥੇ ਹੀ ਚੰਗੀ ਗੁਰਮਖੀ ਪੜ੍ਹਕੇ ਗੁਰਬਾਣੀ ਦੇ ਨਿਤ ਨੇਮ ਪਰੇਮਾ ਹੋਗਏ, ਜਲਿਆ ਦੇ ਬਾਗ ਤੇ ਸ੍ਰੀ ਨਨਕਾਣਾ ਸਾਹਬ ਦੇ ਸਾਕੇ ਨਾਮਿਲ ਵਰਤਣ ਦੇ ਅਸੂਲ ਅਨੁਸਾਰ ਨੌਕਰੀ ਛਡ ਆਏ ਤੇ ਔ ਦੇ ਹੀ ਅਕਾਲੀ ਸ੍ਜ ਗਏ ਦੇਸ਼ ਤੇ ਕੌਮ ਦੇ ਨਾਲ ਪੂਰਨ ਮਹਬਤ ਰਖਦੇ ਸਨ ਤੇ ਪਿੰਡ ਦੀ ਸੰਗਤ ਵਲੋਂ ਪਿੰਡ ਦੇ ਜਥੇ ਜਥੇਦਾਰ ਨੀਯਤ ਕੀਤੇ ਗਏ

ਬਬਰ ਸ਼ਹੀਦ ਭਾਈ ਕਰਮ ਸਿੰਘ ਜੀ ਨਾਲ ਇਸ ਦਾ ਕਾਫੀ ਮੇ
ਮਲਾਪ ਸੀ ਜਥਾ ਯੋਗ ਕਾਫੀ ਸੇਵਾ ਕਰਦੇ ਸਨ ਆਖਰ ਆਪ ਨੂੰ ਪੁਲ
ਨੇ ਗ੍ਰਿਫਤਾਰ ਕਰਕੇ ਸੇਵਾ ਦੇ ਮੈਦਾਨ ਵਿਚ ਕਢਣ ਵਾਸਤੇ, ਇਸ
ਸਕੇ ਭਰਾ ਜਵੰਦ ਸਿੰਹੁ ਨੂੰ ਵੈਹਦਾ ਮੁਆਫ ਬਣਾ ਕੇ ਜੇਲ ਪੁਆ ਦਿਤ

ਬਬਰ ਅਕਾਲੀ ਭਾਈ ਸ਼ਿਵ ਸਿੰਘ ਜੀ ਨੰ.੧

ਆਪ ਸ੍ਰ ਗੁਰਦਿਤ ਸਿੰਘ ਜੀ ਦੇ ਘਰ ਹਰੀਪੁਰ ਜ਼ਿਲਾ ਜਾਲੰਧ
ਵਿਖੇ ਜਨਮ ਲਿਆ ਤੇ ਜੀਮੀ ਦਾਰੇ ਦਾ ਕੰਮ ਕੀਤਾ ਕਰਦੇ ਸਨ ਅਕਾਲ
ਲਹਿਰ ਦੇ ਸ਼ੁਰੂ ਹੋਇਆਂ ਆਪ ਅਕਾਲੀ ਸਜ ਗਏ ਦੇਸ਼ ਵਾ ਕੌਮ ਦ
ਸੇਵਾ ਵਲ ਰੁਜੂ ਹੋਗਏ ਵਿਤ ਅਨੁਸਾਰ ਸੇਵਾ ਕਰਦੇ ਰਹੇ।ਇਸ ਅਪਰਾ
ਵਿਚ ਆਪ ਨੂੰ ਬਬਰ ਅਕਾਲੀ ਮੁਕਦਮੇ ਵਿਚ ਲਪੇਟ ਲਿਆ,।

ਬਬਰ ਅਕਾਲੀ ਭਾਈ ਮੈਹਿੰਗਾ ਸਿਘ ਜੀ ਨੰ. ੧੪

ਆਪ ਜੀ ਨੇ ਸ੍ਰ. ਬਸਾਖਾ ਸਿੰਘ ਜੀ ਪੰਡੋਰੀ ਨਿਝਰਾਂ ਜ਼ਿਲ
ਜਾਲੰਧਰ ਵਿਚ ਜਨਮ ਲਿਆ' ਉਰਦੂ ਗੁਰਮਖੀ ਵਿਦਿਆ ਹਾਸਲ ਕੀਤ
ਤੇ ਬ. ਆਲੀਆਂ ਦੀ ਸੇਵਾ ਤਨ ਮਨ ਦੁਆਰਾ ਕਰਦਾ ਰਿਹਾ, ਇ
ਅਪਰਾਧ ਵਿਚ ਏਹਨੂੰ ਬ. ਅਕਾਲੀ ਕੇਸ ਵਿਚ ਅੜਾ ਲਿਆ।

ਬਬਰ ਅਕਾਲੀ ਕਰਤਾਰ ਸ਼ਿਘ ਨੰ. ੧੫

ਆਪ ਜੀ ਦਾ ਜਨਮ ਪੰਡੋਰੀ ਨਿਝਰਾਂ ਜਿਲਾ ਜਾਲੰਧਰ ਦੇ
ਵਸਨੀਕ ਸ੍ਰ. ਦੇਵਾ ਸਿੰਘ ਦੇ ਘਰ ਹੋਇਆ, ਆਪ ਗੁਰਮਖੀ ਦੇ ਚੰ
ਜਾਣੂ ਸਨ, ਨੇਮੀ ਪਰੇਮੀ ਤੇ ਦੇਸ਼ ਸੇਵਕ ਅਕਾਲੀ ਹੋਣ ਦੇ ਕਾਰਨ
ਆਪ ਨੂੰ ਬ. ਅਕਾਲੀ ਸਾਜ਼ਸ ਵਿਚ ਅੜਾ ਦਿਤਾ।

ਬਬਰ ਅਕਾਲੀ ਬੂਟਾ ਸਿੰਘ ਜੀ ਨੰ: ੧੬

ਆਪ ਜੀ ਦਾ ਜਨਮ ਸ੍ਰ. ਠਾਕਰ ਸਿੰਘ ਜੀ ਦੇ ਘਰ ਨਿਝਰਾ ਜਿਲਾ ਜਾਲੰਧਰ ਵਿਖੇ ਹੋਇਆ ਸੀ ਆਪ ਗੁਰਮਖੀ ਉਰਦੂ ਵਿਦਿਆ ਦੇ ਚੰਗੇ ਜਾਣੂ ਹਨ ਸਿਖ ਅਸੂਲ ਗੁਰਬਾਣੀ ਦੇ ਨਿਤ ਨੇਮੀ ਤੇ ਪਰੇਮੀ ਹਨ, ਧਰਮ ਤੇ ਦੇਸ਼ ਨਾਲ ਪੂਰਨ ਮਹਬਤ ਰਖਦੇ ਹੋਏ ਜਲਿਆਂ ਵਾਲੇ ਬਾਗ ਦੇ ਸਾਕੇ ਤੋਂ ਬਾਧ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਆਪ ਅਕਾਲੀ ਸਜ ਗਏ ਤੇ ਆਪ ਅਪਣੇ ਪਿੰਡ ਦੇ ਅਕਾਲੀ ਜਥੇ ਦੇ ਸਕਤਰ ਨੀਯੰਤ ਕੀਤੇ ਗਏ, ੬ ਸਤੰਬਰ ੧੯੨੨ ਨੂੰ ਆਪ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਮਾਰ ਖਾਣ ਵਾਲੇ ਜਥੇ ਵਿਚ ਸ਼ਾਮਲ ਹੋਕੇ ਮਾਰ ਖਾਦੀ, ਤੇ ਬਾਧ ਵਿਚ ਰਾਜ਼ੀ ਹੋਕੇ ਸ਼ਹੀਦ ਭਾਈ ਕਰਮ ਸਿੰਘ ਜੀ ਬਬਰ ਦੇ ਜਥੇ ਦੇ ਮੈਂਬਰ ਬਣ ਕੇ ਸਾਥ ਹੀ ਚਕਰ ਵਰਤੀ ਹੋਗਏ, ਕਿਸ ਕਾਰਨ ਕਰਕੇ ਚਕ ਨੰ. ੧੧ ਜਿਲਾ ਲਾਇਲਪੁਰ ਵਿਚ ਗਏ ਹੋਏ ਸਨ' ਗੰਗਾ ਵਲਦ ਵਤਨ ਸਿੰਹ ਦੀ ਬੇਈਮਾਨੀ ਨਾਲ ਗਰਫਿਤਾਰ ਕੀਤੇ ਗਏ।

ਹੇਠ ਲਿਖੇ ਨੂੰ ਬਬਰ ਅਕਾਲੀ ਪੰਡੋਰੀ ਨਿਝਰਾ ਜ਼ਿਲਾ ਜਾਲੰਧਰ ਦੇ ਵਸਨੀਕ ਹਨ।

੧੭	ਬ. ਅ. ਭਾ. ਨਿਰਵੈਰ ਸਿੰਘ ਜੀ	ਵਲਦ	ਸੰਤਾ ਸਿੰਘ ਜੀ।
੧੮	ਭਾ. ਕਰਤਾਰ ਸਿੰਘ ਜੀ	,,	ਸਚਤ ਸਿੰਘ ਜੀ।
੧੯	ਭਾ. ਹੁਕਮ ਸਿੰਘ ਜੀ	,,	ਦੇਵਾ ਸਿੰਘ ਜੀ।
੨੦	ਬ. ਅ. ਭਾ. ਹਰਨਾਮ ਸਿੰਘ ਜੀ।	,,	ਸਿਧੂ
੨੧	ਬ: ਅ. ਭਾ. ਠਾਕਰ ਸਿੰਘ ਜੀ	,,	ਮਾਹਾਂ ਸਿੰਘ ਜੀ।
੨੨	ਬ. ਅ. ਭਾ. ਬਖਸ਼ੀਸ ਸਿੰਘ ਜੀ	,,	ਪ੍ਰੇਮ ਸਿੰਘ ਜੀ।
੨੩	ਬ. ਅ. ਭਾ. ਊਧਮ ਸਿੰਘ ਜੀ	,,	ਰਲਾ ਸਿੰਘ ਜੀ।
੨੪	ਬ. ਅ. ਭਾ. ਮਿਲਖਾ ਸਿੰਘ ਜੀ	,,	ਗੁਲਾਬ ਸਿੰਘ ਜੀ।
੨੫	ਬ. ਅ. ਭਾ. ਅਮਰ ਸਿੰਘ ਜੀ	,,	ਬਸੰਤ ਸਿੰਘ ਜੀ।

ਇਨ੍ਹਾਂ ੯ ਦੇਸ ਸੇਵਕਾਂ ਨੂੰ ਬਬਰ ਅਕਾਲੀਆਂ ਨੂੰ ਪਨ੍ਹਾ ਦੇਣ ਦੇ ਜੁਰ ਵਿਚ ਪੁਲਸ ਰਾਣੀ ਨੇਗਿਤਫਤਾਰ ਕਰਕੇ ਇਸ ਸਾਜ਼ਸ਼ ਵਿਚ ਫਸਾ ਦਿ

ਬਬਰ ਅਕਾਲੀ ਭਾਈ ਊਧਮ ਸਿੰਘ ਜੀ ਨੰ.੨੩ ਵਿਦਿਆਰਥੀ

ਇਸ ਭੁਝੰਗੀ ਨੇ ਸਰਦਾਰ ਰਲਾ ਸਿੰਘ ਜੀ ਦੇ ਘਰ ਪੰਡੋਰ ਨਿਝਰਾਂ ਜ਼ਿਲਾ ਜਾਲੰਧਰ ਜਨਮ ਲਿਆ ਤੇ ਮਾਪਿਆਂ ਨੇ ਛੋਟ ਉਮਰੇ ਹੀ ਆਪ ਨੂੰ ਵਿਦਿਆ ਪੜਨ ਲਾ ਦਿਤਾ ਉਰਦੂ ਅੰਗ੍ਰਜ਼ੀ ਤੇ ਗੁਰਮੁਖੀ ਵਿਦਿਆ ਅਜੇ ਪੜ੍ਹ ਹੀ ਰਹੇ ਸਨ ਸ੍ਰੀ ਨਨਕਾਣ ਸਾਹਿਬ ਦੇ ਸਾਕੇ ਬਾਧ ਅਕਾਲੀ ਸਜੇ ਗਏ ਦੇਸ਼ ਕੌਮ ਦੇ ਨਾਲ ਆਪ ਜੀ ਦਾ ਹੋਰ ਭੀ ਪਿਆਰ ਵਧ ਗਿਆ ਇਸ ਭੁਝੰਗੀ ਦੀ ਉਮਰ ਗਿਫਤਾਰੀ ਸਮੇ ੧੫ ੧੬ ਸਾਲ ਸੀ ਕੇਵਲ ਦੇਸ਼ ਕੌਮ ਨਾਲ ਪਿਆਰ ਕਰਨ ਦੇ ਅਪ੍ਰਾਧ ਵਿਚ ਆਪ ਨੂੰ ਨੌਵੀਂ ਜਮਾਤ ਵਿਚ ਪੜ੍ਹਦਿਆਂ ਪੁਲਸ ਨੇ ਗਿਰਫਤਾਰ ਕਰਕੇ ਬਬਰ ਅਕਾਲੀ ਸਾਜ਼ਸ਼ ਵਿਚ ਲਪੇਟ ਲਿਆ ਕਿਉਂਕਿ ਇਸ ਅੰਗਰੇਜ਼ ਰਾਜ ਵਿਚ ਦੇਸ਼ ਕੌਮ ਦੇ ਨਾਲ ਪਿਆਰ ਕਰਨਾ ਅਪਰਾਧ ਗਿਣਿਆਂ ਜਾਂਦਾ ਹੈ।

ਬਬਰ ਅਕਾਲੀ ਭਾਈ ਮਿਲਖਾ ਸਿੰਘ ਜੀ ਵਿਦਿਆਰਥੀ ਨੰ. ੨੪

ਇਸ ਭੁਜੰਗੀ ਨੇ ਪੰਡੋਰੀ ਨਿਝਰਾਂ ਜ਼ਿਲਾ ਜਾਲੰਧਰ ਦੇ ਸਰਦਾਰ ਗੁਲਾਬ ਸਿੰਘ ਜੀ ਦੇ ਘਰ ਜਨਮ ਲੀਤਾ ਅਰ ਬਾਲ ਉਮਰੇ ਹੀ ਆਪ ਨੂੰ ਪੜਨਾਪਾ ਦਿਤਾ ਵਿਦਿਆ ਦੇਬਲ ਕਰਕੇ ਸਿਖੀ ਅਸੂਲਾਂ ਦੇ ਜਾਣੂ ਹੋ ਗਏ ਸਿਰੀ ਨਾਨਕਾਣਾ ਸਾਹਿਬ ਦੇ ਸਾਕੇ ਸਮੇਂ ਅਕਾਲੀ ਸਜ ਗਏ ਕਿਉਂਕਿ ਜਲਿਆਂ ਵਾਲੇ ਬਾਗ ਦਾ ਹਿਰਦਾ ਵੇਧਕ ਸਾਕਾ ਤਾਂ ਅਜੇ ਭੁਲਿਆ ਹੀ ਨਹੀਂ ਸੀ ਮੌਜੂਦਾ ਹਕੂਮਤ ਦੇ ਮੁਤਅਲਕ ਨਫਰਤ ਪੈਦਾ

ਹੋ ਗਈ ਦੇਸ਼ ਦੀ ਸੇਵਾ ਦਾ ਰੰਗ ਚੜ ਗਿਆ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਨੌਵੀ ਜਮਾਤ ਦੇ ਵਿਚੋਂ ਹੀ ਗੁਰਦੁਵਾਰਾ ਤੇ ਦੇਸ਼ ਦੀ ਅਜ਼ਾਦੀ ਹਿਤ ਗੁਰੂ ਕੇ ਬਾਗ ਗਏ ਅਰ ੨੨-੯-੨੨ ਨੂੰ ਆਪ ਪਹਿਲੇ ਜਥੇ ਵਿਚ ਗਿਫਤਾਰ ਹੋ ਗਏ ਅਰ ਗਿਰਫਤਾਰੀ ਤੋਂ ੧ ਮਹੀਨਾ ਬਾਧ ੬ ਮਹੀਨੇ ਦੀ ਸਜ਼ਾ ਦਿਤੀ ਗਈ ਅਤੇ ੨ ਦੁਸੰਬਰ ੧੯੨੨ ਨੂੰ ਨਾਬਾਲਗ ਹੋਣ ਦੇ ਕਾਰਨ ਆਪ ਨੂੰ ਜਬਰ ਦਸਤੀ ਜੇਹਿਲ ਤੋਂ ਬਾਹਰ ਕਢ ਦਿਤਾ ਗਿਆ ਤੇ ਫਿਰ ਉਸੇ ਹਾਈ ਸਕੂਲ ਵਿਚ ਦੋਬਾਰਾ ਦਾਖਲ ਹੋ ਗਏ ਤੇ ਹੁਣ ਦਸਵੀਂ ਵਿਚ ਦਾਖਲ ਸਨ ਖਾਲਸਾ ਭੁਝੰਗੀ ਸਭਾ ਬੋਰਡਿੰਗ ਦੇ ਸਕਤ੍ਰ ਸਨ ਬਬਰ ਅਕਾਲੀਆਂ ਨਾਲ ਇਸ ਦਾ ਤਅਲਕ ਜ਼ਿਆਦਾ ਸਨ ਜਿਸ ਕਰਕੇ ਇਸਨੂੰ ਬ. ਅਕਾਲੀ ਸਾਜ਼ਸ਼ ਵਿਚ ਲਪੇਟ ਲਿਆ।

ਬਬਰ ਅਕਾਲੀ ਭਾਈ ਕਰਮ ਸਿੰਘ ਜੀ ਨੰ. ੨੬

ਅਪਨੇ ਭਗਵਾਨ ਦਾਸ ਜ਼ਰਗਰ ਦੇ ਘਰ ਹਰੀ ਪੁਰ ਜ਼ਿਲਾ ਜਾਲੰਧਰ ਵਿਖੇ ਜਨਮ ਲਿਆ ਤੇ ਆਪ ਬਬਰ ਅਕਾਲੀ ਜਥੇ ਦੇ ਚੋਣਵੇਂ ਮੇਂਬਰ ਸਨ, ਵਡੇ ਬਹਾਦਰ ਤੇ ਸੂਰਬੀਰ ਯਧੇ ਸਨ ਇਸ ਦਾ ਸੰਖੇਪ ਵਰਨਨ ਝੋਲੀ ਚੁਕ ਗੇਂਦਾ ਸਿੰਹ ਘੜਿਆਲ ਦੇ ਕਤਲ ਸਮੇਂ ਕਰ ਆਇਆ ਹਾਂ ਝੋਲੀ ਚੁਕ ਗੇਂਦਾ ਸਿੰਹੁ ਦੀ ਕਤਲ ਵਿਚ ਏਹ ਸਰੀਕ ਸੀ

ਬਬਰ ਅਕਾਲੀ ਭਾਈ ਪਿਆਰਾ ਸਿੰਘੀ ਜੀ ਨੰ ੨੭

ਆਪ ਚੰਗੇ ਦਲੇਰ ਸ਼ਖਸ ਹਨ ਮੈਂ ਆਪ ਜੀ ਦਾ ਸੰਖੇਪ ਹਾਲ ਕਿਸੇ ਹੋਰ ਥਾਂ ਕਰ ਚੁਕਾ ਹਾਂ।

ਪੋਲੀਸ ਨੇ ਰਾਮ ਸਿੰਹ ਵੈਹਦਾ ਮੁਆਫ ਵਲਦ ਭਗਵਾਨਾਂ ਮਜ਼ਾਰਾ ਕਾਵਾਂ ਨੂੰ ਹਥ ਵਿਚ ਲੇਕੇ ਬ, ਅਕਾਲੀਆਂ ਨੂੰ ਅਕਾਲੀ ਹੋਣ ਧਰਮ ਤੇ ਦੇਸ਼ ਨਾਲ ਪਿਆਰ ਕਰਨ ਦੇ ਅਪਰਾਧ ਵਿਚ ਨਿਰਦੋਸ਼ ਹੀ ਬਬਰ ਅਕਾਲੀ ਸਾਜ਼ਸ਼ ਵਿਚ ਲਪੇਟ ਕੇ ਅਕਾਰਣ ਹੀ ਖਵਾਰ ਕੀਤਾ

ਅਰ ਰਾਮ ਸਿੰਹ ਦੀ ਉਕਤ ਧਦਮੀਆਂ ਨਾਲ ਜ਼ਾਤੀ ਦੁਸਮਣੀ ਭੀ ਸੀ ਅਰ ਏਹ ਤਿਨੇ ੧੫ ਸਿਖ ਪਲਟਣ ਵਿਚੋਂ ਨਾ ਮਿਲ ਵਰਤਨ ਦੇ ਅਸੂਲ ਅਨੁਸਾਰ ਨੌਕਰੀ ਛਡ ਆਏ ਸਨ।

ਨੰ. ੨੯ ਬ. ਅ. ਭਾਈ ਵਰਿਆਮ ਸਿੰਘ ਜੀ ਵਲਦ ਭਗਵਾਨ ਮੁਜਾਰਾਂ ਕਾਵਾਂ

ਨੰ. ੨੯ ਬ. ਅ. ਭਾਈ ਕਰਤਾਰ ਸਿੰਘ ਜੀ , ਅਛਰ ਸਿੰਘ ,, ,,

ਨੰ. ੩੦ ਬ. ਅ. ਭਾਈ ਰਾਮ ਸਿੰਘ ਜੀ ,, ਲਾਲ ਸਿੰਘ ਜੀ ਮਜਾਰਾ ਕਾਂਵਾਂ

ਏਹ ਤਿਨੇ ਸਜਣ, ਪਿੰਡ ਮਜ਼ਾਰਾ ਕਾਂਵਾਂ ਜ਼ਿਲਾ ਜਾਲੰਧਰ ਦੇ ਵਸਨੀਕ ਹਨ।

ਬਬਰ ਅਕਾਲੀ ਭਾਈ ਅਰਜਨ ਸਿੰਘ ਜੀ ਨੰ. ੩੧

ਏਹ ਪੁਰਸ਼ ਸਰਦਾਰ ਸ਼ੇਰ ਸਿੰਘ ਜੀ ਦੇ ਘਰ ਪਿੰਡ ਸੂੰਢ ਮਖਸੂਸ ਪੁਰ ਜ਼ਿਲਾ ਜਾਲੰਧਰ ਵਿਖੇ ਪੈਦਾ ਹੋਏ ਆਪ ਗੁਰਮੁਖੀ ਪੜ੍ਹੇ ਹੋਏ ਗੁਰ ਸਿਖੀ ਅਸੂਲਾਂ ਦੇ ਧਾਰਨੀ ਹਨ ਅਕਾਲੀ ਲਹਿਰ ਦੇ ਆਰੰਭ ਵਿਚ ਆਪ ਅਕਾਲੀ ਸਜ ਗਏ ਆਪ ਦੇ ਪਿੰਡ ਵਿਚ ਝੋਲੀ ਚੁਕਾਂ ਦਾ ਬਹੁਤ ਜੋਰ ਸੀ ਇਸ ਕਰਕੇ ਆਪ ਨੂੰ ੧੧ ੫ ੨੨ ਨੂੰ ਭਾਈ ਸੁੰਦਰ ਸਿੰਘ ਮੁਖ ਤਿਆਰ ਦੇ ਨਾਲ (ਜੈਸੇ ਮੈਂ ਕਿਤੇ ਪਿਛੇ ਲਿਖ ਚੁਕਾਂ ਹਾਂ) ਝੋਲੀ ਚੁਕ ਸ਼ੇਰ ਸਿੰਹ ਨੰਬਰਦਾਰ ਵਲਦ ਨਰੈਣ ਸਿੰਹ ਨੰਬਰਦਾਰ ਜੀਵੰਣ ਸਿੰਘ ਵਲਦ ਨਿਹਾਲ ਸਿੰਹ ਜੀਵਣ ਸਿੰਹ ਪਿੰਨਸ਼ਨ ਵਲਦ ਮਤਾਬ ਦੀ ਬੇਈਮਾਨੀ ਨਾਲ ਗਿਰਫਤਾਰ ਕੀਤੇ ਗਏ ਤੇ ਛੇ ਮਹੀਨੇ ਦੀ ਕੈਦ ਦਿਤੀ ਗਈ ਆਪ ਕੈਦ ਕਟ ਕੇ ਅਜੇ ਪਿੰਡ ਪੁਜੇ ਹੀ ਸੀ ਫਿਰ ਝੋਲੀ ਚੁਕਾਂ ਦੇ ਕਹਿਣ ਉਤੇ ਪੁਲਸ ਨੇ ਆਪ ਨੂੰ ੧੧੦ ਵਿਚ ਮੁੜ ਜੇਹਲ ਵਿਚ ਸੁਟ ਦਿਤਾ ਦੋ ਦਿਨ ਭੀ ਜ਼ਾਲਮਾਂ ਨੇ ਅਜਾਦੀ ਦੀ ਹਵਾ ਨ ਖਾਣ ਦਿਤੀ ਤੇ ਉਧਰੋਂ ਹੀ ਆਪ ਨੂੰ ਬਬਰ ਅਕਾਲੀ ਸਾਜ਼ਸ਼ ਵਿਚ ਲਪੇਟ ਲਿਆ ਇਸ ਗੁਰ

ਮੁਖ ਦਾ ਜੋਹਲ ਦੇ ਕਸ਼ਟਾਂ ਤੋਂ ਇਲਾਵਾ ਮਾਲੀ ਨੁਕਸਾਨ ਭੀ ਬਹੁਤ ਜਿਆਦਾ ਹੋਇਆ।

ਬਬਰ ਅਕਾਲੀ ਭਾਈ ਅਤਮਾ ਸਿੰਘ ਜੀ ਨੂੰ. ੩੨

ਏਹ ਗੁਰਮੁਖ ਇਕ ਸਿਧਾ ਸਾਦਾ ਅਨਪੜ੍ਹ ਗੁਰ ਮੁਖ ਹੈਇਸ ਨੇ ਭਾਈ ਮਲਾ ਸਿੰਘ ਜੀ ਦੇ ਘਰ ਪਿੰਡ ਬੀਕਾ ਜ਼ਿਲਾ ਜਾਲੰਧਰ ਵਿਚ ਜਨਮ ਲਿਆ ਅਰ ਖੇਤੀ ਬਾੜੀ ਦਾ ਕੰਮ ਕਰਦਾ ਰਿਹਾ ਅਕਾਲੀ ਲਹਿਰ ਦੇ ਸਮੇਂ ਹੀ ਅਕਾਲੀ ਸਜ ਗਿਆ ਸੀ ਹਰ ਇਕ ਧਰਮ ਮੋਰਚੇ ਵਿਚ ਪੁਜ ਕੇ ਯੋਗ ਸੇਵਾ ਤਨ ਮਨ ਦੁਆਰਾ ਕਰਿਆ ਕਰਦਾ ਸੀ ਚਕਰ ਵਰਤੀਆਂ ਦਾ ਵਡਾ ਹਲਕਾਰਾ (ਟੁਰਨ ਫਿਰਨ ਦੀ ਸੇਵਾ ਕਰਨ ਵਾਲਾ) ਏਹੋ ਸਜਣ ਸੀ ਜੇ ਬਬਰ ਦੀ ਮੋਟਰ ਕਾਰ ਯਾ ਏਯਰ ਮੇਲ ਕਿਹਾ ਜਾਏ ਤੇ ਅਯੋਗ ਨਹੀਂ ਹੋਵੇਗਾ ਮੈਂ ਕਹਿ ਸਕਦਾ ਹਾਂਕਿ ਏਹ ਸਚਾ ਸੇਵਕ ਤੇ ਦੇਸ਼ ਭਗਤ ਮਹਾਤਮਾਹੈ ਜਿਨੀ ਜਿਨੀ ਹੋ ਸਕੀ ਵਿਤਅਨੁ- ਸਾਰ ਸੇਵਾ ਕਰਦਾ ਰਿਹਾ ਆਖਰ ਪੁਲਸ ਰਾਣੀ ਨੇ ਇਸ ਪਾਸੋਂ ਅਜ਼ਾਦੀ ਦੀ ਸੇਵਾ ਖੋਹ ਕੇ ੨੨-੪-੨੩ ਨੂੰ ਗਿਰਫਤਾਰ ਕਰ ਲਿਆ।

ਬਬਰ ਅਕਾਲੀ ਭਾਈ ਬਸੰਤ ਸਿੰਘ ਨੰ.੩੩

ਇਸ ਬਜ਼ੁਰਗ ਨੇ ਸ੍ਰ. ਬੂਟਾ ਸਿੰਘ ਜੀ ਦੇ ਘਰ ਪਿੰਡ ਰੰਧਾਵਾ ਮਸੰਦਾ ਜ਼ਿਲਾ ਜਾਲੰਧਰ ਵਿਚ ਜਨਮ ਲਿਆ ਅਰ ਇਨ੍ਹਾਂ ਦੇ ਖਿਆਲ ਪੁਰਾਣੇ ਗੁਰਸਿਖਾਂ ਜਿਹੇ ਹਨ ਏਹ ਛੋਟੀ ਉਮਰ ਤੋਂ ਹੀ ਮਾਮੂਲੀ ਗੁਰਮੁਖੀ (ਪੰਜਾਬੀ ਵਿਦਿਆ) ਪੜ੍ਹ ਕੇ ਸਿੰਘ ਸਭਾ ਦੇ ਪੂਰੇ ਪ੍ਰੇਮੀ ਹੋ ਗਏ ਜਿਸ ਕਰਕੇ ਉਸ ਵਕਤ ਤੋਂ ਹੀ ਆਪ ਜੀ ਦੀ ਸ੍ਰਿਆਂ "ਭਾਈ ਸ਼ਬਦੀਆਂ ਹੋਗਈ ਆਪ ਖੁਦ ਗੁਰਸਿਖੀ ਅਸੂਲਾਂ ਦੇ ਧਾਰਨੀ ਸਨ ਤੇ ਸਿੰਘ ਸਭਾ ਦੇ ਪ੍ਰਚਾਰਕਾਂ ਨਾਲ ਮਿਲਕੇ ਪਿੰਡ ਪਿੰਡ ਗੁਰਮਤ ਦਾ ਪ੍ਰਚਾਰ ਕਰਦੇ ਰਹੇ ਤੇ ਆਪਣੇ ਪਿੰਡ ਦੀ ਭੀ ਪੰਚੈਤ ਕਾਇਮ ਕੀਤੀ ਜੋ ਸਾਰੇ ਝਗੜੇ ਪਿੰਡ ਹੀ

ਨਿਬੜਦੇ ਸੀ ਭਾਈ ਸਾਹਿਬ ਅਕਾਲੀ ਲਹਿਰ ਅਰੰਭ ਹੋਣ ਸਮੇਂ ਅਕਾਲ਼ੀ ਸਜ ਗਏ ਦੇਸ਼ ਸੇਵਾ ਦੇ ਫੰਡ ਵਿਚ ਸਭ ਤੋਂ ਵਧ ਕੇ ਹਿਸਾ ਲੈਂਦੇ ਰਹੇ ਬਬਰ ਅਕਾਲੀ ਜਥੇ ਦੀ ਸੇਵਾ ਯੋਗ ਸਮੇਂ ਹਰ ਤਰਾਂ ਕਰਦੇ ਹੋਏ ੧–੯– ੨੩ ਨੂੰ ਪੁਲਸ ਨੇ ਗਿਰਫਤਾਰ ਕਰ ਲਏ।

ਬਬਰ ਅਕਾਲੀ ਭਾਨ ਸਿੰਘ ਜੀ ਨੰ. ੩੪

ਏਹ ਭਾਈ ਸਾਹਿਬ ਪਿੰਡ ਮਾਂਗਟ ਜ਼ਿਲਾ ਜਾਲੰਧਰ ਦੇ ਭਾਈ ਜੁਵਾਰ ਸਿੰਘ ਜੀਦੇ ਘਰ ਜਨਮੇ ਤੇ ਖੇਤੀ ਪਤੀ ਦਾ ਕੰਮ ਕਰਦੇ ਰਹੇ ਅਕਾਲੀ ਲਹਿਰ ਚਲਣ ਸਮੇਂ ਆਪ ਅਕਾਲੀ ਸਜ ਗਏ ਧਰਮ ਕਿਰਤ ਕਰਕੇ ਵੰਡ ਛਕਦੇ ਰਹੇ ਧਰਮ, ਦੇਸ਼ ਸੇਵਕਾਂ ਦੀ ਸੇਵਾ ਸਦੀਵ ਕਾਲ ਕੀਤਾ ਕਰਦੇ ਸਨ ਉਕਤ ਜਥੇ ਦੇ ਮੋਂਖਰ ਬਣਨ, ਦੇਸ਼ ਕੌਮ ਦੀ ਸੇਵਾ ਕਰਨਾਂ ਵਰਤਮਾਨ ਹਕੂਮਤ ਦੇ ਖਿਆਲ ਵਿਚ ਗੁਨ੍ਹਾ ਹੈ ਇਸ ਲਈ ਇਸ ਸਜਣ ਨੂੰ ਮੈਦਾਨੀ ਬ. ਅਕਾਲੀਆਂ ਦੀ ਸੇਵਾ ਦੇ ਅਪਰਾਧ ਵਿਚ ਗਿਰਫਤਾਰ ਕਰ ਲਿਆ।

ਬਬਰ ਅਕਾਲੀ ਜਗਜੀਤ ਸਿੰਘ ਜੀ ਨੰ. ੩੫

ਆਪ ਜੀ ਨੇ ਭਾਈ ਦਲੀਪ ਸਿੰਘ ਜੀ ਦੇ ਘਰ ਪਿੰਡ ਕੁਠਾਰ ਜ਼ਿਲਾ ਜਾਲੰਧਰ ਜਨਮ ਲੀਤਾ ਛੋਟੀ ਉਮਰ ਵਿਚ ਹੀ ਆਪ ਦੇ ਪਿਤਾ ਜੀ ਚਲਾਣਾ ਕਰ ਗਏ ਸਨ ਆਪ ਦੇ ਅਕਲੋਤੇ ਹੋਣ ਕਰਕੇ ਆਪ ਦੀ ਮਾਤਾ ਨੇ ਲਾਡਲੇ ਤਾਂ ਰਖਿਆ ਪਰ ਗੁਰਮਤ ਦੀ ਚੰਗੀ ਸਿਖਿਆ ਦਿਤੀ ਜਿਸ ਕਰਕੇ ਛੋਟੀ ਉਮਰੋਂ ਹੀ ਆਪ ਦਾ ਸਿਖੀ ਨਾਲ ਪਿਆਰ ਹੋ ਗਿਆ ਪਹਿਲੇ ਕੁਠਾਰ ਵਿਚ ਕੇਵਲ ਆਪ ਕਲੇ ਹੀ ਸਿਖ ਸਨ ਬਾਕੀ ਪਿੰਡ ਅਨਮਤੀ ਹੋਣ ਦੇ ਕਾਰਨ ਆਪਦਾ ਭਾਂਡਾ ਭੀ ਕਿਤਨਾ ਚਿਰ ਅ[illegible] ਕੀਤਾ ਉਸ ਦੀ ਵਜਾ ਏਹ ਸੀ ਕਿ ਅਨਮਤੀ ਲੋਕ ਪਸੂਆਂ ਦੀ ਬੀਮਾਰੀ ਹਟੌਣ ਹਿਤ ਟੂਣੇ ਕਰੌਣ ਦੇ ਭੈੜੇ ਕੰਮ ਵਿਚ ਆ

ਨੂੰ ਭੀ ਸ਼ਾਮਲ ਕਰਨਾ ਚੋਂਹੁੰਦੇ ਸਨ ਪ੍ਰੰਤੂ ਆਪ ਸਿਰੀ ਦਸਮੇਸ਼ ਜੀ ਉਤੇ ਭਰੋਸਾ ਰਖਕੇ ਡਟੇ ਰਹੇ ਅਸੂਲ ਘਾਤ ਨਹੀਂ ਕੀਤਾ ਬਬਰ ਅਕਾਲੀ ਲਹਿਰ ਦਾ ਪਰਵਾਹ ਇਸ ਗਲ ਦੇ ਮਗਰੋਂ ਛੇਤੀ ਹੀ ਚਲ ਪਿਆ ਤੇ ਆਪ ਉਕਤ ਜਥੇ ਦੇ ਮੈਂਬਰ ਬਣ ਕੇ ਯੋਗ ਸੇਵਾ ਕਰਦੇ ਰਹੇ ਇਸ ਅਪਰਾਧ ਵਿਚ ੨੯ – ੯ – ੨੩ ਨੂੰ ਗਿਰਫਤਾਰ ਕੀਤੇ ਗਏ।

ਬ. ਅਕਾਲੀ ਜਥੇਦਾਰ ਬਾਬਾ ਦਲੀਪ ਸਿੰਘਜੀ ਨੰ. ੩੬

ਏਹ ਬਬਰ ਅਕਾਲੀ ਜਥੇਦਾਰ ਬਾਬੇ ਸ੍ਰ. ਦਿਤ ਸਿੰਘਜੀ ਦੇ ਘਰ ਪਿੰਡ ਸਾਧੜਾ ਜਿਲਾ ਹੁਸ਼ਿਆਰ ਵਿਖੇ ਪੈਦਾ ਹੋਏ, ਤੇ ਛੋਟੀ ਉਮਰੇ ਹੀ ਗੁਰਮੁਖੀ ਹਿੰਦੀ ਵਿਦਿਆ ਪਰਾਪਤ ਕਰਕੇ ਅਪਣਾ ਖੇਤੀ ਪਤੀ ਦਾ ਕੰਮ ਕਰ ਦੇਹੋਏ ਧਾਰਮਕ ਦੀਵਾਨਾਂ ਵਿਚ ਜਾਕੇ ਪਰਚਾਰ ਦੁਆਰਾ ਭੁਲੇ ਲੋਕਾਂ ਨੂੰ ਗੁਰ ਸਿਖੀ ਦੇ ਅਸੂਲ ਦਸਕੇ ਸਿਖ ਮੰਡਲ ਵਿਚ ਲਿਔਂਦੇ ਰਹੇ ਆਪ ਸ਼ੁਧੀ ਦੇ ਤਕੜੇ ਹਾਮੀ ਤੇ ਪਰਚਾਰਕ ਸਨ ਸ਼ੁਰੂ ੧੯੦੦ ਵਿਚ (ਜਦੋਂ ਸਿੰਘ ਸਭਾ ਦੀਵਾਨ ਪਿੰਡ ਸਾਧੜਾ ਵਿਚ ਰਖਿਆ) ਆਪ ਜੀ ਨੂੰ ਨਿਰ ਵੈਰ ਸੇਵਕ ਸ਼ਹੀਦੀ ਜਥਾ ਦੁਆਬਾ ਦੇ ਜਥੇਦਾਰ ਨੀਯਤ ਕੀਤੇ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਯਾਦਗਾਰ ਸ਼ਹੀਦੀ ਬਾਗ਼ ਸ੍ਰੀ ਅਨੰਦ ਪੁਰ ਸਾਹਿਬ ਦੇ ਮੁਕਦਮੇ ਸਮੇਂ ਸਭ ਤੋਂ ਵਧ ਕੇ ਹਿਸਾ ਲੈਂਦੇ ਸਨ ੧੯੦੩ ਵਿਚ ਕਰੀਮ ਬਖਸ਼ (ਜਿਸਦਾ ਪਵਿਤਰਨਾਮ ਲਖਬੀਰ ਸਿੰਘ ਜੀ ਰਖਿਆ) ਪਿੰਡ ਬੁਕਾ ਪੁਰ ਜ਼ਿਲਾ ਜਾਲੰਧਰ ਨੂੰ ਅੰਮ੍ਰਿਤ ਛਕਾਕੇ ਸਿਖ ਮੰਡਲ ਵਿਚ ਲਿਔਣ ਸਮੇਂ ਆਪ ਪੰਜਾ ਪਿਆਰਿਆਂ ਵਿਚੋਂ ਇਕ ਸਨ।

੩੧ ਜੁਲਾਈ ੧ ਅਗਸਤ ੧੯੦੯ ਨੂੰ ਰਹਿਤੀਏ ਸਿੰਘਾਂ ਨਾਲ ਹੋਈ ਨਰਾਦਰੀ ਨੂੰ ਰੋਕਣ ਸਮੇਂ ਆਪ ਸਭ ਤੋਂ ਅਗੇ ਸਨ। ੧੯੧੩ ਨੂੰ ਜਾਲੰਧਰ ਕਾਨਫਰੰਸ ਵਿਚ ਜਦੋਂ ਸਰਦਾਰ ਸਰਦੂਲ ਸਿੰਘ ਜੀ ਕਵੀਸ਼ਰ ਨੇ ਗੁਰਦੁਵਾਰਾ ਰਕਾਬ ਗੰਜ ਦੀ ਢਠੀਦੀਵਾਰ ਨੂੰ ਮੁੜ ਬਣਨੇ

ਹਿਤ ਕੁਰਬਾਨੀ ਵਾਸਤੇ ੧੦੦ ਸਿਖ ਦੇ ਸੀਸ ਦੀ ਮੰਗ ਕੀਤੀ ਉਕਤ ਜਥੇ ਵਲੋਂ ੧੦੦੦ ਸਿੰਘ ਆਪ ਜੀ ਦੀ ਜਥੇਦਾਰੀ ਹੇਠ ਮੈਦਾਨ ਵਿਚ ਆਗਿਆ।

੧੯੧੪ ੧੫ ਵਾਲੀ ਸਾਜ਼ਸ਼ ਵਿਚ ਆਪ ਜੀ ਦਾ ਕਾਫ਼ੀ ਹਖ ਸੀ (ਕਿਉਂਕਿ ਸ਼ਹੀਦ ਭਾਈ ਕਰਮ ਸਿੰਘ ਜੀ ਝਿੰਗੜ ਇਸ ਦੇ ਭਾਣਜੇ ਸਨ ਤੇ ਸ਼ਹੀਦ ਭਾਈ ਕਰਮ ਸਿੰਘ ਜੀ ਬਬਰ ਦੌਲਤ ਪੁਰ ਇਸ ਦੇ ਜੋੜੀ ਦਾਰ ਦੋਨੋਂ ੧੪ ੧੫ ਵਿਚ ਕੇਨੇਡਾ ਤੋਂ ਆਏ ਹੋਏ ਦੇਸ਼ ਸੇਵਾ ਕਰ ਰਹੇ ਸਨ) ਸ੍ਰੀ ਨਨਕਾਣਾ ਸਾਹਬ ਦੇ ਸਾਕੇ ਸਮੇਂ ਸ਼ਹੀਦ ਸਿੰਘਾਂ ਦਾ ਸਸਕਾਰ ਹਥੀਂ ਕੀਤਾ ਗੁਰਦੁਵਾਰਾ ਹੇਠੀਆਂ ਤੇ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਚਾਬੀਆਂ ਦੇ ਮਾਮਲ ਸਮੇਂ ਆਪ ਜੀ ਨੇ ਵਧ ਕੇ ਸੇਵਾ ਕੀਤੀ ਸ੍ਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੋਣਵੇਂ ਮੈਂਬਰ ਸਨ ਅਕਾਲੀ ਜਥਾ ਜ਼ਿਲਾ ਹੁਸ਼ਿਆਰਪੁਰ ਦੇ ਪ੍ਰਧਾਨ ਸਨ, ੧੨-੧-੨੨ ਨੂੰ ਉਕਤ ਜੱਥੇ ਸਹਿਤ ਸ੍ਰੀ ਅਨੰਦ ਪੁਰ ਸਾਹਿਬ ਦੇ ਕਬਜੇ ਹਿਤ ਅਪਣੇ ਪਰਚਾਰ ਦੁਆਰਾ ਸੇਵਾ ਕਰਨ ਹਿਤ ਆਪ ਜੀ ਦਾ ਵਰੰਟ ੧੭ ਬੀ ਦਫਾ ਅਨੁਸਾਰ ਜਾਰੀ ਹੋ ਚੁਕਾ ਸੀ ਕੁਝ ਸਮਾ ਚੱਕਰ ਵਰਤੀ ਰਹੇ ਤੇ ਇਸ ਦੌਰਾਨ ਵਿਚ ਬ. ਅ. ਦ ਅਖਬਾਰ ਕਢਣਤੇ ਝੋਲੀ ਚੁਕਾਂ ਦੇ ਸੁਧਾਰ ਹਿਤ ਇਕ ਗੁਰਮਤਾ ਪਿੰਡ ਸਾਧੜੇ ਵਿਤੇ ਪਾਸ ਕੀਤਾ ਅਜੇ ਡੁਪਲੀਕੇਟ ਮਸ਼ੀਨ (ਜਿਸ ਦਾ ਨਾਮ ਪਹਿਲੇ ਸਫਰੀ ਮਸ਼ੀਨ ਸੀ ਫਿਰ ਉਡਾਰੂ ਰਖਿਆ ਸੀ) ਮੰਗਵਾਈ ਹੀ ਸੀ, ਆਪ ਰਲਾ ਦਿਤੂ ਕੋਵ ਪੁਰ ਦੀ ਪ੍ਰੇਸ ਬਈਮਾਨੀ ਨਾਲ ੨੯ ਮ... ੧੯੨੨ ਨੂੰ ਗ੍ਰਿਫਤਾਰ ਕੀਤੇ ਗਏ।

ਡਿਪਟੀ ਮਖਦੂਮ ਜ਼ਿਲਾ ਹੁਸ਼ਿਆਰਪੁਰ ਦੀ ਅਦਾਲਤ ਵਿਚੋਂ ਕੈਦ ਦਿਤੀ ਗਈ ਜੋ ਆਪ ਪ੍ਰੰਸਤਸਹਿਤਕਟਕੇ ਅਜੇਆਏਹੀਸਨ ਤੇ ਫਿਰ ਦੇਸ਼ ਸੇਵਾ ਹਿਤ ਜਦ ਕਿ ਹਕੂਮਤ ਤਰਹਾਂ ਤਰਹਾਂ ਦੀਆਂ ਚਾਲਾਂ ਖੇਡ ਰਹੀ ਸੀ ਤੇ ਦੁਆਬੇ ਦੇ ਪਿੰਡ ਪਿੰਡ ਵਿਚੋਂ ਬਬਰ ਅਕਾਲੀ ਗ੍ਰਿਫਤਾਰ

ਚੁਕੇ ਸਨ ਦਾਸ ਨੂੰ ਭੀ ਆਪ ਜੀ ਦੇ ਜੇਹਲ ਯਾਤਰਾ ਤੇ ਔਣ ਤੋਂ ਦੋ ਮਹੀਨੇ ਪਹਿਲੇ (ਗਿਰਫਤਾਰ ਕੀਤਾ ਗਿਆ ਸੀ,) ਇਸ ਭਿਆਨਕ ਸਮੇਂ ਵਿਚ ਅਮਲੀ ਜਾਮਾ ਪਾਹਿਨਕੇ ਮੈਦਾਨ ਵਿਚ ਕੁਦ ਪਏ ਤੇ ਆਪ ਜੀ ਨੂੰ ਯੋਗ ਸਮਝਕੇ ਸਰੋਮਣੀ ਗੁਰਦਵਾਰਾ ਪ੍ਰ. ਕਮੇਟੀ ਦੇ ਮੈਂਬਰ ਚੁਣਿਆ ਗਿਆ ਤੇ ਬਬਰ ਅਕਾਲੀ ਜਥੇ ਵਿਚ ਕੰਮ ਕਰਨ ਦੇ ਕਾਰਨ ਪੋਲੀਸ ਦੀ ਅਖ ਵਿਚ ਪਹਿਲੇ ਹੀ ਕੰਡੇ ਵਾਂਗ ਰੜਕਦੇ ਸਨ ਦੇਸ਼ ਸੇਵਾ ਦੇ ਮੈਦਾਨ ਵਿਚੋਂ ਹਟੌਣ ਲਈ ਪੋਲੀਸ ਨੇ ੨-੯-੨੩ ਨੂੰ ਗਿਰਫਤਾਰ ਕਰ ਲਏ ਤੇ ਏਹ ਯਾਦ ਰਹੇ ਕਿ ਸ਼ੁਰੂ ੧੯੨੨ ਤੋਂ ਹੀ ਆਪ ਜੀ ਦੀ ਪਿਨਸ਼ਨ ਜ਼ਬਤ ਕੀਤੀ ਗਈ ਜੋ ਅਜਤਕ ਨਹੀਂ ਮਿਲੀ।

ਬਬਰ ਅਕਾਲੀ ਭਾਈ ਛਜਾ ਸਿੰਘ ਜੀ ਨੰ. ੨੭

ਏਹ ਸਜਣ ਪਿੰਡ ਮਸਾਣੀਆਂ ਜ਼ਿਲਾ ਜਾਲੰਧਰ ਦੇ ਭਾਈ ਮੀਹਾਂ ਸਿੰਘ ਜੀ ਦੇ ਘਰ ਪੈਦਾ ਹੋਏ ਤੇ ਜਵਾਣ ਹੋਣ ਸਮੇਂ ੨੯ ਨੰ. ਪਲਟਣ ਵਿਚ ਆਪ ਭਰਤੀ ਹੋ ਗਏ ਤੇ ਗੁਰ ਦੁਆਰਾ ਸੁਧਾਰ ਲਹਿਰ ਤੇ ਜਲਿਆਂ ਵਾਲੇ ਬਾਗ ਦੇ ਸਾਕੇ ਸਮੇਂ ਆਪ ਨਾਮਿਲ ਵਰਤਨ ਦੇ ਅਸੂਲ ਅਨੁਸਾਰ ਨੌਕਰੀ ਛਡ ਕੇ ਆ ਗਏ ਤਨ ਮਨ ਤੇ ਧਨ ਦੁਆਰਾ ਦੇਸ਼ ਸੇਵਾ ਹਿਤ ਜੁਟ ਗਏ ਥੋੜੇ ਚਿਰ ਵਿਚ ਹੀ ਆਪ ਅਪਨੇ ਪਿੰਡ ਅਕਾਲੀ ਜਥਾ ਕਾਇਮ ਕਰ ਲਿਆ ਸੰਗਤ ਨੇ ਯੋਗ ਸਮਝਕੇ ਆਪ ਨੂੰ ਹੀ ਜਥੇਦਾਰ ਨੀਯਤ ਕਰ ਦਿਤਾ ਇਸ ਵੀਰ ਨੇ ਬਬਰ ਅਕਾਲੀ ਜਥੇ ਦਾ ਮੈਂਬਰ ਬਣਕੇ ਹਰਨਾਮ ਸਿੰਘ ਸਪੈਦ ਪੋਸ਼ ਮਹਦੀਪੁਰ ਦਾ ਸੁਧਾਰ ਕਰਨ ਹਿਤ ਦੋ ਬਬਰ ਅਕਾਲੀ ਮੈਂਬਰਾਂ ਨੂੰ ਨਾਲ ਲੈਕੇ ਸੁਧਾਰ ਕੀਤਾ ਗੁਰੂ ਕੇ ਬਾਗ ਦੇ ਮੋਰਚੇ ਸਮੇਂ ੬ ਸੰਤਬਰ ੧੯੨੨ ਨੂੰ ਮਾਰ ਖਾਣ ਵਾਲੇ ਜਥੇ ਵਿਚ ਸ਼ਾਮਲ ਹੋਕੇ ਗੁਰੂ ਕੇ ਬਾਗ ਗਏ ਅਰ ਗਿਰਫਤਾਰ ਹੋਏ ਅਤੇ ਢਾਈ ਸਾਲ ਕੈਦ ਸਖਤ ਦਿਤੀ ਗਈ ਪਰ ੨੮-੪-੨੩ ਨੂੰ ਬਾਕੀ ਗੁਰੂ ਕੇ ਬਾਗ ਸੁਬੰਧੀ ਕੈਦੀਆਂ ਵਿਚ ਰਿਹਾ ਕੀਤੇ ਗਏ ਪਰ ਇਸ ਕੈਦ ਨੇ ਕੌਮੀ ਸੇਵਾ ਦੇ ਜੋਸ਼ ਨੂੰ ਠੰਡਾ ਨ ਕੀਤਾ ਸਗੋਂ ਜੋਸ਼ ਨੂੰ ਹੋਰ ਭੀ ਤਰੱਕੀ

ਸ਼ਹੀਦ ਭਾਈ ਦਲੀਪ ਸਿੰਘ ਜੀ ਬਬਰ ਅਕਾਲੀ ਨੰ. ੩੯ ਧਾਮੀਆਂ

ਆਪ ਉਰਦੂ ਅੰਗ੍ਰੇਜ਼ੀ ਹਿੰਦੀ ਤੇ ਗੁਰਮੁਖੀ ਦੇ ਚੰਗੇ ਵਿਦਵਾਨ ਸਨ ਆਪ ਗਰੀਬ ਅਜਜ਼ਾਂ ਦੇ ਦਰਦਾਂ ਨੂੰ ਪੂਰੇ ਤੌਰ ਉਤੇ ਦਿਲ ਰਖਦੇ ਸੀ ਅਤੇ ਆਪ ਜੀ ਦਾ ਸੰਖੇਪ ਹਾਲ ਮੈਂ ਕਿਤੇ ਦੂਜੇ ਥਾਂ ਵਰਨਨ ਕਰ ਚੁਕਾ ਹਾਂ ਬ. ਅ. ਜਥੇ ਦੇ ਆਪ ਮੈਂਬਰ ਤੇ ਪੂਰਨ ਮਹੁਬਤ ਰਖਦੇ ਸਨ ਦੇਸ਼ ਤੇ ਕੌਮ ਦੀ ਸੇਵਾ ਦੇ ਅਪਰਾਧ ਵਿਚ ਆਪ ਨੂੰ ਗ੍ਰਿਫਤਾਰ ਕੀਤ ਗਿਆ ਆਪ ਨੰਗਲ ਸ਼ਾਮਾਂ ਬੂਟੇ ਦੇ ਕਤਲ ਵਿਚ ਸ਼ਾਮਲ ਸਨ।

ਬਬਰ ਅਕਾਲੀ ਸ਼ਹੀਦ ਭੁਝੰਗੀ ਦਲੀਪ ਸਿੰਘ ਜੀ ਧਾਮੀਆਂ ਨੰ. ੩੯

ਆਪ ਜੀ ਦੀ ਉਮਰ ਮੁਕਦਮੇ ਦੇ ਫੈਸਲੇ ਸਮੇਂ ੧੬–੧੭ ਸਾਲ ਦੇ ਲਗ ਭਗ ਸੀ ਪਰ ਆਪ ਹਰ ਤਰਹ ਦੀ ਕੁਰਬਾਨੀ ਕਰਨ ਲਈ ਖੁਸ਼ੀ ੨ ਤੀਆਰ ਸਨ ਆਪ ਜੀ ਨੂੰ ਕੌਮੀ ਸੇਵਾ ਦੇ ਪ੍ਰੇਮ ਦਾ ਤੀਰ ਬਾਲ ਉਮਰੇ ਹੀ ਪੂਰੇ ਤੋਰ ਉਤੇ ਲਗ ਚੁਕਾ ਸੀ ਜਿਸਦਾ ਵਰਨੰਨ ਮੈਂ ਪਿਛੇ ਕਰ ਆਇਆ ਹਾਂ। ਬਬਰ ਅਕਾਲੀ ਅਜ਼ਾਦ ਮੈਦਾਨੀ ਮੈਂਬਰ ਸੀ

ਬਬਰ ਅਕਾਲੀ ਭਾਈ ਰਤਨ ਸਿੰਘ ਜੀ ਸਿੜੀਗ ਵਾਲਾ ਨੰ. ੪੦

ਏਹ ਸਜਣ ਭੀ ਇਕ ਚੰਗੇ ਦਲੇਰ ਮਰਦ ਹਨ ਆਪ ਦੇਸ਼ ਸੇਵਾ ਦੇ ਨਾਲ ਪਿਆਰ ਕਰਦੇ ਹੋਏ ਬਬਰ ਅਕਾਲੀ ਜਥੇ ਦੇ ਮੈਂਬਰ ਬਣ ਗਏ ਗੁਰਮੁਖੀ ਵਿਦਿਆ ਪੜੇ ਹੋਏ ਗੁਰਬਾਣੀ ਦੇ ਨਿਤ ਨੇਮੀ ਹਨ ਆਪ ਜੀ ਦਾ ਹਾਲ ਪਿਛੇ ਲਿਖ ਆਇਆ ਹਾਂ ਆਪ ਨੰਗਲ ਸ਼ਾਮਾਂ ਬੂਟੇ ਦੇ ਕਤਲ ਦੇ ਅਪਰਾਧ ਵਿਚ ਗਿਰਫਤਾਰ ਕੀਤੇ ਗਏ।

ਬਬਰ ਅਕਾਲੀ ਭਾਈ ਹਰ ਸਿੰਘ ਜੀ ਨੰ. ੪੧

ਆਪ ਨੇ ਪਿੰਡ ਦੌਲਤ ਪੁਰ ਜ਼ਿਲਾ ਜਲੰਧਰ ਵਿਚ ਭਾਈ ਦੇਵਾ ਸਿੰਘ ਜੀ ਦੇ ਘਰ ਜਨਮ ਲਿਆ ਤੇ ਖੇਤੀ ਬਾੜੀ ਦਾ ਕੰਮ ਧਰਮ ਕਿਰਤ ਕਰਕੇ ਵੰਡ ਛਕਣ ਵਾਲੇ ਆਪ ਗੁਰ ਸਿਖ ਹਨ ਅਕਾਲੀ ਲਹਿਰ ਸ਼ੁਰੂ ਹੋਇਆਂ ਆਪ ਜਥੇ ਵਿਚ ਸ਼ਾਮਲ ਹੋ ਗਏ ਆਪ ਹੋਠੀਆਂ ਦੇ ਗੁਰਦੁਆਰੇ ਸ਼੍ਰੋਮਣੀ ਮਾਗ ਪ੍ਰ.ਕ. ਦੀ ਆਗਿਆ ਅਨਸਾਰ ਸ਼ਹੀਦ ਭਾਈ ਕਰਮ ਸਿੰਘ ਬਬਰ ਦੇ ਜਥੇ ਵਿਚ ਗਏ ਮਾਹ ਜਨਵਰੀ ੧੯੨੨ ਨੂੰ ਆਪ ਨਿ. ਵੈ. ਸੇ. ਸ,ਜ ਦੁਆਬਾ ਵਿਚ ਸ਼ਾਮਲ ਹੋਕੇ ਸ੍ਰੀ ਅਨੰਦ ਪੁਰ ਸਾਹਿਬ ਕਬਜ਼ੇ ਹਿਤ ਪੁਜ ਸਨ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਆਪਨੇ ਗੁਰੂ ਕੇ ਬਾਗ ਭੀ ਸੇਵਾ ਜਾ ਕੀਤੀ ਉਥੋਂ ਗਿਰਫਤਾਰ ਕਰਕੇ ਆਪ ਸਾਢੇ ਤਿਨ ਮਹੀਨੇ ਦੀ ਕੈਦ ਅਕਤੂਬਰ ੧੯੨੨ ਤੋਂ ੧੪ ਜਨਵਰੀ ੧੯੨੩ ਤਕ ਹੋਏ, ਆਕੇ ਫਿਰ ਦੇਸ਼ ਤੇ ਕੌਮ ਦੀ ਅਜ਼ਾਦੀ ਹਿਤ ਬਬਰ ਅਕਾਲੀ ਜਥੇ ਵਿਚ ਸ਼ਾਮਲ ਹੋਕ ਬਤਨ ਕਰਦੇ ਰਹੇ ਤੇ ਪੁਲਸ ਰਾਣੀ ਨੂੰ ਏਹ ਗਲ ਕਦੋਂ ਭੌਂਦੀ ਸੀ ੨੦.੧.੨੩ ਨੂੰ ਗਿਰਫਤਾਰ ਕੀਤੇ ਗਏ,

ਬਬਰ ਅਕਾਲੀ ਭਾਈ ਵਰਿਆਮ ਸਿੰਘ ਨੰ ੪੨

ਇਸ ਭਾਈ ਸਾਹਿਬ ਨੇ ਸ੍ਰ. ਸੌਣ ਸਿੰਘ ਜੀ ਦੇ ਘਰ ਪਿੰਡ ਦੌਲਤ ਪੁਰ ਜ਼ਿਲਾ ਜਾਲੰਧਰ ਵਿਖੇ ਜਨਮ ਧਾਰਿਆ ਸੀ ਅਰ ਸਰ ਕਿਰਤ ਕਰ ਛਕਣ ਛਕੌਣ ਲਗੇ ਅਕਾਲੀ ਲਹਿਰ ਦੇ ਅਰੰਭ ਸਮੇਂ ਹੀ ਆਪ ਅਕਾਲੀ ਸਜ ਕੇ ਆਪ ਗੁਰਦੁਆਰਿਆਂ ਦੇ ਸੁਧਾਰ ਦੀ ਸੇਵਾ ਵਿਚ ਜੁਟ ਗਏ ਇਸ ਧੁਨ ਵਿਚ ਆਪ ਗੁਰਦਆਰਾ ਹੋਠੀਏ ਸ਼ਹੀਦ ਭਾਈ ਕਰਮ ਸਿੰਘ ਜੀ ਦ ਨਿ, ਵੈ, ਸੇ ਸ ਜ ਦੁਆਬਾ ਵਿਚ ਸ਼ਾਮਲ ਹੋਕੇ ਉਕਤ ਗੁਰਧਾਮ ਨੂੰ ਸੁਤੰਤਰ ਕਰੌਣ ਹਿਤ ਗਏ ਸੀ ਫਿਰ ਭੀ ਵਿਤਆਨੁਸਾਰ ਸੇਵਾ ਕਰਦੇ ਹੋਇ ਦੇਸ਼ ਨਾਲ ਪੂਰਨ ਪਿਆਰ ਰਖਦੇ

ਏਹ ਭਾ. ਸਾਹਿਬ ਪਿੰਡ ਰਹਿੰਸੀ ਵਾਲ ਜ਼ਿਲਾ ਹੁਸ਼ਿਆਪੁਰ
ਭਾ. ਮੇਹਰ ਸਿੰਘ ਜੀ ਦੇ ਘਰ ਪੈਦਾ ਹੋਏ, ਆਪ ਧਰਮ ਕਿਰਤ ਕਰ
ਸਨ ਤੇ ਬਬਰ ਅਕਾਲੀ ਜਥੇ ਦੇ ਮੈਂਬਰ ਹੋਣ ਕਰਕੇ ਪੁਲਸ ਨੇ ੩-੮-੨
ਨੂੰ ਗਿਰਫਤਾਰ ਕਰ ਲਿਆ।

ਸ਼ਹੀਦ ਬਬਰ ਅਕਾਲੀ ਭਾਈ ਬੰਤ ਸਿੰਘ ਜੀ ਨੰ ੪

ਏਹ ਭਾਈ ਸਾਹਿਬ ਪਿੰਡ ਦੌਲਤ ਪੁਰ ਜ਼ਿਲਾ ਜਾਲੰਧਰ
ਵਸਨੀਕ ਸਰਦਾਰ ਪਾਲ ਸਿੰਘ ਜੀ ਦੇ ਘਰ ਜਨਮਿਆ ਸੀ ਖੇਤੀ ਪ
ਦਾ ਕੰਮ ਕਰਦੇ। ਬਬਰ ਅਕਾਲੀ ਜਥੇ ਵਿਚ ਸ਼ਾਮਲ ਹੋਣ ਦੇ ਕਾਰ
ਆਪ ਨੂੰ ੨੦-੭-੨੩ ਨੂੰ ਗਿਰਫਤਾਰ ਕਰ ਲਿਆ।

ਬਬਰ ਅਕਾਲੀ ਭਾਈ ਠਾਕਰ ਸਿੰਘ ਜੀ ਨੰ. ੪੪

ਆਪ ਜੀ ਨੇ ਪਿੰਡ ਦੌਲਤ ਪੁਰ ਜ਼ਿਲਾ ਜਾਲਧਰ ਦੇ ਰਹਿ
ਵਾਲੇ ਸਰਦਾਰ ਅਛਰ ਸਿੰਘ ਜੀ ਦੇ ਘਰ ਜਨਮ ਲਿਆ ਆਪ ਭਾਈ
ਬੰਤ ਸਿੰਘ ਨੂ: ੪੩ ਵਾਗ ਧਰਮ ਕਰਕੇ ਛਕਦੇ ਛਕੌਦੇ ਬਬਰ ਅਕਾਲ
ਲਹਿਰ ਦੇ ਅਰੰਭ ਸਮੇਂ ਬਬਰ ਅਕਾਲੀ ਜਥੇ ਦੇ ਮੇਂਬਰ ਬਣ ਗਏ ਇ
ਅਪ੍ਰਾਧ ਵਿਚ ਗਿਰਫਤਾਰ ਕੀਤੇ ਗਏ

ਬਬਰ ਅਕਾਲੀ ਭਾਈ ਦੁਮਣ ਸਿੰਘ ਜੀ ਨੰ: ੪੫

ਏਹ ਸਜਣ ਪਡੋਰੀ ਮਹਿਤਮਾ ਜ਼ਿਲਾ ਹੁਸ਼ਿਆਰਪੁਰ ਦੇ ਭਾਈ
ਮੁਨਸ਼ਾ ਸਿੰਘ ਦਾ ਸੁਪੁਤਰ ਸੀ ਅਤੇ ੧੨ ਨੰ: ਰਸਾਲ ਵਿਚ ਨੌਕਰ ਹੋ
੩-੩-੨੦ ਨੂੰ ੧੦ ਰੁਪਏ ਨੇਕੀ ਪਿਨਸ਼ਨ ਆ ਗਿਆ ਤੇ ਬਬਰ ਅਕਾਲ
ਜਥੇ ਵਿਚ ਸ਼ਾਮਲ ਹੋਕੇ ਲਾਭ ਸਿੰਘ ਫੰਡਾ ਫਤਹ ਸਿੰਘ ਪੁਰ ਵਾਲੇ ਗੁ
ਵਿਚ ਸ਼ਾਮਲ ਹੋਕੇ ਸੁਧਾਰਹਿਤ ਗਿਆ ਸੀ ਤੇ ਗਿਰਫਤਾਰ ਕੀਤਾ ਗਿਆ

ਬਬਰ ਅਕਾਲੀ ਭਾਈ ਸ਼ਾਮ ਸਿੰਘ ਜੀ ਨੰ. ੪੬

ਏਹ ਭਾਈ ਸਾਹਿਬ ਪਿੰਡ ਰਹਿੰਸੀ ਵਾਲਾ ਜ਼ਿਲਾ ਹੁਸ਼ਿਆਰਪੁਰ ਦੇ ਭਾਈ ਮਹਿਰ ਸਿੰਘ ਜੀ ਦੇ ਘਰ ਪੈਦਾ ਹੋਏ ਆਪ ਧਰਮ ਕਿਰਤ ਕਰਕੇ ਵੰਡ ਛਕਣ ਵਾਲੇ ਪਰੇਮੀ ਗੁਰ ਸਿਖ ਹਨ, ਆਏ ਗਏ ਸਿਖ ਸੇਵਕਾਂ ਦੀ ਸੇਵਾ ਕਰਨ ਵਾਲੇ ਸਭਾਓ ਕਿਰਤੀ ਸਿੰਘ ਹਨ, ਅਕਾਲੀ ਲਹਿਰ ਦੇ ਸ਼ੁਰੂ ਹੁੰਦਿਆਂ ਆਪ ਭੀ ਅਕਾਲੀ ਸਜ ਗਏ ਤੇ ਪਿੰਡ ਦੇ ਅਕਾਲੀ ਜਥੇ ਦੇ ਜਥੇਦਾਰ ਸੰਗਤ ਵਲੋਂ ਚੁਣੇ ਗਏ ਅਰ ਆਪ ਤਨ ਮਨ ਦੁਆਰਾ ਬਬਰ ਅਕਾਲੀ ਦੇਸ਼ ਭਗਤਾਂ ਦੀ ਸੇਵਾ ਕਰਦੇ ਰਹੇ ਤੇ ੫-੫-੨੩ ਨੂੰ ਗਿਰ੍ਫਤਾਰ ਕੀਤੇ ਗਏ।

ਬ. ਅਕਾਲੀ ਸੰਤ ਠਾਕਰ ਸਿੰਘ ਜੀ ਨੰ ੪੭

ਏਹ ਮਹਾਂ ਪੁਰਸ਼ ਸ. ਗੁਰਮਖ ਸਿੰਘ ਜੀ ਜ਼ੈਲਦਾਰ ਦੇ ਘਰ ਪਿੰਡ ਮੰਡਿਲ ਜ਼ਿਲਾ ਹੁਸ਼ਿਆਰਪੁਰ ਵਿਖੇ ਪੈਦਾ ਹੋਏ ੩੫ ਨੰ: ਸਿਖ ਪਲਟਨ ਵਿਚ ਆਪ ਨੌਕਰ ਹੋਗਏ ਉਥੇ ਹੀ ਆਪ ਜੀ ਨੇ ਗੁਰਮੁਖੀ ਵਿਦਿਆ ਹਾਸਲ ਕੀਤੀ, ਆਪ ਗੁਰ ਸਿਖ ਅਸੂਲਾਂ ਨੂੰ ਧਾਰਨ ਕਰਕੇ ਤੇ ਬਾਬਾ ਆਇਆ ਸਿੰਘ ਜੀ ਹੋਤੀ ਵਾਲੇ ਸੰਤਾਂ ਦੀ ਸੰਗਤ ਕਰਕੇ ਹਰੀ ਨਾਮ ਦੇ ਭੀ ਡਾਢੇ ਰਸੀਏ ਹੋਗਏ ਪਲਟਣ ਵਿਚ ਭੀ ਆਪ ਜੀ ਦਾ ਵਡਾ ਪਵਿਤਰ ਜੀਵਨ ਸੀ, ਆਪ ਵਡੇ ਦਯਾਵਾਨ ਤੇ ਧੀਰਜ ਵਾਨ ਸ਼ਾਂਤੀ ਸਰੂਪ ਹਨ ਜਿਸ ਵੇਲੇ ਭਜਨ ਵਿਚ ਆਪ ਦੀ ਵਿਰਤੀ ਜ਼ਿਆਦਾ ਹੀ ਚੜ੍ਹਗਈ, ਉਸ ਵੇਲੇ ਆਪ ਨੇ ਨੇਕੀ ਪਿਨਸ਼ਨ ਪਲਟਨ ਦੀ ਨੌਕਰੀ ਛਡ ਆਏ, ਤੇ ਘਰ ਨਹੀਂ ਗਏ ਸਗੋਂ ਆਪਣੇ ਪਿੰਡ ਤੋਂ ਕੋਹ ਇਕ ਦੇ ਫਾਸਲੇ ਉਤੇ ਰਾਜੋਵਾਲ ਦਿਆਨਤਪੁਰ ਤੇ ਰਹਿੰਸੀ ਵਾਲ ਦੇ ਵਚਾਲੇ ਕੁਟੀ ਬਣਾ ਕੇ ਭਜਨ ਕਰਨ ਲਗ ਪਏ ਤੇ ਗ੍ਰਿਸਤ ਦੇ ਜੰਜਾਲ ਛਡਕੇ ਅਟੰਕ ਹੋ ਬੈਠੇ, ਪਰ ਪਰੇਮੀ ਜੀਊੜੇ ਲਾਲਾਂ ਨੂੰ ਕਦੋਂ ਗੋਦੜੀਆਂ ਵਿਚ ਛਪਣ ਦਿੰਦੇ ਹਨ ਆਪ ਦੇ ਦਰਸ਼ਨਾਂ ਨੂੰ ਸੰਗਤਾਂ ਔਣ ਤੇ ਦੀਵਾਨ ਸਜਣ ਲਗੇ ਅਕਾਲੀ ਲੈਹਰ ਸੁਰੂ ਹੋਇਆ ਆਪ ਅਕਾਲੀ ਸਜ ਕੇ

ਬਬਰ ਅਕਾਲੀਆਂ ਦੀ ਸੇਵਾ ਕਰਦੇ ਰਹੇ ਦੇਸ਼ ਕੌਮ ਦੀ ਸੇਵਾ ਦੇ ਅਪ੍ਰਾਧ ਵਿਚ ਪੁਲਸ ਨੇ ਆਪ ਨੂੰ ੪-੫-੨੩ ਨੂੰ ਗ੍ਰਿਫਤਾਰ ਕਰ ਲਿਆ।

ਬ. ਅਕਾਲੀ ਭਾ: ਅਮਰ ਸਿੰਘ ਜੀ ਨੰ. ੪੯

ਆਪ ਨੇ ਭਾ. ਬਸੰਤ ਸਿੰਘ ਜੀ ਪਿੰਡ ਰਾਜੋਵਾਲ ਜ਼ਿਲਾ ਹੁਸ਼ਿਆਰਪੁਰ ਵਿਚ ਜਨਮ ਲੀਤਾ ਫਿਰ ਆਪ ੩੫ ਸਿਖ ਪਲਟਣ ਵਿਚ ਨੌਕਰ ਹੋ ਗਏ ਉਥੇ ਹੀ ਆਪ ਨੇ ਗੁਰਮਖੀ ਵਿਦਿਆ ਪੜ੍ਹ ਲਈ ਅਤੇ ਅਕਾਲੀ ਲਹਿਰ ਦੇ ਅਰੰਭ ਹੋਣ ਵੇਲੇ ਆਪ ਨਾਂ ਮਿਲ ਵਰਤਣ ਦੇ ਅਸੂਲ ਅਨੁਸਾਰ ਨੌਕਰੀ ਛਡ ਆਏ ਤੇ ਅਕਾਲੀ ਸਜ ਗਏ ਆਪ ਦੇਸ਼ ਵਾ ਦੇਸ਼ ਸੇਵਕਾਂ ਦੀ ਯਥਾ ਯੋਗ ਸੇਵਾ ਕਰਦੇ ਰਹੇ ਆਪ ਚੰਗੇ ਗੁਰ ਸਿਖ ਸਨ ਇਸ ਲਈ ਆਪ ਬ. ਅਕਾਲੀ ਜਥੇ ਦੇ ਬਣ ਕੇ ੨੦ ੨੧ ਮਈ ਦੀ ਰਾਤ ਨੂੰ ਓਸੇ ਵੇਲੇ ਦੀ ਸਕੀਮ ਆਪ ਅਨੁਸਾਰ ਹਰਨਮ ਸਿੰਹੁ ਸਪੈਦਪੋਸ਼ ਮਹੱਦੀਪੁਰ ਦਾ ਆਪ ਨੇ ਦੋ ਸਾਥੀਆਂ ਦੇ ਨਾਲ ਮਿਲਕੇ ਸੁਧਾਰ ਅਠ ਅੰਗ ਕਟਣੇ ਦੁਆਰਾ ਕੀਤਾ ਅਤੇ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਆਪ ੧-੯-੨੨ ਨੂੰ ਜਥੇ ਵਿਚ ਸਾਮਲ ਹੋਕੇ ਮਾਰ ਖਾਧੀ ੨੨-੧੧-੨੨ ਨੂੰ ਗੁਰੂ ਕੇ ਬਾਗ ਜਥੇ ਵਿਚ ਜਾਕੇ ਗ੍ਰਿਫ਼ਤਾਰ ਹੋ ਗਏ ੯ ਮਾਹ ਦੀ ਕੈਦ ਆਪ ਨੂੰ ਦਿਤੀ ਗਈ ਪਰ ਅਪਰੈਲ ੧੯੨੩ ਨੂੰ ਸਾਰਿਆਂ ਅਕਾਲੀਆਂ ਵਿਚ ਆਪ ਭੀ ਰਿਹਾ ਕੀਤੇ ਗਏ ਤੇ ਫਿਰ ਬਬਰ ਅਕਾਲੀਆਂ ਦੇ ਜਥੇ ਦੀ ਸੇਵਾ ਤਨ ਮਨ ਦੁਆਰਾ ਕਰਦੇ ਹੋਏ ੬ ੫ ੨੩ ਨੂੰ ਗ੍ਰਿਫ਼ਤਾਰ ਕੀਤੇ ਗਏ। ਹੇਠ ਲਿਖੇ ਦੋ ਸਿੰਘ ੩੫ ਨੰ: ਪਲਟਨ ਵਿਚੋਂ ਜਵੰਦ ਸਿੰਹ ਵੇਹਦਾ ਮੁਆਫ ਜੌਹਲ ਦੀ ਜ਼ਾਤੀ ਦੁਸ਼ਮਣੀ ਦੇ ਕਾਰਨ ਬਬਰ ਅਕਾਲੀ ਸਾਜ਼ਸ਼ ਵਿਚ ਲਪੇਟ ਕੇ ਕਾਲਖ ਦਾ ਟਿਕਾ ਖਟਿਕਾ

ਨੰ. ੪੯ ਬਬਰ ਅਕਾਲੀ ਵਤਨ ਸਿੰਘ ਜੀ ਵਲਦ ਦੇਵਾ ਸਿੰਘ ਜੀ ਗਣੇਸ਼ ਪੁਰ ਜ਼ਿਲਾ ਹੁਸ਼ਿਆਰਪੁਰ ਨੰ. ੫੦ ਭਾਈ ਠਾਕਰ ਸਿੰਘ ਜੀ ਵਲਦ ਮਯਾ ਸਿੰਘ ਜੀ ਭਾਲਟਾ ਜ਼ਿਲਾ ਹੁਸ਼ਿਆਰਪੁਰ ਏਹ ਦੋਵੇਂ ਸਜਣ ਬਬਰ ਅਕਾਲੀ ਦੀ ਦਿਲੋਂ ਸੇਵਾ ਕਰਦੇ ਰਹੇ ਤੇ ਅਸਲੇ (ਬੰਬ ਆਦ

ਰੀਫ਼ਾਂ ਦੀ ਸੇਵਾ ਕਾਫੀ ਤੋਂ ਜ਼ਿਆਦਾ ਇਸ ਸਜਣਾਂ ਨੇ ਕੀਤੀ ਸੀ। ਇਸ ਅਪਰਾਧ ਵਿਚ ਦੋਵੇਂ ਫੜੇ ਗਏ।

ਬ. ਅਕਾਲੀ ਭਾ ਮਿਲਖਾ ਸਿੰਘ ਜੀ ਨੰ: ੫੧

ਇਹ ਸਜਣ ਪਿੰਡ ਮੋਰਾਂਵਾਲੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਸ. ਉਤਮ ਸਿੰਘ ਜੀ ਦੇ ਘਰ ਪੈਦਾ ਹੋਏ ਅਰ ਸ਼ੁਰੂ ਤੋਂ ਦੇਸ਼ ਸੇਵਾ ਦੇ ਹਿਤੈਸ਼ੀ ਅਤੇ ਸਿਖੀ ਅਸੂਲਾਂ ਦੇ ਧਾਰਨੀ ਹਨ, ਅਕਾਲੀ ਲਹਿਰ ਸਮੇਂ ਆਪ ਅਕਾਲੀ ਸਜ ਕੇ ਸ੍ਰੀ ਅਨੰਦਪੁਰ ਦੇ ਗੁਰਦੁਆਰ ਸੁਧਾਰ ਹਿਤ ਨੀ, ਵੈ, ਸੇ, ਸਜਦ ਵਿਚ ਸ਼ਾਮਲ ਹੋਕੇ ਗੁਰਦੁਆਰੇ ਤੇ ਕਬਜ਼ਾ ਕੀਤਾ ਤੇ ਆਪ ਨੂੰ ਬਬਰ ਅਕਾਲੀਆਂ ਦੀ ਸੇਵਾ ਦੇ ਅਪਰਾਧ ਵਿਚ ੧੮ ਜੂਨ ੧੯੨੨ ਨੂੰ ਗ੍ਰਿਫਤਾਰ ਕਰ ਲਿਆ ਪਰ ਗਵਾਹ ਨਾ ਮਿਲਣ ਦੇ ਕਾਰਣ ੨੧੯ ਵਿਚੋਂ ਨੌਕਰ ਸ਼ਾਹੀ ਨੂੰ ਛਡਣਾ ਪਿਆ ਪਰ ਨੌਕਰ ਸ਼ਾਹੀ ਏਹ ਕਦੋਂ ਬਰਦਾਸ਼ਤ ਕਰ ਸਕਦੀ ਸੀ ਕਿ ਆਪ ਜੈਸੇ ਅਜ਼ਾਦੀ ਦੀ ਹਵਾ ਭਖ ੨ ਸਕੇ ਉਸੇ ਵਕਤ ਉਸੇ ਖ਼ਾਂ ਆਪ ਨੂੰ ਫਿਰ ਗ੍ਰਿਫਤਾਰ ਕਰ ਲਿਆ ਤੇ ੩੧-੭-੨੨ ਨੂੰ ੪ ਮਹੀਨੇ ਦੀ ਸਜ਼ਾ ਦਿਤੀ ਗਈ ਆਪ ਕੈਦ ਕਟ ਕੇ ਫਿਰ ਦੇਸ਼ ਸੇਵਾ ਹਿਤ ਜੁਟ ਗਏ ਤੇ ਪਿੰਡ ਦੀ ਸੰਗਤ ਨੇ ਪਿੰਡ ਦੇ ਜਥੇਦਾਰ ਆਪ ਨੂੰ ਥਾਪ ਦਿਤਾ, ਤੇ ਆਪ ਚੰਗੀ ਤਰਹ ਨਭੌਂਦੇ ਰਹੇ ਦੇਸ਼ ਕੌਮ ਨਾਲ ਪਿਆਰ ਕਰਨ ਦੇ ਅਪਰਾਧ ਵਿਚ ੨੨-੪-੨੩ ਨੂੰ ਗ੍ਰਿਫਤਾਰ ਕਰਕੇ ਜੇਹਲ ਸੁਟ ਦਿਤਾ ੩੧ ਜੁਲਾਈ ੨੩ ਨੂੰ ਤਫਤੀਸ਼ ਤੋਂ ਬਾਦ ਆਪ ਦਾ ਚਾਲਾਣ ੧੦੭ ਵਿਚ ਕਰ ਦਿਤਾ ਸਬ ਸਾਬੂਤ ਨਾਂ ਮਿਲਣੇਂ ਦੇ ਕਾਰਨ ਕੁਝ ਅਰਸਾ ਬਧ ਵਾਪਸ ਲੈ ਲਿਆ ੨-੯-੨੩ ਨੂੰ ਫਿਰ ਦੁਬਾਰਾ ਬਬਰ ਅਕਾਲੀ ਕੇਸ ਵਿਚ ਅੜੌਣ ਲਈ ਗ੍ਰਿਫਤਾਰ ਕਰਲਿਆ।

ਬ. ਅਕਾਲੀ ਭਾ. ਹਰੀ ਸਿੰਘ ਜੀ "ਖੰਡਾ ਨੰ ੫੨

ਆਪ ਨੇ ਸਰਦਾਰ ਬਸੰਤ ਸਿੰਘ ਜੀ ਦੇ ਘਰ ਪਿੰਡ ਚੋਲਾ ਜ਼ਿਲਾ ਹੋਸ਼ਿਆਰਪੁਰ ੧੮੯੯ ਨੂੰ ਪੈਦਾ ਹੋਏ ਅਰ ਬਾਰ ਉਮਰੇ ਹੀ ਆਪ ਜੀ

ਪਿਤਾ ਜੀ ਨੇ ਆਪ ਨੂੰ ਵਿਦਿਆ ਪੜਨ ਲਾ ਦਿਤਾ ਅਰ ਆਪ ਨੇ
ਸ਼ੌਕ ਨਾਲ ਗੁਰਮੁਖੀ ਉਰਦੂ ਅੰਗ੍ਰੇਜ਼ੀ ਹਿੰਦੀ ਨੂੰ ਹਾਸਲ ਕੀਤਾ,
ਮੇਹਨਤ ਕਰਕੇ ਪੰਜਾਬੀ ਦੇ ਪ੍ਰਸਿਧ ਕਵੀਸ਼ਰ ਹੋ ਗਏ ਆਪਣੇ
ੀ ਤਾਰਾ ਸਿੰਘ ਜੀ ਦੀ ਸ਼ਹੀਦੀ ਨੂੰ ਮਨੋਹਰ ਛੰਦਾ ਬੰਦੀ ਵਿਚ
ਥਆ ਗੁਰਦੁਵਾਰਾ ਲਹਿਰਦੇ ਅਰੰਭ ਵਿਚ ਹੀ ਆਪ ਅਕਾਲੀ ਸਜ
ੇ ਤੇ ਕਾਂਗਰਸ ਕਮੇਟੀ ਵਲੋਂ ਆਪ ਔਨ੍ਰੇਰੀ ਪਰਚਾਰਕ ਦੀ ਹਸੀਯਤ
ਰ ਪਰਚਾਰ ਕਰਕੇ ਕਾਂਗਰਸ ਕਮੇਟੀਆਂ ਪੰਚੈਤਾਂ ਬਣਾਈਆਂ ਤੇ
ਚਾਰ ਕਰਦੇ ਹੋਏ ੨੧-੨-੨੨ ਨੂੰ ੧੦੭ ਹੇਠ ਗਿਰਫਤਾਰ ਹੋ ਗਏ
ਆਪ ਜੀ ਦੇ ਬਰੁਧ ਸਬੂਤ ਨਾ ਮਿਲਣ ਦੇ ਕਾਰਣ ੨੧-੩-੨੨ ਨੂੰ
ੀ ਕਰ ਦਿਤੇ ਤੇ ਆਪ ਫਿਰ ਪਹਿਲੀ ਸੇਵਾ (ਦੇਸ਼ ਦੀ ਅਜ਼ਾਦੀ ਹਿਤ)
ਰ ਜੁਟ ਗਏ ਬ. ਅਕਾਲੀ ਦੁਆਰਾ ਵਿਚ ਇਸ ਦੀਆਂ ਕਵਤਾ
ਦੀਆਂ ਹੁੰਦੀਆਂ ਸਨ (ਕੌਮੀ ਅਖਬਾਰ ਵਿਚ ਭੀ ਏਹ ਦੀਆਂ ਕਵਤਾਂ
ਦੀਆਂ ਹਨ) ਇਸ ਅਪਰਾਧ ਵਿਚ ਗ੍ਰਿਫਤਾਰ ਕੀਤਾ ਗਿਆ
੨-੪-੨੩ ਨੂੰ।

ਬਬਰ ਅਕਾਲੀ ਭਾਈ ਹਰਬੰਸ ਸਿੰਘ ਜੀ ਨੰ. ਪੜ

ਆਪ ਭਾਈ ਖੇਮ ਸਿੰਘ ਜੀ (ਪਿਨਸ਼ਨੀ ਹਵਾਲਦਾਰ) ਦੇ ਘਰ ਪਿੰਡ
ਰਹਾਲਾ ਖੁਰਦ ਜ਼ਿਲਾ ਹੁਸ਼ਿਆਰਪੁਰ ਵਿਖੇ ਜਨਮੇ ਆਪ ਦੇ ਪਿਤਾ
ੇ ਗੁਰ ਸਿਖ ਦੇਸ਼ ਭਗਤ ਅਤੇ ਪ੍ਰਚਾਰਕ ਸਨ, ਉਨ੍ਹਾਂ ਨੇ ਆਪ ਨੂੰ
ਲ ਉਮਰੇ ਹੀ ਪੜਨੇ ਪਾ ਦਿਤਾ ਜੋ ਆਪ ਵਡੇ ਪਰਮ ਨਾਲ ਪੰਜਵੀ
ੰਤ ਤਕ ਪੜਹੇ ਦਸੰਬਰ ੧੯੨੧ ਨੂੰ ਆਪ ਦੇ ਪਿਤਾ ਜੀ ਪ੍ਰਚਾਰਕਾ
ੀ ਹਸੀਅਤ ਵਿਚ ਇਕ ਸਾਲ ਕੈਦ ਹੋ ਗਏ, ਤੇ ਆਪ ਉਨ੍ਹਾਂ ਦੀ ਥਾਂ
ੀ ਕਰਨ ਹਿਤ ਪੜਾਈ ਛਡ ਕੇ ਸੇਵਾ ਦੇ ਮੈਦਾਨ ਵਿਚ ਆਗਿਆ,
ਚਾਰ ਦੀ ਸੇਵਾ ਆਪਣੇ ਪਿਤਾ ਵਾਂਗ ਹੀ ਕਰਦੇ ਰਹੇ ਗੁਰੂ ਕੇ ਬਾਗ
ਮੋਰਚੇ ਸਮੇਂ ਪਹਿਲਾਂ ਮਾਰ ਖਾਣ ਵਾਲੇ ਜਥੇ ਵਿਚ ਸ਼ਾਮਲ ਹੋਕੇ
ਰ ਖਾਦੀ, ਦੋਬਾਰਾ ੧੫-੧੦-੨੨ ਨੂੰ ਆਪ ਗ੍ਰਿਫਤਾਰ ਹੋਣ ਵਾਲੇ
ਥੇ ਵਿਚ ਸ਼ਾਮਲ ਹੋਕੇ ਗੁਰੂ ਕੇ ਬਾਗ ਗਏ, ਅਤੇ ਆਪ ਨੂੰ ੧ ਸਾਲ

ਦੀ ਸਖਤ ਕੈਦ ਦਿਤੀ ਗਈ, ੩੦-੪-੨੩ ਨੂੰ ਰਿਹਾ ਹੋਕੇ ਵਾਪਸ ਘਰ ਆਏ ਤੇ ਫਿਰ ਸੇਵਾ ਵਿਚ ਜੁਟ ਗਏ ਬਬਰ ਅਕਾਲੀ ਜਥੇ ਦੇ ਮੈਂਬਰ ਹੋਣ ਦੇ ਕਾਰਨ ਆਪ ਨੂੰ ਫਿਰ ੧੯ - ੯ - ੨੩ ਨੂੰ ਗ੍ਰਿਫਤਾਰ ਕਰ ਲਿਆ।

ਬ. ਅਕਾਲੀ ਭਾ. ਭਗਵਾਨ ਸਿੰਘ ਜੀ ਨੰ. ੫੪

ਆਪ ਭਾਈ ਦੂਲਾ ਸਿੰਘ ਜੀ ਦੇ ਘਰ ਪਿੰਡ ਫਤਹਪੁਰ ਕੋਠੀ ਜ਼ਿਲਾ ਹੁਸ਼ਿਆਰਪੁਰ ਵਿਖੇ ਪੈਦਾ ਹੋਏ ਤੇ ਆਪ ਖੇਤੀ ਬਾੜੀ ਦਾ ਕੰਮੀ ਕਰਦੇ ਹੋਏ ਵੰਡ ਛਕਦੇ ਛਕੌਂਦੇ ਰਹੇ ਆਪ ਚੰਗੇ ਪਰੇਮੀ ਸਿਖ ਹਨ, ਅਕਾਲੀ ਲਹਿਰ ਦੇ ਸ਼ੁਰੂ ਹੋਇਆਂ ਆਪ ਅਕਾਲੀ ਸਜਗਏ ਤੇ ਦੇਸ਼ ਕੌਮ ਦੀ ਅਜ਼ਾਦੀ ਹਿਤ ਯੋਗ ਸੇਵਾ ਕਰਦੇ ਰਹੇ, ਤੇ ਆਖਰ ਪੁਲਸ ਨੇ ਆਪ ਨੂੰ ਗ੍ਰਿਫਤਾਰ ਕਰਕੇ ਇਕ ਮਹੀਨੇ ਦੀ ਕੈਦ ਅਸਲਾ ਐਕਟ ਹੇਠ ਦਿਤੀ ਇਧਰੋਂ ਰਿਹਾ ਹੋਕੇ ਆਪ ਨੂੰ ਬਾਹਰਲੀ ਹਵਾ ਨਹੀਂ ਲੈਣ ਦਿਤੀ ਬ. ਅਕਾਲੀਆਂ ਤੇ ਦੇਸ਼ ਦੀ ਸੇਵਾ ਦੇ ਅਪ੍ਰਾਧ ਵਿਚ ਜੇਹਲ ਵਿਚ ਹੀ ਡਕਕੇ ਬਬਰ ਅਕਾਲੀ ਆਜ਼ਸ ਵਿਚ ਲਪੇਟ ਲਿਆ।

ਬ. ਅਕਾਲੀ ਭਾ: ਦਲੇਲ ਸਿੰਘ ਜੀ ਨੰ. ੫੫

ਏਹ ਸਜਣ ਭਾਈ ਦੇਵੀਏ ਦੇ ਘਰ ਪਿੰਡ ਮੰਨਣਹਾਨੇ ਜ਼ਿਲਾ ਹੁਸ਼ਿਆਰਪੁਰ ਵਿਖੇ ਜਨਮੇ ਤੇ ਆਪ ਖੇਤੀ ਪਤੀ ਕਰਕੇ ਛਕਦੇ ਛਕੌਂਦੇ ਕਰੇ ਤੇ ਬ. ਅ. ਜ. ਦੀ ਯੋਗ ਸੇਵਾ ਕਰਦੇ ਰਹੇ, ਏਹ ਸੇਵਾ ਅੰਗ੍ਰੇਜ਼ੀ ਰਾਜ ਵਿਚ ਗੁਨਾਹ ਸਮਝਿਆ ਜਾਂਦਾ ਹੈ ਇਸ ਕਰਕੇ ਆਪ ਨੂੰ ੨੨ ੪ ੨੩ ਨੂੰ ਗ੍ਰਿਫਤਾਰ ਕਰ ਲਿਆ।

ਬ: ਅਕਾਲੀ ਭਾ: ਸਦੂਲ ਸਿੰਘ ਜੀ ਨੰ ੫੬

ਆਪ ਨੇ ਸ. ਪਰਤਾਪ ਸਿੰਘ ਦੇ ਘਰ ਪਿੰਡ ਬੂੜੋਬਾੜੀ ਜ਼ਿਲਾ ਹੁਸ਼ਿਆਰਪੁਰ ਵਿਖੇ ਜਨਮ ਲਿਆ ਅਤੇ ਆਪ ਦੇ ਪਿਤਾ ਜੀ ਨੇ ਆਪ ਨੂੰ

ਗੁਰਮੁਖੀ ਵਿਦਿਆ ਪੜਨ ਲਾਇਆ ਤੇ ਆਪ ਸ਼ੌਕ ਨਾਲ ਵਿਦਿਆ ਪ੍ਰਾਪਤ ਕਰਦੇ ਰਹੇ ਤੇ ਕਾਫੀ ਵਿਦਿਆ ਹਾਸਲ ਕੀਤੀ ਆਪ ਜੁਆਨ ਅਵਸਥਾ ਵਿਚ ਹੋਕੇ ਮਿਲਟ੍ਰੀ ਪੁਲਸ ਬਰਮਾਂ ਵਿਚ ਭਰਤੀ ਹੋਕੇ ੧੫ ਨੰ: ਮਿਲਟ੍ਰੀ ਵਿਚ ਚਲੇ ਗਏ ਅਤੇ ਫਰਵਰੀ ੧੯੨੨ ਨੂੰ ਨਾ ਮਿਲ ਬਰਤਨ ਦੇ ਅਸੂਲ ਅਨੁਸਾਰ ਨੌਕਰੀ ਛਡ ਆਏ ਤੇ ਅਕਾਲੀ ਸਜ ਗਏ ਤੇ ਧਰਮ ਦੇਸ਼ ਕੌਮ ਦੀ ਅਜ਼ਾਦੀ ਹਿਤ ਜੁਟ ਗਏ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਅਕਾਲੀਆਂ ਨੂੰ ਗੁਰੂ ਕੇ ਬਾਗ ਭੇਜਣ ਦੀ ਸੇਵਾ ਕਰਦੇ ਰਹੇ ਦੇਸ਼ ਸੇਵਕਾਂ ਦੀ ਸੇਵਾ ਤਨ ਮਨ ਦੁਆਰਾ ਕਰਦੇ ਸਨ ਬਬਰ ਅਕਾਲੀ ਜਥੇ ਦੀ ਸੇਵਾ ਕਰਨ ਦੇ ਅਪ੍ਰਾਧ ਵਿਚ ਆਪ ੫–੭–੨੩ ਨੂੰ ਕਰਤਾਰ ਸਿੰਹੁ ਦੀ ਬੇਈਮਾਨੀ ਨਾਲ ਗ੍ਰਿਫਤਾਰ ਕੀਤਾ ਗਿਆ।

ਬ. ਅਕਾਲੀ ਭਾ. ਛਜਾ ਸਿੰਘ ਜੀ ਨੰ ੫੭

ਏਹ ਸਜਣ ਭਾਈ ਈਸ਼ਰ ਸਿੰਘ ਜੀ ਦੇ ਘਰ ਚਾਣਥੂ ਜ਼ਿਲਾ ਹੁਸਿਆਰਪੁਰ ਵਿਚ ਜਨਮੇ, ਅਤੇ ਵਡੇ ਹੋਕੇ ੨੫ ਨੰ: ਪਲਟਣ ਵਿਚ ਨੌਕਰ ਹੋਗਿਆ, ੧੯੨੩ ਵਿਚ ਨਾ ਮਿਲ ਬਰਤਣ ਦੇ ਅਸੂਲ ਅਨੁਸਾਰ ਨੌਕਰੀ ਛਡ ਕੇ ਘਰ ਆਗਿਆ ਤੇ ਬਬਰ ਅਕਾਲੀ ਜਥੇ ਵਿਚ ਸ਼ਾਮਲ ਹੋਕੇ ਤਨ, ਮਨ, ਦੁਆਰਾ ਸੇਵਾ ਕਰਦਾ ਰਿਹਾ ੫– ੧੧ – ੨੩ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਪਰ ਉਸੇ ਦਿਨ ਸ਼ਾਮ ਨੂੰ ਮਰਦਾਨਾ ਤੌਰ ਪਰ ਆਪ ਪੁਲਸ ਦੀ ਹਰਾਸਤ ਵਿਚੋਂ ਵੰਗਾਰ ਕੇ ਹਰਨ ਹੋਗਏ ੧੨ ਦਸੰਬਰ ੧੯੨੩ ਨੂੰ ਮੁੜ ਗ੍ਰਿਫਤਾਰ ਕੀਤੇ ਗਏ, ਤੇ ਫਿਰ ਬਬਰ ਅਕਾਲੀ ਮੁਕਦਮੇ ਵਿਚ ਅੜਾ ਲਏ।

ਬ: ਅਕਾਲੀ ਭਾ. ਬੰਤਾ ਸਿੰਘ ਜੀ ਨੰ. ੫੮

ਏਹ ਭਾਈ ਸਾਹਿਬ ਸ੍ਰ. ਜੈਮਲਸਿੰਘ ਜੀ ਦੇ ਘਰ ਪਿੰਡ ਵਾਹ–ਵਲ ਪੁਰ ਜ਼ਿਲਾ ਹੁਸ਼ਿਆਰ ਪੁਰ ਵਿਖੇ ਪੈਦਾ ਹੋਏ ਅਰ ਕੁਝ ਕਾਲ ਖੇਤੀ

ਬਾੜੀ ਦਾ ਕੰਮ ਕਰਦੇ ਰਹੇ ਅਤੇ ਵਡੇ ਹੋਕੇ ਪਲਟਨ ਨੰ. ੨੨ ਵਿਚ ਭਰਤੀ ਹੋ ਗਏ ੯੨੦ ਵਿਚ ਨਾ ਮਿਲ ਬਰਤਨ ਦੇ ਅਸੂਲ ਅਨੁਸਾਰ ਨੌਕਰੀ ਛਡ ਆਏ ਤੇ ਆਕੇ ਅਕਾਲੀ ਸਜ ਗਏ ਤੇ ਗੁਰਦਵਾਰਾ ਹੋਠੀਆਂ ਜ਼ਿਲਾ ਗੁਰਦਾਸ ਪੁਰ ਦੇ ਗੁਰਦਵਾਰੇ ਦੇ ਸੁਧਾਰ ਵੇਲੇ ਭਾਈ ਕਰਮ ਸਿੰਘ ਜੀ ਸ਼ਹੀਦ ਜਥੇ ਵਿਚ ਸ਼ਾਮਲ ਹੋਕੇ ਗਏ ੧੨-੧-੨੨ ਨੂੰ ਸ੍ਰੀ ਅਨੰਦ ਪੁਰ ਸਾਹਿਬ ਜੀ ਭੀ ਗਏ ੧੬ ੯ ੨੨ ਨੂੰ ਗੁਰੂ ਕੇ ਬਾਗ ਦੇ ਮੋਰਚੇ ਸਮੰ ਗਿਰਫਤਾਰੀ ਵਾਲੇ ਜਥੇ ਵਿਚ ਜਾਕੇ ਗਿਰਫਤਾਰ ਹੋ ਗਏ ਅਤੇ ਪੌਣੇ ਚਾਰ ਮਹੀਨੇ ਦੀ ਸਜ਼ਾ ਦਿਤੀ ਗਈ ਉਕਤ ਸਜ਼ਾ ਨੂੰ ਖੁਸ਼ੀ ਨਾਲ ਭੁਗਤ ਕੇ ਮੁੜ ਦੇਸ਼ ਤੋਂ ਕੌਮੀ ਸੇਵਾ ਵਿਚ ਲਗ ਗਏ ਅਰ ਨੌਕਰਸ਼ਾਹੀ ਨੂੰ ਇਹ ਗਲ ਨਾ ਭਾਈ ਜਿਸ ਕਰਕੇ ੧੯-੯-੨੩ ਨੂੰ ਪੁਲਸ ਨੇ ਆਪ ਨੂੰ ਬ. ਅਕਾਲੀ ਸਾਜ਼ਸ਼ ਵਿਚ ਫਸੌਣ ਲਈ ਗਿਰਫ਼ਤਾਰ ਕਰ ਲਿਆ।

ਬ. ਅ: ਭਾ: ਹਰੀ ਸਿੰਘ ਜੀ ਨੰ: ੫੯

ਆਪ ਸਰਦਾਰ ਸੁਰਜਨ ਸਿੰਘ ਜੀ ਦੇ ਘਰ ਪਿੰਡ ਜਸੋਵਾਲ ਜ਼ਿਲਾ ਹੁਸ਼ਿਆਰਪੁਰ ਵਿਚ ਜਨਮੇ ਸਨ ਕੁਝ ਸਾਲ ਖੇਤੀ ਬਾੜੀ ਦਾ ਕੰਮ ਕਰਦੇ ਰਹੇ ਅਤੇ ਵਡੇ ਹੋਕੇ ੧੨ ਨੰ. ਪਲਟਣ ਵਿਚ ਭਰਤੀ ਹੋ ਗਏ ਅਰ ਨਾ ਮਿਲ ਬਰਤਨ ਦੇ ਅਸੂਲ ਅਨਸਾਰ ਅਖੀਰ ੧੯੨੦ ਨੂੰ ਨੌਕਰੀ ਛਡ ਆਏ ਤੇ ਸਿਵਲ ਨਾ ਫਰਮਾਨੀ ਸ਼ੁਰੂ ਹੁੰਦਿਆਂ ਮੈਦਾਨ ਵਿਚ ਆਗਏ ਆਪ ਡਾਢੇ ਪ੍ਰੇਮੀ ਤੇ ਗੁਰ ਸਿਖ ਸਨ ਦੇਸ਼ ਭਗਤਾਂ (ਬਬ੍ਰਰ ਅਕਾਲੀਆਂ) ਦੀ ਸੇਵਾ ਕਰਦੇ ੧੨ ੧ ੨੨ ਨੂੰ ਸ੍ਰੀ ਅਨੰਦ ਪੁਰ ਸਾਹਿਬ ਗੁਰਦੁਵਾਰਾ ਸੁਧਾਰ ਹਿਤ ਪੁਜੇ ਬਬਰ ਅਕਾਲੀ ਦੀ ਸੇਵਾ ਕਰਨ ਦੇ ਅਪਰਾਧ ਵਿਚ ੨੨ ੪ ੩੩ ਨੂੰ ਗਿਰਫਤਾਰ ਕੀਤਾ ਗਿਆ

ਬ. ਅ: ਭਾ; ਕਰਮ ਸਿੰਘ ਨੰ ੬੦

ਆਪ ਸਰਦਾਰ ਭੁਲਾ ਸਿੰਘ ਜੀ ਦੇ ਧਾਮ ਜੋਸਵਾਲ ਜ਼ਿਲ ਹੁਸ਼ਿਆਰ ਪੁਰ ਵਿਖੇ ਜਨਮ ਲੀਤਾ ਅਰ ਚੰਗੇ ਦਲੇਰ

ਪੁਰਸ਼ ਹਨ ਧਰਮ ਕਿਰਤ (ਖੇਤੀ ਬਾੜੀ) ਕਰਕੇ ਵੰਡ ਛਕਦੇ ਰਹੇ ਕਾਂਗਰਸ ਜਲਸਿਆਂ ਵਿਚ ਪਹੁੰਚ ਕੇ ਯੋਗ ਸੇਵਾ ਕਰਦੇ ਰਹੇ ੧੨-੧- ੨੨ ਨੂੰ ਗੁਰਦਵਾਰਾ ਸ੍ਰੀ ਅਨੰਦਪੁਰ ਦੇ ਸੁਧਾਰ ਹਿਤ ਪੁਜੇ ਤੇ ਕਬਜ਼ਾ ਕੀਤਾ ੨੨- ੪ - ੨੩ ਨੂੰ ਦੇਸ਼ ਸੇਵਕਾਂ (ਬ. ਅਕਾਲੀਆਂ) ਦੀ ਸੇਵਾ ਦੇ ਅਪ੍ਰਾਧ ਵਿਚ ਪੁਲਸ ਰਾਣੀ ਨੇ ਗ੍ਰਿਫਤਾਰ ਕਰ ਲਏ ।

ਬ; ਅਕਾਲੀ ਭਾ. ਲਾਭ ਸਿੰਘ ਜੀ ਕਵੀਸ਼ਰ ਨੰ ੬੧

ਆਪ ਜੀ ਨੇ ਭਾ. ਸੂਬਾ ਸਿੰਘ ਜੀ ਦੇ ਘਰ ਪਿੰਡ ਜਮੇਵਾਲ ਜਿਲਾ ਹੁਸ਼ਿਆਰਪੁਰ ਵਿਖੇ ਜਨਮ ਲੀਤਾ ਅਤੇ ਵਡੇ ਹੋਕੇ ਆਪ ਸਨ ੧੪ ਵਿਚ ਅਮਰੀਕਾ ਚਲੇ ਗਏ ਤੇ ਅਮਰੀਕਾ ਬੰਦ ਹੋ ਜਾਣ ਦੇ ਕਾਰਨ ਵਾਪਸ ਔਣਾ ਹੋਇ ਬਰਮਾ ਰੰਗੂਨ ਵਿਚ ਮੋਟਰ ਕਾਰ ਦਾ ਪਾਸ ਕਰ ਲਿਆ ਤੇ ਜਲਿਆਂ ਵਾਲੇ ਬਾਗ ਦੇ ਸਾਕੇ ਸੁਣਕੇ ੧੦ – ੪ – ੨੧ ਨੂੰ ਨਾਮ ਕਟਾਕੇ ਵਾਪਸ ਪਿੰਡ ਆਏ ਆਪ ਜੀ ਨੂੰ ਯੋਗ ਸਮਝ ਕੇ ਪਿੰਡ ਦੇ ਅਕਾਲੀ ਜਥੇ ਨੇ ਆਪ ਨੂੰ ਜਥੇਦਾਰ ਨੀਯਤ ਕਰ ਦਿਤਾ ਦੇਸ਼ ਕੌਮ ਦੇ ਨਾਲ ਪੂਰਨ ਮੁਹਬਤ ਰਖਦੇ ਸਨ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਕਵਤਾ ਦੁਆਰਾ ਪ੍ਰਚਾਰ ਕਰਕੇ ਗੁਰੂ ਕੇ ਬਾਗ ਸਿੰਘ ਨੂੰ ਭੇਜਦੇ ਰਹੇ ਆਪ ਕਵਤਾ (ਪੰਜਾਬੀ ਸ਼ਾਇਰੀ) ਦੇ ਡਾਢ ਧਨ ਹਨ ਖੜਕਾ ਧਾਰੀ ਹੁਲਾਸ ਜਿਸ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਜੀਵਨ ਹੈ ਆਪ ਜੀ ਦੀ ਰਚਿਤ ਹੈ ਦੇਸ਼ ਭਗਤਾਂ ਨਾਲ ਪੂਰਨ ਪ੍ਰੇਮ ਹੋਣ ਦੇ ਕਾਰਨ ਤਨੋ ਮਨੋ ਸੇਵਾ ਕਰਦੇ ਸਨ ਜਿਸ ਕਰਕੇ ੨੨ ੪ ੨੩ ਨੂੰ ਗ੍ਰਿਫਤਾਰ ਕਰ ਲਿਆ

ਬ; ਅਕਾਲੀ ਭਾ. ਹਰਬਖਸ਼ ਸਿੰਘ ਜੀ ਨੰ ੬੨

ਏਹ ਭਾਈ ਇਕ ਵਡਾ ਬਹਾਦਰ ਸਿੰਘ ਹੈ ਇਸ ਦਾ ਸਮਾਚਾਰ ਮੈਂ ਕਿਤੇ ਪਿਛੇ ਲਿਖ ਆਇਆ ਹਾਂ, ਨੰਗਲ ਸ਼ਾਮਾਂ ਬੂਟ ਦੇ ਕਤਲ ਸਮੇਂ ਬ. ਅਕਾਲੀ ਜਥੇ ਵਿਚ ਸ਼ਾਮਲ ਹੋਕੇ ਕਤਲ ਦੁਆਰਾ ਸੁਧਾਰ ਕੀਤਾ ਇਸ ਅਪ੍ਰਾਧ ਵਿਚ ਆਪ ਗ੍ਰਿਫਤਾਰ ਕੀਤੇ ਗਏ ਸਨ ।

ਬ. ਅਃ ਭਾ: ਹਰਦਿਤ ਸਿੰਘ ਜੀ ਨੰ: ੬੩

ਏਹ ਭਾ. ਸਰਦਾਰ ਮੁਣਸ਼ਾ ਜੀ ਦੇ ਘਰ ਪਿੰਡ ਜਸੋਵਾਲ ਜਿਲਾ ਹੁਸ਼ਿਆਰਪੁਰ ਵਿਚ ਪੈਦਾ ਹੋਏ, ਧਰਮ ਕਿਰਤ ਕਰਕੇ ਛਕਦੇ ਛਕੌਂਦੇ ਰਹੇ, ਜਲਿਆਂ ਵਾਲੇ ਬਾਗ ਦੇ ਸਾਕੇ ਸਮੇਂ ਸ੍ਰ: ਅੰਗਰੇਜ਼ੀ ਵਲੋਂ ਆਪ ਜੀ ਨੂੰ ਨਫਰਤ ਪੈਦਾ ਹੋਗਈ ਦੇਸ਼ ਸੇਵਾ ਦੇ ਨਾਲ ਦਮਾਪਦੀਪੁਰ ਮੁਹਬਤ ਸੀ ੧੨ - ੧–੨੨ ਨੂੰ ਨਿਰਵੈਰ ਸੇ. ਸ਼ਹੀਦਾਂ ਦੇ ਜਥੇ ਵਿਚ ਆਪ ਸ਼ਾਮਲ ਹੋਕੇ ਸ੍ਰੀ ਅਨੰਦ ਪੁਰ ਸਾਹਿਬ ਕਬਜ਼ੇ ਹਿਤ ਗਏ ਤੇ ਕਬਜ਼ਾ ਕੀਤਾ ਤੇ ਆਪ ਬ. ਅਕਾਲੀ ਦੇਸ਼ ਸੇਵਕਾਂ ਕੀ ਤਨ ਮਨ ਦੁਆਰਾ ਸੇਵਾ ਕਰਦੇ ਹੋਏ ੨੨ ੪ ੨੩ ਨੂੰ ਗ੍ਰਿਫਤਾਰ ਕੀਤੇ ਗਏ।

ਬ. ਅਃ ਸੰਤ ਚਰਨ ਸਿੰਘ ਜੀ ਨੰ. ੬੪

ਇਸ ਮਹਾਂ ਪੁਰਸ਼ ਨੇ ਭਾ. ਖੁਸ਼ਹਾਲ ਸਿੰਘ ਜੀ ਦੇ ਘਰ ਪਿੰਡ ਜਸੋਵਾਲ ਵਿਖੇ ਜਨਮ ਲਿਆ, ਆਪ ਇਕ ਸਿਧੇ ਸਾਧੇ ਸਾਧੂ ਸਭਾ ਹਨ ਬਾਲ ਉਮਰੇ ਹੀ ਆਪ ਨੂੰ ਅਜੇਹਾ ਪਰੇਮ ਦਾ ਤੀਰ ਲਗਾ ਕਿ ਸੰਸਾਰ ਦੇ ਕੁਲ ਲੁਟਾਕੇ ਛਡ ਕੇ ਅਕਾਂਤ ਹੋ ਬੈਠੇ, ਤੇ ਭਜਨ ਕਰਨ ਲਗ ਪਏ, ਕੁਟੀਆ ਪਿੰਡੋਂ ਬਾਹਰ ਪਾਈ ਹੋਈ ਸੀ, ਆਏ ਗਏ ਸਿਖ ਸਾਧੂ ਦੀ ਸੇਵਾ ਕੀਤਾ ਕਰਦੇ ਸਨ, ਤੇ ਬ. ਅਕਾਲੀ ਦੀ ਸੇਵਾ ਕਰਨਾ ਸੰਤ ਜੀ ਆਪਣਾ ਇਕ ਖਾਸ ਫਰਜ਼ ਸਮਝਦੇ ਸਨ ਕੌਮੀ ਪੰਤਗੇ ਦੇਸ ਦੀ ਅਜ਼ਾਦੀ ਹਿਤ ਮਰ ਮਿਟਣ ਵਾਲੇ ਦੇਸ਼ ਸੇਵਕ ਬ. ਅਕਾਲੀ ਇਸ ਪਾਂਸ ਔਂਦੇ ਜਾਂਦੇ ਸਨ ਤੇ ਇਸੇ ਸ਼ਕ ਵਿਚ ਸੰਤ ਜੀ ਗ੍ਰਿਫਤਾਰ ਕੀਤੇ ਗਏ।

ਬਬਰ ਅਕਾਲੀ ਭਾਈ ਨਰੈਣ ਸਿੰਘ ਜੀ ਨੰ ੬੫

ਇਸ ਸਜਣ ਨੇ ਸ੍ਰ. ਦਸੌਂਧਾ ਜੀ ਦੇ ਧਾਮ ਚਾਟੀ ਪਿੰਡ ਜਿਲਾ ਅੰਮ੍ਰਤਸਰ ਵਿਖੇ ਜਨਮ ਲੀਤਾ ਪਹਿਲੇ ਕੁਝ ਅਰਸਾ ਖੇਤੀ ਬਾੜੀ

(ਧਰਮ ਕਿਰਤ) ਕਰਦੇ ਹੋਏ, ਗੁਰਮੁਖੀ ਵਿਦਿਆ ਸਿਖਦੇ ਰਹੇ, ਤੇ ਵਡੇ ਹੋਕੇ ੩੫ ਨੰ: ਸਿਖ ਪਲਟਣ ਵਿਚ ਭਰਤੀ ਹੋਗਏ, ਪਲਟਣ ਵਿਚ ਸ਼ਹੀਦ ਭਾਈ ਕਿਸ਼ਨ ਸਿੰਘ ਜੀ ਦੇ ਪ੍ਰਚਾਰ ਤੇ ਸਤਿ ਸੰਗ ਕਰਕੇ ਦੇਸ਼ ਭਗਤੀ ਦੀ ਰੰਗਣ ਚੜ੍ਹਗਈ ਆਪ ਸਿਖ ਅਸੂਲਾਂ ਦੇ ਪਕੇ ਧਾਰਨੀ ਤੇ ਪਾਵੰਦ ਸਨ, ੬ ੬ ੨੧ ਨੂੰ ਪਲਟਣ ਵਿਚੋਂ (ਆਪ ਨੈਕ ਸਨ) ੧੯੨੧ ਦੀ ਸਾਜ਼ਸ਼ ਵਿਚ ਗ੍ਰਿਫਤਾਰ ਕੀਤੇ ਗਏ ਤੇ ਸਬੂਤ ਨਾ ਮਿਲਨ ਦੇ ਕਾਰਨ ੧੯ ੫ ੨੨ ਨੂੰ ਉਕਤ ਮੁਕਦਮੇਂ ਵਿਚੋਂ ਬਰੀ ਕੀਤੇ ਗਏ, ਅਰ ਆਪ ਜੀ ਦੇ ਪਿਤਾ ਜੀ ਨੂੰ ਭੀ ਇਕ ਸਾਲ ਦੀ ਕੈਦ ਇਸੇ ਮੁਕਦਮੇਂ ਵਿਚ ਕੀਤੀ ਗਈ ਮਗਰ ਅਪੀਲ ਵਿਚ ਬਰੀ ਹੋਗਏ, ਪਿੰਡ ਦੇ ਅਕਾਲੀ ਜਥੇ ਦੇ ਜਥੇਦਾਰ ਸਨ ਤਹਿਸੀਲਦਾਰ ਅਮ੍ਰਤਸਰ ਦੀ ਪੜਤਾਲੀਆ ਕਮੇਟੀ ਦੇ ਮੈਂਬਰ ਸਨ ਦੇਸ਼ ਤੇ ਕੌਮ ਨਾਲ ਪੂਰਨ ਪਰੇਮ ਰਖਦੇ ਸਨ ਦੇਸ਼ ਦੀ ਅਜ਼ਾਦੀ ਹਿਤ ਇਨਕਲਾਬੀ ਲਹਿਰ (ਬ. ਅਕਾਲੀ ਨਾਲ) ਵਿਚ ਸੇਵਾ ਕਰਦੇ ਹੋਏ ੧੬ ੧੦ ੨੩ ਨੂੰ ਫਿਰ ਗ੍ਰਿਫਤਾਰ ਕੀਤੇ ਗਏ ।

ਬਬਰ ਅਕਾਲੀ ਭਾਈ ਗੰਗਾ ਸਿੰਘ ਜੀ ਨੈਕ ਨੰ· ੬੬

ਇਹ ਭਾਈ ਸਾਹਬ ਪਿੰਡ ਲੀਲ੍ਹ ਕਲਾਂ ਜ਼ਿਲਾ ਗੁਰਦਾਸਪੁਰ ਦੇ ਵਸਨੀਕ ਸ੍ . ਹੀਰਾ ਸਿੰਘ ਜੀ ਦੇ ਧਾਮ ਜਨਮੇ, ਗੁਰਮੁਖੀ ਵਿਦਿਆ ਪ੍ਰਾਪਤ ਕਰਕੇ ਆਪ ੫੨ ਨੰ. ਪਲਟਣ ਵਿਚ ਭਰਤੀ ਹੋਗਏ ਤੇ ਲਿਆਕਤ ਨਾਲ ਕੁਝ ਸਮਾਂ ਪਾਕੇ ਨੈਕ ਹੋਗਏ, ਪਲਟਣ ਵਿਚ ਰਹਿੰਦੇ ਹੋਏ ਦੇਸ਼ ਸੇਵਕ ਬਬਰ ਅਕਾਲੀਆਂ ਦੀ ਸੇਵਾ ਕਰਦੇ ਰਹੇ, ਬਬਰ ਅਕਾਲੀਆਂ ਨਾਲ ਪਿਆਰ ਹੋਣ ਦੇ ਸਬੰਧ ਵਿਚ ਤੇ ਕਾਰਤੂਸ ਦੇਣ ਦੇ ਅਪ੍ਰਾਧ ਵਿਚ ਆਪ ਜੀ ਜੀ ਨੂੰ ਗ੍ਰਿਫਤਾਰ ਕਰ ਲਿਆ ।

ਬ. ਅਕਾਲੀ ਭਾ: ਪ੍ਰਤਾਪ ਸਿੰਘ ਜੀ ਗਰੰਥੀ ਨੰ. ੬੭

ਏਹ ਸਜਣ ਸ: ਲਾਲ ਸਿੰਘ ਜੀ ਦੇ ਘਰ ਪਿੰਡ ਛਬੀਲਪੁਰ ਜ਼ਿਲਾ ਸਿਆਲਕੋਟ ਵਿਖੇ ਪੈਦਾ ਹੋਏ, ਆਪ ਜੀ ਦੇ ਪਿਤਾ ਨੇ ਆਪ ਜੀ

ਨੂੰ ਵਡੇ ਪਰੇਮ ਸਹਿਤ ਗੁਰਮਖੀ ਵਿਦਿਆ ਪੜ੍ਹਾਈ ਤੇ ਵਡੇ ਚੰਗੇ ਲਾਇਕ ਹੋ ਗਏ, ਆਪ ੫੨ ਨੰ. ਪਲਟਣ ਵਿਚ ਭਰਤੀ ਹੋਗਏ ਤੇ ਬ: ਅਕਾਲੀ ਦੇਸ਼ ਸੇਵਕਾਂ ਦੀ ਤਨ ਮਨ ਤੇ ਹਥਿਆਰ ਵਗੈਰ ਹੀ ਸੇਵਾ ਦਿਲੋਂ ਕਰਦੇ ਰਹੇ ਜਿਸ ਕਰਕੇ ਆਪ ਜੀ ਨੂੰ ਉਕਤ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ।

ਬ: ਅਕਾਲੀ ਭਾਈ ਮਾਨ ਸਿੰਘ ਜੀ ਨੰ ੬੮,

ਏਹ ਭਾਈ ਸਾਹਿਬ ਭਾ: ਹੀਰਾ ਸਿੰਘ ਜੀ ਦੇ ਧਾਮ ਜਿਲਾ ਗੁਜਰਾਂ ਵਾਲਾ ਪਿੰਡ ਗੋਬਿੰਦਪੁਰ ਵਿਖੇ ਪੈਦਾ ਹੋਏ, ਪਹਿਲੇ ਕੁਝ ਕਾਲ ਖੇਤੀ ਪਤੀ ਦਾ ਕੰਮ ਕਰਦੇ ਰਹੇ, ਅਤੇ ਵਡੇ ਹੋਕੇ ਪਲਟਣ ਨੰ: ੫੨ ਵਿਚ ਭਰਤੀ ਹੋਗਏ ਗੁਰਬਾਣੀ ਦੇ ਚੰਗੇ ਪਰੇਮੀ ਸੰਨ ਸ੍ਰੀ ਨਾਨਕਾਣੇ ਦੇ ਸਾਕੇ ਸਮੇਂ ਆਪ ਪਲਟਣ ਵਿਚ ਹੀ ਅਕਾਲਾ ਸਜਗਏ ਤੇ ਨਾ ਮਿਲ ਬਰਤਨ ਦੇ ਅਸੂਲ ਅਨੁਸਾਰ ਨੌਕਰੀ ਛਡ ਆਏ ਤੇ ਪਿੰਡ ਦੇ ਅਕਾਲੀ ਜਥੇ ਦੇ ਜਥੇਦਾਰ ਪਿੰਡ ਦੀ ਸੰਗਤ ਨੇ ਨੀਯਤ ਕਰ ਦਿਤੇ, ਆਪ ਦੇਸ਼ ਨਾਲ ਪੂਰਨ ਪਰੇਮ ਰਖਦੇ ਸੰਨ। ਬ: ਅਕਾਲੀਆਂ ਨੂੰ ਅਸਲ ਹਥਿਆਰ ਵਗੈਰਾ ਦੇਣ ਦੇ ਅਪ੍ਰਾਧ ਵਿਚ ਪੁਲਸ ਰਾਣੀ ਨੇ ਗਿਰਫਤਾਰ ਕਰ ਲਿਆ

ਬੇਅੰਤ ਸਿੰਘ ਜੀ ਜ਼ੈਲਦਾਰ ਨੰ. ੬੯

ਆਪ ਸ੍ਰ. ਚੰਦਾ ਸਿੰਘ ਜੀ ਦੇ ਘਰ ਪਿੰਡ ਨੰਗਲ ਕਲਾਂ ਜ਼ਿਲਾ ਹੁਸ਼ਿਆਰਪੁਰ ਵਿਚ ਪੈਦਾ ਹੋਏ ਆਪ ਦੇ ਪਿਤਾ ਨੇ ਆਪ ਨੂੰ ਪੜ੍ਹਨ ਲਾ ਦਿਤਾ ਆਪ ਨੇ ਦਸਮੀਂ ਤਕ ਤਾਲੀਮ ਹਾਸਲ ਕੀਤੀ, ਅਰ ਫਿਰ ਆਪ ੨-੨੪ ਪੰਜਾਬੀ ਵਿਚ ਭਰਤੀ ਹੋਗਏ ਪਰ ਥੋੜੀ ਦੇਰ ਬਾਧ ਆਪਣੀ ਖੁਸ਼ੀ ਨਾਲ ਨੌਕਰੀ ਛਡ ਆਏ, ਤੇ ਪਿਤਾ ਦੇ ਥਾਂ ਜ਼ੈਲਦਾਰ ਹੋਗਏ ਕਿਦਾਂ ਕਿ ਆਪ ਤਾਲੀਮਯਾਫਤਾ ਸਨ ਇਸ ਲਈ ਆਪਣੀ ਜ਼ਮੀਰ ਦਾ ਘਾਤ ਕਰਕੇ ਦੇਸ਼ ਤੇ ਪੰਥ ਸੇਵਕਾਂ ਬਰੁਧ ਦੂਜੇ ਝੋਲੀ ਚੁਕ ਜ਼ੈਲਦਾਰਾਂ

ਵਾਂਗ ਝੂਠੀਆਂ ਡਾਇਰੀਆਂ ਤੇ ਗਵਾਹੀਆਂ ਕੇਣ ਨੂੰ ਤੀਆਰ ਨਾ ਹੋਏ ਬਲਕਿ ਕਾਰ ਤੂਸ ਭਰਨ ਵਾਲੀ ਮਸ਼ੀਨ ਦੇਸ਼ ਸੇਵਕਾਂ (ਬ: ਅ:) ਨੂੰ ਦਿਤੀ ਤੇ ਆਪ ਇਸ ਜੁਰਮ ਵਿਚ ਗ੍ਰਿਫਤਾਰ ਕੀਤੇ ਗਏ।

ਬ; ਅਕਾਲੀ ਭਾ. ਊਧਮ ਸਿੰਘ ਜੀ ਨੰ; ੭੦

ਆਪ ਸ: ਗੁਰਦਿਤ ਸਿੰਘ ਜੀ ਦੇ ਧਾਮ ਪਿੰਡ ਜੰਡੂ ਸਿੰਘਾ ਜ਼ਿਲਾ ਜਾਲੰਧਰ ਵਿਖੇ ਪੈਦਾ ਹੋਏ ਤੇ ਆਪ ਜੀ ਦੇ ਪਿਤਾ ਜੀ ਨੇ ਛੋਟੀ ਉਮਰੇ ਹਤੀ ਪੜਨੇ ਪਾ ਦਿਤੇ, ਤੇ ਆਪ ਜੀ ਐਂਨਟ੍ਰੈਨਸ ਤਕ ਤਾਲੀਮ ਹਾਸਲ ਕੀ ਇਸ ਦੇ ਪਿਛੋਂ ੯-੫-੧੯ ਨੂੰ ਆਪ ਪਲਟਣ ਨੰ' ੨੨ ਵਿਚ ਕਲਰਕ ਬਣ ਕੇ ਨੌਕਰ ਹੋਗਏ, ਆਪ ਲਿਆਕਤ ਨਾਲ ਪਲਟਣ ਦੇ ਹੈਡ਼ ਕਲਰਕ ਹੋਗਏ, ਪਰ ਨਨਕਾਣਾ ਸਾਹਿਬ ਦਾ ਸਾਕਾ ਤੇ ਸਿਵਲ ਨਾ ਫੁਰਮਾਨੀ ਸ਼ੁਰੂ ਹੋਣ ਦੇ ਸਮੇਂ ਆਪ ਨੌਕਰੀ ਛਡਣ ਨੂੰ ਤਿਆਰ ਹੋਗਏ ਅਫਸਰਾਂ ਵਲੋਂ ਆਪ ਨੂੰ ਕਿਹਾ ਗਿਆ ਕਿ ਆਪ ਦੀ ਜੁਮੇਂਵਾਰੀ ਵਾਸਤੇ ਕਾਗਜ਼ ਗਿਆ ਹੋਇਆ ਹੈ, ਨੌਕਰੀ ਨਾ ਛਡੋ ਪਰ ਆਪ ਜੀ ਦਾ ਦਿਲ ਜ਼ਖਮੀਂ ਹੋ ਚੁਕਾ ਸੀ, ਆਪ ਫੌਜ ਦੀ ਸਰਦਾਰੀ ਨਾਲੋਂ ਦੇਸ਼ ਦੀ ਸੇਵਾ ਨੂੰ ਬਹੁਤ ਅਛੀ ਸਮਝਦੇ ਸਨ ਆਖਰ ਸਮੇਂ ਦੀ ਨਬਜ਼ ਪਛਾਣ ਕੇ ਨੌਕਰੀ ਨੂੰ ਤਲਾਜੰਲੀ ਦੇਕੇ ਸਰਦਾਰੀ ਨੂੰ ਲਤ ਮਾਰਦੇ ਹੋਏ ੨੫-੩-੨੧ ਨੂੰ ਨਾਮ ਕਟਾ ਆਏ ਤੇ ਜ਼ਿਲਾ ਜਾਲੰਧਰ ਦੇ ਅਕਾਲੀ ਦਲ ਦੇ ਵਡੇ ਸਕਤਰ ਨੀਯਤ ਕੀਤੇ ਗਏ, ਗੁਰੂ ਕੇ ਬਾਗ ਦੇ ਮੋਰਚੇ ਸਮੇਂ ਪਿੰਡਾਂ ਵਿਚੋਂ ਸਿੰਘਾਂ ਨੂੰ ਮੋਰਚੇ ਵਿਚ ਭੇਜ ਦੇ ਰਹੇ, ੧੧-੨-੨੩ ਨੂੰ ਆਪ ਦੁਆਬਾ ਹਾਈ ਸਕੂਲ ਦੀ ਮੈਨੇਜੰਗ ਕਮੇਟੀ ਦੇ ਸੈਕਰਟਰੀ ਚੁਣੇ ਗਏ, ਉਕਤ ਦੋਹਾਂ ਸੇਵਾ ਨੂੰ ਚੰਗੀ ਤਰਹ ਨਿਭੌਂਦੇ ਰਹੇ ਪਰ ਆਪ ਦੇਸ ਕੌਮ ਦੀ ਸੇਵਾ ਕਰਦੇ ਹੋਏ ਨੌਕਰ ਸ਼ਾਹੀ ਦੀ ਅਖ ਵਿਚ ਕੰਡੇ ਵਾਂਗ ਰੜਕਣ ਲਗ ਪਏ, ਜਿਸ ਕਰਕੇ ਪੁਲਸ ਨੇ ੨੧-੯-੨੩ ਨੂੰ ਬ: ਅ: ਨੂੰ ਪਨਾਹ ਦੇਣੀ ਤੇ ਇਕ ਪਸਤੌਲ ਦੇਣ ਦੇ ਜ਼ੁਰਮ ਵਿਚ ਗ੍ਰਿਫਤਾਰ ਕਰ ਲਿਆ।

ਬਬਰ ਅਕਾਲੀ ਭਾ: ਸੁੰਦਰ ਸਿੰਘ ਜੀ ਨੰ ੭੧

ਇਹ ਮਹਾਂ ਪੁਰਸ਼ ਭਾ. ਦੇਵਾ ਸਿੰਘ ਜੀ ਦੇ ਧਾਮ ਪਿੰਡ ਕੁਲੇਵਾਲ ਜ਼ਿਲਾ ਹੁਸ਼ਿਆਰਪੁਰ ਵਿਚ ਪੈਦਾ ਹੋਏ ਅਰ ਖੇਤੀ ਬਾੜੀ ਦਾ ਕੰਮ ਕਰਕੇ ਧਰਮ ਕਿਰਤ ਵਿਚੋਂ ਵੰਡ ਛਕਦੇ ਰਹੇ ਆਪ ਗੁਰ ਬਾਣੀ ਤੇ ਸਿਖੀ ਅਸੂਲਾਂ ਦੇ ਵਡੇ ਹੀ ਹਿਤੂ ਸਨ ਦੇਸ਼ ਕੌਮ ਦੀ ਸੇਵਾ ਉਤੋਂ ਵਿਕੇ ਹੋਏ ਸਨ ਦੇਸ਼ ਸੇਵਕਾਂ (ਬ. ਅ.) ਦੀ ਸਭ ਤੋਂ ਬਧ ਕੇ ਸੇਵਾ ਕਰਦੇ ਰਹੇ ਪਰਉਪਕਾਰੀ ਤੇ ਧਰਮ ਹਿਤੂ ਹੋਣ ਕਰਕੇ ਬ. ਅਕਾਲੀ ਲਹਿਰ ਤੋਂ ਪਹਿਲੇ ਹੀ ਅਕਾਲੀ ਸਨ, ਕਿਉਂਕਿ ਆਪ ਜੀ ਦੇ ਖਾਨਦਾਨੀ ਬਜ਼ੁਰਗ ਸਿਖ ਰਾਜ ਦੇ ਸਮੇਂ ਤੋਂ ਲੈ ਕਰਕੇ ਹੀ ਅਕਾਲੀ ਸਨ, ਇਸ ਬਜੁਰਗ ਨੂੰ ਦੇਸ਼ ਸੇਵਕ ਦੀ ਸੇਵਾ ਦੇ ਅਪ੍ਰਾਧ ਵਿਚ ੮੦ ਸਾਲ ਦੀ ਆਯੂ ਵਿਚ ਗਿਰਫਤਾਰ ਕੀਤਾ ਗਿਆ।

ਬ. ਅ. ਭਾ: ਊਧਮ ਸਿੰਘ ਜੀ ਨੰ. ੭੨ ਵਲਦ ਵਸਾਖੀ

ਬ ਅ. ਭਾ. ਬਾਬਾ ਸਿੰਘ ਜੀ ਨੰ. ੭੩ ਵਲਦ ਭੁਲਾ

ਇਹ ਦੋਵੇਂ ਸਜਨ ਪਿੰਡ ਕੋਲਪੁਰ ਜਿਲਾ ਹੁਸ਼ਿਆਰਪੁਰ ਦੇ ਬਸਨੀਕ ਸਨ ਦੇਸ਼ ਸੇਵਾ ਦੇ ਅਪ੍ਰਾਧ ਵਿਚ ਆਪ ਗਿਰਫਤਾਰ ਕੀਤੇ ਗਏ ਸਨ।

ਬ. ਅ: ਸ਼ਹੀਦ ਭਾਈ ਧਰਮ ਸਿੰਘ ਜੀ ਨੰ. ੭੪

ਆਪ ਸਰਦਾਰ ਸੋਭਾ ਸਿੰਘ ਜੀ ਦੇ ਘਰ ਪਿੰਡ ਹਿਆਪੁਰ ਰੁੜਕੀ ਜ਼ਿਲਾ ਹੁਸ਼ਿਆਰਪੁਰ ਵਿਖੇ ਪੈਦਾ ਹੋਏ, ਅਰ ਆਪ ਜੀ ਦੇ ਪਿਤਾ ਜੀ ਨੇ ਆਪ ਨੂੰ ਗੁਰਮੁਖੀ ਵਿਦਿਆ ਪੜਨੇ ਲਾ ਦਿਤਾ, ਚੰਗੀ ਵਿਦਿਆ ਹਾਸਲ ਕਰਨ ਤੋਂ ਬਾਧ ੧੯੦੬ ਸਨ ਨੂੰ ੩੨ ਨੰ. ਰਸਾਲੇ ਵਿਚ ਰਾਈਸ (ਕਿਉਂਕਿ ਆਪ ਜੀ ਦੇ ਦਾਦੇ ਸ੍ਰ: ਹਰੀ ਸਿੰਘ ਜੀ, ਸਰਦਾਰ

ਹਮੀਰ ਸ਼ਿੰਘ ਜੀ, ਤੇ ਸਰਦਾਰ ਦੂਲਾ ਸਿੰਘ ਜੀ ਸ਼ੇਰੇ ਪੰਜਾਬ ਮਹਾਰਾਜਾ ਦੀ ਪਲਟਣ ਵਿਚ ਇਕ ਗਿਣਤੀ ਦੇ ਸਰਦਾਰ ਸਨ ਨਿ: ਵੈ. ਸ਼ ਜਥੇਦਾਰਾਂ ਦੇ ਜਥੇਦਾਰ ਸਰਦਾਰ ਦੂਲਾ ਸਿੰਘ ਜੀ ਜੰਗ ਵਿਚ ਖਬੀ ਬਾਂਹ ਛਡੀ ਹੋਈ ਸੀ ਇਨ੍ਹਾ ਦੀ ਸੂਰ ਬੀਰਤਾਂ ਤੇ ਬਹਾਦਰੀ ਦੇ ਹੀ ਏਹ ਤਿਨੇ ਤਾਈ ਭੀ ਯਿਹ ਆਪੀ ਬ. ਅ: ਸ਼ਹੀਦ ਭਾ' ਸੁੰਦਰ ਸ਼ਿੰਘ ਭਾ, ਗੁਰਦਿਤ ਸਿੰਘ ਜੀ ਦੇ ਆਪ ਸ਼ਹਦ ਭਾ, ਧਰਮ ਸਿੰਘ ਜੀ) ਭਰਤੀ ਹੋਗਏ ਪਰ ਰੌਲਟ ਐਕਟ ਤੇ ਜਲਿਆਂ ਵਾਲੇ ਬਾਗ ਦੇ ਸਾਕੇ ਤੋਂ ਬਾਧ ਸਿਵਲ ਨਾਲ ਫਰਮਾਨੀ ਸੁਰੂ ਹੋਣ ਸਮੇਂ ਆਪ ਸਰਦਾਰਿਆਂ (ਆਪ ਦਫੇਦਾਰ ਸੀ) ਨੂੰ ਲਤ ਮਾਰਦੇ ਹੋਏ ਨਾ ਮਿਲ ਵਰਤਨ ਦੇ ਅਸੂਲ ਅਨੁਸਾਰ ਦਫੇਦਾਰੀ ਪਿੰਸ਼ਨ ਲੈਕੇ ਨੌਕਰੀ ਛਡ ਆਏ ਗੁਰਬਾਣੀ ਤੇ ਸਿਖੀਂ ਅਸੂਲਾਂ ਦੇ ਪਕੇ ਧਾਰਨੀ ਸਨ ਸੂਰੂ ਤੋਂ ਹੀ ਆਪ ਪੋਲੀਟੀਕਲ ਖਿਆਲਾਂ ਦੇ ਸਨ, ਔਂਦਿਆਂ ਹੀ ਦੇਸ਼ ਦੀ ਸੇਵਾ ਹਿਤ ਕਮਰ ਕਸ ਲਈ ਤੇ ਪਿੰਡ ਦੇ ਜਥੇ ਦਾਰ ਪਿੰਡ ਦੀ ਸੰਗਤ ਵਲੋਂ (ਕਿਉਂਕਿ ਇਸ ਦੇ ਪਿਤਾ ਜੀ ਸੁਰਗਵਾਸ ਹੋ ਚਕੇ ਸਨ ਜੋ ਪਹਿਲਾਂ ਓਹੀ ਜਥੇ ਦਾਰ ਸਨ) ਥਾਪੇ ਗਏ ਨਿ: ਵੈ: ਸੇ. ਸ੍ਰੀ. ਦੁ. ਵਿਚ ਸ੍ਰੀ ਅਨੰਦਪੁਰ ਸਾਹਬ ਦੇ ਕਬਜੇ ਸਮੇਂ ਆਪ ਜਥੇ ਲੈਕੇ ਗਏ ਸਨ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਮਾਰ ਖਾਣ ਵਾਲੇ ਜਥੇ ਵਿਚ ਬੀ: ਟੀ ਦੀਆਂ ਡਾਂਗਾਂ ਦਾ ਪਿਆਰ ਲਿਆ, ਪਰਜੋਸ਼ ਮਠਾ ਨਾ ਹੋਇਆ ਸਗੋਂ ਬੀਰ ਰਸ ਦੀ ਅਜੇਹੀ ਰੰਗਤ ਚੜੀ ਆਪ ਬਬਰ ਅਕਾਲੀ ਜਥੇ ਦੇ ਸਧਾਰਕ ਮੈਂਬਰ ਬਣ ਕੇ ਝੋਲੀ ਚੁਕ ਦੀਵਾਨ ਦੇ ਕਤਲ ਵਿਚ ਸਾਮਲ ਹੋਕੇ ਕਤਲ਼ ਦੁਆਰਾ ਸੁਧਾਰ ਕੀਤਾ ਦੇਸ਼ ਕੌਮ ਦੀ ਸੇਵਾ ਹਿਤ ਸਰਤੋੜ ਯਤਨ ਕਰਦੇ ਹੋਏ ੬-੭-੨੩ ਨੂੰ ਗਿਰਫਤਾਰ ਕੀਤੇ ਗਏ।

ਬਬਰ ਅਕਾਲੀ ਭਾਈ ਸੁਰਜਣ ਸਿੰਘ ਜੀ ਨੰ: ੭੫

ਏਹ ਪੁਰਸ਼ ਵਡਾ ਗੁਰਮੁਖ ਤੇ ਪਰੇਮੀ ਪੁਰਾਣੇ ਗੁਰ ਸਿਖਾਂ ਵਾਂਗ ਗੁਰਬਾਣੀ ਦੇ ਸ਼ਰਧਾਲੂ ਸਨ ਪੰਜ ਕਕਾਰ ਦੀ ਰਹਿਤ ਤੇ ਨਿਤ ਨੇਮ

ਵਿਚ ਸਨਟਬਰੇ ਹੀ ਤਿਆਰ ਬਰ ਤਿਆਰ ਹਨ, ਆਪ ਦੀ ਪ੍ਰੇਮ ਅਭਲਾਖਾ ਦਾ ਕਲਮ ਨਾਲ ਲਿਖ ਕੇ ਬਰਨਨ ਕਰਨਾ ਕਠਨ ਜਿਹਾ ਭਾਸਦਾ ਹੈ, ਆਪ ਨੇ ਸ੍ਰ. ਹਮੀਰ ਸਿੰਘ ਜੀ ਦੇ ਧਾਮ ਪਿੰਡ ਹਿਅਤਪੁਰ ਰੁੜਕੀ ਜ਼ਿਲਾ ਹੁਸ਼ਿਆਰਪੁਰ ਵਿਖੇ ਜਨਮ ਧਾਰਿਆ ਇਹ ਸ਼ਹੀਦ ਭਾ. ਧਰਮ ਸਿੰਘ ਨੰ: ੭੪ ਤੇ ਸ਼ਹੀਦ ਭਾ. ਸੁੰਦਰ ਸਿੰਘ ਜੀ ਦੇ ਸਕੇ ਚਾਚੇ ਹਨ) ਆਪ ਦੇਸ਼ ਤੇ ਕੌਮ ਉਤੋਂ ਵਿਕੇ ਹੋਏ ਸਜਣ ਸਨ, ਦੇਸ਼ ਸੇਵਕ ਬ. ਅਕਾਲੀਆਂ ਦੀ ਸੇਵਾ ਸਭਤੋਂ ਬਧਕੇ ਕਰਦੇ ਸਨ ੧੨-੧-੨੨ ਗੁਰ ਸਹਿਤ ਸ੍ਰੀ ਅ. ਪੁਰ ਨਿ. ਵੈ. ਸ ਜਥੇ ਨਾਲ ਜਾਕੇ ਸੇਵਾਂ ਕੀਤੀ ਬਬਰ ਅਕਾਲੀ ਜਥੇ ਦੇ ਬਣ ਕੇ ਆਪ ਨੇ ਦੀਵਾਨ ਦੇ ਕਤਲ ਦੁਆਰਾ ਸੁਧਾਰ ਕਰਨ ਵਿਚ ਹਿਸਾ ਲਿਆ ਤੇ ਆਖਰ ਆਪ ੬-੭-੨੩ ਨੂੰ ਗਿਰਫਤਾਰ ਕੀਤੇ ਗਏ।

ਬਬਰ ਅਕਾਲੀ ਭਾਈ ਧੰਨਾ ਸਿੰਘ ਜੀ ਨੰ; ੭੬

ਏਹ ਭਾਈ ਨਿਹਾਲ ਸਿੰਘ ਜੀ ਪਿੰਡ ਸਾਂਧੜ ਜ਼ਿਲਾ ਹੁਸ਼ਿਆਰਪੁਰ ਦੇ ਘਰ ਜਨਮੇ ਆਪ ਜੀ ਨੂੰ ਛੋਟੀ ਉਮਰ ਵਿਚ ਇਨ੍ਹਾ ਦੇ ਪਿਤਾ ਨੇ ਉਰਦੂ ਅੰਗ੍ਰੇਜ਼ੀ ਤੇ ਗੁਰਮਖੀ ਵਿਦਿਆ ਪੜ੍ਹਾਈ, ਆਪ ਨੂੰ ਬਾਲ ਅਵਸਥਾ ਤੋਂ ਗੁਰਬਾਣੀ ਨਾਲ ਪਰੇਮ ਸੀ, ਮਗਰ ਆਪ ੧੯੧੪ ਵਿਚ ੨੨ ਪੰਜਾਬੀ ਵਿਚ ਭਰਤੀ ਹੋਗਏ ਅਤੇ ੧੯੧੯ ਵਿਚ ਜਦੋਂ ਆਪ ਜੀ ਨੂੰ ਪਲਟਣ ਵਿਚ ਮਾਰਸ਼ਲਾ (ਸ੍ਰੀ ਅਮ੍ਰਿਤਸਰ ਸੀ ਗੋਲੀ ਚਲਣ ਦਾ) ਪਤਾ ਲਗਾ ਆਪ ਇਸ ਗਲ ਨੂੰ ਸੁਣ ਕੇ ਨਾ ਸਹਾਰਦੇ ਹੋਏ ਨਾ ਮਿਲਵਰਤਨ ਦੇ ਅਸੂਲ ਅਨੁਸਾਰ ਦੇਸ਼ ਤੇ ਕੌਮ ਦੀ ਸੇਵਾ ਹਿਤ ਪਲਟਣ ਵਿਚ ਨਾਮ ਕਟਾਕੇ ਆਗਏ ਤੇ ਅਕਾਲੀ ਸਜਗਏ ਆਪਣ ਇਲਾਕੇ ਵਿਚ ਕਾਂਗਰਸ ਦਾ ਪ੍ਰਚਾਰ ਕਰਕੇ ਕਾਂਗਰਸ ਕਮੇਟੀਆਂ ਬਣਾਈਅ ਸ੍ਰੀ ਅਨੰਦਪੁਰ ਸਾਹਿਬ ਦੇ ਸੁਧਾਰ ਸਮੇਂ ਪਹਿਲੇ ਜਥੇ ਨੇ ਸੇਵਕ ਸ਼. ਢ. ਦੁਆਬਾ ਵਿਚ ਸ਼ਾਮਲ ਹੋਕੇ ਤਨ, ਮਨ ਦੁਆਰਾ ਸੇਵਾ ਕਰਦੇ ਹੋਏ, ਸ੍ਰੀ ਅਨੰਦਪੁਰ ਸਾਹਿਬ ਦੇ ਉਕਤ ਗੁਰਧਾਮਾਂ ਤੇ ਕਬਜ਼ਾ ਇਲਾਕੇ ਵਲੋਂ

ਪੰਜਾਂ ਪਿਆਰਿਆਂ ਵਿਚ ਸੇਵਾ ਕਰਦੇ ਹੋਏ ਤਾਸੀਲ ਗੜ੍ਹਸੰਕਰ
ਸੈਕਰਟਰੀ ਮਕੱਰ ਕੀਤੇ ਗਏ ਮੁਲਕ ਦੀ ਸੇਵਾ ਕਰਨ ਵਾਲੇ ਨੂੰ ਪੁਲ
ਕਦੋਂ ਵੇਖ ਸਕਦੀ ਹੈ ਸੀ ਆਖਰ ੨੨–੪–੨੩ ਨੂੰ ਰਾਤ ਦੇ ਬਾਰਾਂ ਬ
ਜਦ ਦਫਤਰ ਵਿਚ ਸੁਤੇ ਪਏ ਸਨ, ਅਚਾਨਕ ਹੀ ਪੁਲਸ ਦੀ ਧ
ਆਪਈ ਤੇ ਗਿਰਫਤਾਰ ਕਰ ਲਿਆ ਅਤੇ ਭਾਂਤ ੨ ਦੀਆਂ ਤਕਲੀ
ਦੇਕੇ ਸਬੂਤ ਨਾ ਮਿਲਣ ਦੇ ਕਾਰਨ ਤਰੈ ਮਹੀਨੇ ਬਾਧ ਆਪ ਨੂੰ ਛ
ਦਿਤਾ ਗਿਆ ਫਿਰ ਨੌਕਰ ਸ਼ਾਹੀ ਨੇ ਅਸਲਾ ਐਕਟ ਹੇਠ ਆਪ ਉ
ਮੁਕਦਮਾਂ ਚਲਾਇਆ ਤੇ ਕਾਫੀ ਹਥ ਪੈਰ ਮਾਰੇ ਪਰ ਪੁਲਸ ਰਾਣੀ
ਸਫਲਤਾ ਪ੍ਰਾਪਤ ਨਾ ਹੋਈ ੩੦ – ੮ – ੨੩ ਨੂੰ ਫਿਰ ਬਬਰ ਅਕਾਲ
ਸਾਜਸ਼ ਵਿਚ (ਰਾਮ ਸਿੰਹੁ ਹਦਾਰਾ ਕਾਂਢ ਤੇ ਮਤਾਬ ਸਿੰਹੁ ਭਕੜਦੀ
ਸਖਾ ਕੇ) ਅੜ੍ਹਾਲਿਆ।

ਬਬਰ ਅਕਾਲੀ ਭਾ. ਗੁਰਬਚਨ ਸਿੰਘ ਜੀ ਨੰ. ੭੭

† ਆਪ ਬਾਬਾ ਦਲੀਪ ਸਿੰਘ ਜੀ ਜਥੇਦਾਰ ਤੇ ਸਪੁਤਰ ਹਨ
ਛੋਟੀ ਉਮਰੇ ਹੀ ਉਰਦੂ ਗੁਰਮੁਖੀ ਤੇ ਕੁਝ ਕੁ ਅੰਗਰੇਜ਼ੀ ਵਿਦਿਆ
ਹਾਸਲ ਕੀਤੀ ਹੀ ਸੀ, (ਆਪ ਜੀ ਦੇ ਪਿਤਾ ਜੀ ਨੂੰ ੧੭ ਬੀ ਹੇਠ ਇ
ਸਾਲ ਸਜ਼ਾ ਦਿਤੀ ਜਾ ਚੁਕੀ ਸੀ) ਇਸ ਦੇ ਮਗਰੋਂ ਦੇਸ਼ ਸੇਵਕ ਬਬ
ਅਕਾਲੀਆਂ ਦੀ ਸੇਵਾ ਕਰਨ ਅਤੇ ਬ. ਅਕਾਲੀ ਦੁਆਬਾ ਅਖਬਾ
ਛਾਪਣ ਦੇ ਅਪਰਾਧ ਵਿਚ ੨੩–੩–੨੩ ਨੂੰ ਪੋਲੀਸ ਗਿਰਫਤਾਰ ਨ
ਕਰ ਸਕੀ ਆਖਰ ੨੨–੪-੨੧ ਨੂੰ ਗਿਰਫਤਾਰ ਕੀਤਾ ਗਿਆ।

---

† ਭਾਈ ਗੁਰਬਚਨ ਸਿੰਘ ਜੀ ੨੨–੮-੨੩ ਨੂੰ ਮੈਂ ਹਵੇਲੀ ਵਿ
ਸੁਤਾ ਪਿਆ ਸਾਂ ਸਵੇਰੇ ਤਿਨ ਬਜੇ ਪੁਲਸ ਨੇ ਜਦੋਂ ਗਿਰਫਤਾਰ ਕੀ
ਤੇ ਮਾਤਾ ਜੀ (ਆਤਮਾਂ ਕੌਰ) ਨੂੰ ਪਤਾ ਲਗਾ ਤੇ ਹਵੇਲੀ ਆਕੇ ਕੰਡ ਉ
ਹਥ ਰਖ ਕੇ ਮਾਤਾ ਜੀ ਨੇ ਆਖਿਆ ਕਿ ਵੇਖੀਂ ਪੁਤਰ ਕਿਤੇ ਮੌਤ ਤੋਂ ਨ
ਡਰ ਕੇ ਕਿਸੇ ਉਤੇ ਵੈਹਦਾ ਮੁਆਫ ਨਾ ਹੋ ਜਾਵੀਂ ਕਿਉਂਕਿ ਅਸੀਂ ਉ
ਸ੍ਰੀ ਗੁਰ ਗੋਬਿੰਦ ਸਿੰਘ ਜੀ ਮਹਾਂਰਾਜ ਦਾ ਅੰਮ੍ਰਤ ਪਾਨ ਕੀਤਾ ਹੋਇਆ

ਹੈ, ਜਿਸ ਨੇ ਦੇਸ਼ ਤੇ ਕੌਮ ਦੀ ਅਜ਼ਾਦੀ ਖਾਤਰ ਆਪਣੇ ਪ੍ਰੀਵਾਰ ਨੂੰ ਵਰਕੇ ਸਾਨੂੰ ਸਬਕ ਸਿਖਾਇਆ ਤੇ ਅੰਮ੍ਰਿਤ ਛਕਾਕੇ ਗਿਦੜੋ ਸ਼ੇਰ ਬਣਾਇਆ ਇਤ ਆਦਿ ਉਪਦੇਸ਼ ਦਿੰਦਿਆਂ ਹੋਇਆਂ ਪੋਲੀਸ ਹਵਾਲੇ ਕੀਤਾ ਜਿਸ ਦਾ ਜ਼ਿਕਰ ਪੋਲੀਸ ਅਫਸਰ ਨੇ ਸ਼ੈਸ਼ਨ ਜੱਜ ਟਾਇਪ ਦੀ ਅਦਾਲਤ ਵਿਚ ਗਵਾਹੀ ਦਿੰਦਿਆਂ ਹੋਇਆਂ ਕੀਤਾ (ਇਹ ਲਫਜ਼ ਬ: ਅ. ਭਾਈ ਗੁਰਬਚਨ ਸਿੰਘ ਜੀ ਦੀ ਜ਼ਬਾਨੀ ਹਨ)

ਬਬਰ ਅਕਾਲੀ ਭਾ. ਹਰਨਾਮ ਸਿੰਘ ਜੀ ਨੰ: ੭੮

ਆਪ ਨੇ ਭਾਈ ਰਲਾ ਸਿੰਘ ਦੇ ਧਾਮ ਪਿੰਡ ਗੜ੍ਹੀ ਕਾਨੂੰਗੋਆ ਜ਼ਿਲਾ ਹੁਸ਼ਿਆਰਪੁਰ ਵਿਖੇ ਜਨਮ ਲਿਆ ਅਰ ਆਪ ਦੇ ਪਿਤਾ ਨੇ ਬਾਲ ਉਮਰੇ ਹੀ ਆਪ ਨੂੰ ਗੁਰਮੁਖੀ ਪੜ੍ਹਨੇ ਲਾ ਦਿਤ[illegible]ਡੇ ਹੋਕੇ ਆਪ ਪਲਟਣ ਨੰ: ੫੮ ਵਿਚ ਚੰਗੀ ਗੁਰਮੁਖੀ ਵਿ[illegible] ਹਾਸਲ ਕਰਕੇ ਨੌਕਰ ਹੋਗਏ ਆਪ ਸਤਿ ਸੰਗਤ ਤੇ ਗੁਰੂ ਘਰ ਦੇ ਨਾਲ ਵਡਾ ਪਰੇਮ ਰਖਦੇ ਹਨ, ਮਾਰਸ਼ਲਾ ਤੇ ਨਨਕਾਣਾ ਸਾਹਿਬ ਦੇ ਸਾਕੇ ਹੋਣ ਤੇ ਆਪ ਨਾ ਮਿਲ ਵਰਤਨ ਦੇ ਅਸੂਲ ਅਨੁਸਾਰ ਮਈ ੧੯੮੧ ਨੂੰ ਨੈਕੀ ਪਿਨਸ਼ਨ ਲੈਕੇ ਨੌਕਰੀ ਛਡ ਆਏ ਔਂਦੇ ਹੀ ਦੇਸ਼ ਦੀ ਅਜ਼ਾਦੀ ਹਿਤ ਸੇਵਾ ਕਰਨ ਵਿਚ ਜੁਟ ਗਏ ਤੇ ਪਿੰਡ ਦੇ ਜਥੇ ਦੇ ਜਥੇਦਾਰ ਆਪ ਨੂੰ ਹੀ ਥਾਪ ਦਿਤਾ ਗਿਆ ਨਿਰ ਵੇ, ਸੇ, ਸ਼, ਜ, ਦ, ਵਿਚ ਸ਼ਾਮਲ ਹੋਕੇ ਸ੍ਰੀ ਅਨੰਦ ਪੁਰ ਦੇ ਗੁਰਦੁਆਰੇ ਦੇ ਸੁਧਾਰ ਹਿਤ ਪੂਜਾ ਤੇ ਯੋਗ ਸੇਵਾ ਕੀਤੀ ਬਬਰ ਅਕਾਲੀਆਂ ਦੀ ਸੇਵਾ ਕਰਨ ਹਿਤ ਹੀ ਆਪ ਨੂੰ ਗਿਰਫਤਾਰ ਕੀਤਾ ਗਿਆ।

---

* ਜੇਹਲੋਂ ਬਾਹਰ ਆਕੇ ਏਹ 'ਬਬਰ ਲਹਿਰ ਗਰੀਬ ਦਾਸ ਨੇ ਪਿਤਾ ਜੀ ਦੀ ਮਦਦ ਨਾਲ ਤੀਆਰ ਕੀਤਾ ਕਿਉਂਕਿ ਇਨ੍ਹਾਂ ਨੇ ਪਹਿਲੇ ਤਾਰੀਖ ਵਾਰ ਸਾਰੀ ਚੀਜ਼ ਨੋਟ ਕੀਤੀ ਹੋਈ ਸੀ, ਤੇ ਹੋਰ ਦਰਿਆਫਤ ਕਰਕੇ ਵਡੀ ਮੇਹਨਤ ਨਾਲ ਤੀਆਰ ਕੀਤਾ, ਇਸ ਤੋਂ ਇਲਾਵਾ ਇਕ ਬੰਦੀ ਮੋਰਚ ਖਾਲਸਾ ਤੇ 'ਨਰਾਲੀ ਵਸਾਖੀ' 'ਅਮ੍ਰਿਤ ਦਾ ਜੋਹਰ' ਪੁਸਤਕ ਭੀ ਲਿਖੇ ਹਨ ਜੋ ਛੱਦਾ ਬੰਦੀ ਵਿਚ ਹਨ।

ਬ. ਅ: ਗਿ: ਕਰਤਾਰ ਸਿੰਘ ਜੀ ਨੰ. ੭੯

ਏਹ ਭਾ: ਸਾਹਬ ਭਾ: ਸੁਰਜਣ ਸਿੰਘ ਜੀ ਪਿੰਡ ਗੋਂਦਪੁਰ ਜ਼ਿਲਾ ਹੁਸ਼ਿਆਰਪੁਰ ਦੇ ਘਰ ਜਨਮੇ ਸਨ, ਵਡੇ ਹੋਕੇ ੪੧ ਸਿਖ ਪਲਟਣ ਵਿਚ ਭਰਤੀ ਹੋਗਏ ਉਥੇ ਦੀ ਸਤਿ ਸੰਗ ਦੇ ਕਾਰਣ, ਆਪ ਪਿਨਸ਼ਨ ਆਗਏ ੧੯੧੬ ਨੂੰ ਨੌਕਰੀ ਛਡ ਕੇ ਭਾ. ਜੁਵਾਲਾ ਸਿੰਘ ਜੀ ਪਾਸੋਂ ਰਾਗ ਵਿਦਿਆ ਸਿਖਦੇ ਰਹੇ ਰਾਗ ਦੇ ਚੰਗੇ ਜਾਣੂ ਹੋਕੇ ਗੁਰ ਮਤ ਦਾ ਪ੍ਰਚਾਰ ਕਰਨ ਲਗ ਗਏ, ਮਾਰਸ਼ਲਾ ਜਲਿਆਂ ਵਾਲੇ ਬਾਗ ਦੇ ਹਿਰਦੇ ਵਧਕ ਸਾਕੇ ਦੇ ਆਪ ਜੀ ਨੂੰ ਦੇਸ਼ ਦੀ ਅਜ਼ਾਦੀ ਵਲ ਰਜੂ ਕਰ ਦਿਤਾ ਪਿੰਡ ਦੇ ਜਥੇ ਦੇ ਜਥੇਦਾਰ ਆਪ ਨੂੰ ਹੀ ਯੋਗ ਸੇਵਕ ਸਮਝ ਕੇ ਥਾਪ ਦਿਤਾ ੨੨-੧-੨੨ ਨੂੰ ਸ਼ਿਰ ਵੈ. ਸੇ. ਸ਼ ਦੁਆਬਾ ਵਿਚ ਸ਼ਾਮਲ ਹੋਕੇ ਸ੍ਰੀ ਅਨੰਦਪੁਰ ਸਾਹਬ ਗਏ ਫਰਵਰੀ ੧੯੨੨ ਨੂੰ ੨੭ ਬੀ ਹੇਠ ਆਪ ਜੀ ਦਾ ਵਰੰਟ ਜਾਰੀ ਹੋ ਗਿਆ ੨੦ - ੭ - ੨੨ ਨੂੰ ਆਪ ਬਖੁਸ਼ੀ ਪੇਸ਼ ਹੋਗਏ ੬ - ੯ - ੨੨ ਨੂੰ ਇਕ ਸਾਲ ਕੈਦ ਦਿਤੀ ਗਈ। ਆਪ ਵਡੀ ਪ੍ਰਸੰਤਾ ਸਹਿਤ ਕਟਕੇ ਆਏ ਤੇ ਮੁੜ ਦੇਸ਼ ਦੀ ਸੇਵਾ ਵਿਚ ਜੁਟ ਗਏ ੧੮-੧੨- ੨੩ ਨੂੰ ਬਬਰ ਸਾਜਸ਼ ਵਿਚ ਗਿਰਫਤਾਰ ਕੀਤੇ ਗਏ।

ਬਬਰ ਅਕਾਲੀ ਭਾਈ ਸੁਰਜਣ ਸਿੰਘ ਜੀ ਨੰ: ੮੦

ਆਪ ਪਿੰਡ ਡੁਮੇਲੀ ਰਿਆਸਤ ਕਪੂਰਥਲਾ ਦੇ ਭਾ: ਸੁਚੇਤ ਸਿੰਘ ਜੀ ਦੇ ਘਰ ਪੈਦਾ ਹੋਏ ਤੇ ਵਡੇ ਹੋਕੇ ੪੧ ਸਿਖ ਪਲਟਣ ਵਿਚ ਭਰਤੀ ਹੋਗਏ ੧੯੧੭ ਨੂੰ ਆਪ ਪਿਨਸ਼ਨ ਆਗਏ, ਤੇ ਧਰਮ ਕਿਰਤ ਕਰਕੇ ਛਕਦੇ ਛਕੌਂਦੇ ਰਹੇ ਤੇ ਦੇਸ਼ ਸੇਵਕ ਬਬਰ ਅਕਾਲੀ ਚਕਰਵਰਤੀਆਂ ਦੀ ਸੇਵਾ ਤਨ ਮਨ ਦੁਆਰਾ ਕੀਤਾ ਕਰਦੇ ਸਨ ਇਸ ਅਪ੍ਰਾਧ ਵਿਚ ੯-੯-੨੩ ਨੂੰ ਗਿਰਫਤਾਰ ਕੀਤੇ ਗਏ।

ਬੱ: ਅਕਾਲੀ ਭਾਈ ਕਰਤਾਰ ਸਿੰਘ ਜੀ ਨੰ: ੯੧

ਏਹ ਭਾਈ ਸਾਹਿਬ ਭਾ. ਬਸੰਤ ਸਿੰਘ ਜੀ ਦੇ ਧਾਮ ਪਿੰਡ ਡੁਮੇਲੀ ਰਿਆਸਤ ਕਪੂਰਥਲਾ ਵਿਚ ਪੈਦਾ ਹੋਏ, ਆਪ ਦੇ ਮਾਪਿਆਂ ਨੇ ਆਪ ਨੂੰ ਗੁਰਮੁਖੀ ਵਿਦਿਆ ਪੜ੍ਹਨ ਲਾ ਦਿਤਾ ਚੰਗੀ ਵਿਦਿਆ ਪ੍ਰਾਪਤ ਕਰਦੇ ਖੇਤੀ ਬਾੜੀ ਦਾ ਕੰਮ ਕਰਦੇ ਹੋਏ ਧਰਮ ਕਿਰਤ ਵਿਚੋਂ ਵੰਡ ਛਕਦੇ ਰਹੇ ਦੀਵਾਨਾ ਜਲਸਿਆਂ ਵਿਚ ਹਾਜ਼ਰ ਹੋਕੇ ਯੋਗ ਸੇਵਾ ਕਰਦੇ ਰਹੇ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਸਭ ਤੋਂ ਪਹਿਲਾਂ ਆਪ ਗਏ ਸਨ, ਫਿਰ ਸੂਹੁ ਸਤੰਬਰ ੧੯੨੨ ਨੂੰ ਆਪ ਮਾਰ ਖਾਣ ਵਾਲੇ ਜਥੇ ਵਿਚ ਸ਼ਾਮਲ ਹੋਕੇ ਗੁਰੂ ਕੇ ਬਾਗ ਜਾਕੇ ਮਾਰ ਖਾਦੀ ਤੇ ੧੯–੧੦–੨੨ ਨੂੰ ਗਿਰਫਤਾਰ ਹੋਣ ਵਾਲੇ ਜਥੇ ਵਿਚ ਗਏ ੧–੧੧–੨੨ ਨੂੰ ਢਾਈ ਸਾਲ ਦੀ ਕੈਦ ਆਪ ਨੂੰ ਦਿਤੀ ਗਈ ਪਰ ੧੮ – ੪ – ੨੩ ਨੂੰ ਆਪ ਅ. ਕੈਦੀਆਂ ਨਾਲ ਰਿਹਾ ਹੋਕੇ ਘਰ ਔਂਦੇ ਹੀ ਮੁੜ ਦੇਸ਼ ਦੀ ਸੇਵਾ ਹਿਤ ਜੁਟ ਗਏ ਪਰ ਐਸੇ ਸੇਵਕਾਂ ਦਾ ਜੇਹਲੋਂ ਬਾਹਰ ਰਹਿਣ ਪੁਲਸ ਨੂੰ ਕਦੋਂ ਭੌਂਦਾ ਸੀ ਆਖਰ ੧ - ੧੧ - ੨੩ ਤੇ ਬਬਰ ਅਕਾਲੀ ਸਾਜਸ਼ ਵਿਚ ਗਿਰਫਤਾਰ ਕੀਤੇ ਗਏ।

ਬੱ: ਅਕਾਲੀ ਭਾਈਕਰਤਾਰ ਸਿੰਘ ਜੀ ਭੁਜੰਗੀ ਨੰ: ੯੨

ਏਹ ਭੁਝੰਗੀ ਭਾ. ਦਗਾ ਸਿੰਘ ਜੀ ਦੇ ਘਰ ਪਿੰਡ ਡੁਮੇਲੀ ਰਿਆਸਤ ਕਪੂਰਥਲਾ ਵਿਖੇ ਪੈਦਾ ਹੋਇਆ ਅਰ ਖੇਤੀ ਪਤੀ ਦਾ ਕੰਮ ਕਰਦਾ ਰਿਹਾ। ਦੀਵਾਨ ਵਿਚ ਜਾਣ ਦੇ ਕਾਰਨ ਸਿਖੀ ਨਾਲ ਪਰੇਮ ਹੋਗਿਆ ਦੇਸ਼ ਸੇਵਾ ਦਾ ਉਤਸ਼ਾਹ ਪੈਦਾ ਹੋਗਿਆ ਬਬਰ ਅਕਾਲਿਆਂ ਦੇ ਪ੍ਰਚਾਰ ਸੁਣ ਤੇ ਕਰੋਣ ਅਤੇ ਦੇਸ਼ ਸੇਵਕਾਂ ਨੂੰ ਪਨਾਂਹ ਦੇਣ ਦੇ ਕਾਰਨ ਆਪ ਨੂੰ ੧੬ ਸਾਲ ਦੀ ਉਮਰ ਵਿਚ ਗਿਰਫਤਾਰ ਕਰਕੇ ਬ. ਅਕਾਲੀ ਸਾਜਸ਼ ਵਿਚ ਲਪੇਟ ਲਿਆ।

ਬ: ਅਕਾਲੀ ਭਾਈ ਦਰਬਾਰਾ ਸਿੰਘ ਜੀ ਨੰ. ੯੩

ਏਹ ਭਾਈ ਸਾਹਿਬ ਸ. ਮੰਗਲ ਸਿੰਘ ਜੀ ਦੇ ਘਰ ਪਿੰਡ ਪਲਾਹੀ ਰਿਆਸਤ ਕਪੂਰਥਲਾ ਵਿਚ ਪੈਦਾ ਹੋਇਆ ਖੇਤੀ ਦਾ ਕੰਮ ਕਰਦੇ ਹੋਏ ਧਰਮ ਕਿਰਤ ਕਰ ਵੰਡ ਛਕਦੇ ਰਹੇ ਦੇਸ਼ ਸੇਵਕਾਂ ਦੀ ਭਲੀ ਪ੍ਰਕਾਰ ਸੇਵਾ ਕਰਦਾ ਰਿਹਾ ਗੁਰ ਸਿਖ ਹੋਣ ਦੇ ਕਾਰਨ ਹੀ ਆਪ ਜੀ ਨੂੰ ਪੁਲਸ ਨੇ ਫੜ ਕੇ ਬਬਰ ਸਾਜਸ਼ ਵਿਚ ਅੜਾ ਦਿਤਾ।

ਬ. ਅ: ਭਾਈ ਚੰਦਾ ਸਿੰਘ ਜੀ ਨੰ: ੯੪

ਆਪ ਭਾਈ ਹੀਰਾ ਸਿੰਘ ਜੀ ਦੇ ਘਰ ਪਿੰਡ ਪਲਾਹੀ ਰਿਆਸਤ ਕਪੂਰਥਲਾ ਵਿਚ ਪੈਦਾ ਹੋਏ ਖੇਤੀ ਦਾ ਕੰਮ ਕਰਦੇ ਧਰਮ ਕਿਰਤ ਵਿਚੋਂ ਵੰਡ ਛਕਦੇ ਰਹੇ ਸਿੰਘਸਭਾ ਦੇ ਆਪ ਪਕੇ ਹਾਮੀ ਸੀ, ਆਪ ਦੇ ਉਦਮ ਨਾਲ ਹੀ ਆਪ ਜੀ ਦੇ ਪਿੰਡ ਵਿਚ ਖਾਲਸਾ ਸਕੂਲ ਜਾਰੀ ਹੋਗਿਆ ਜਿਸ ਦੀ ਕਮੇਟੀ ਦੇ ਪਰੈਜ਼ੀਡੈਂਟ ਆਪ ਹੀ ਸਨ ਇਕ ਸੇਵਕ ਜਥਾ ਆਪਣੇ ਪਿੰਡ ਤੀਆਰ ਕੀਤਾ ਜੋ ਅਮਰਤ ਪ੍ਰਚਾਰ ਕਰਕੇ ਭਲੇ ਲੋਕਾਂ ਨੂੰ ਸਿਖ ਮੰਡਲ ਵਿਚ ਲਿਔਂਦਾ ਸੀ, ਕਾਂਗਰਸ ਕਮੇਟੀ ਤੇ ਪੰਚੇਤ ਕੈਮ ਕੀਤੀ ਜੋ ਪਿੰਡ ਦੇ ਝਗੜੇ ਆਪ ਹੀ ਨਜਿਠਿਆ ਕਰਦੀ ਸੀ ਮਾਰਸ਼ਲਾ ਦੇ ਸਮੇਂ ਨਾਲ ਮੈਦਾਨ ਵਿਚ ਆਗਏ ਦੇਸ਼ ਸੇਵਕਾਂ ਦੀ ਸੇਵਾ ਉਤਸ਼ਾਹ ਕੀਤਾਂ ਕਰਦੇ ਸਨ, ਗੁਰੂ ਕੇ ਬਾਗ ਦੇ ਮੋਰਚੇ ਸਮੇਂ ਗੁਰੂ ਕੇ ਬਾਗ ਗਿਰਫਤਾਰ ਹੋਣ ਵਾਲੇ ਜਥੇ ਵਿਚ ਗਏ ਤੇ ੧੦-੧੦-੨੨ ਨੂੰ ੬ ਮਹੀਨੇ ਦੀ ਕੈਦ ਦਿਤੀ ਗਈ ਜੋ ਪ੍ਰਸੰਤਾ ਸਹਿਤ ਭੁਗਤ ਆਏ ਜੇਹਲ ਯਾਤਰਾ ਤੋਂ ਆਕੇ ਫਿਰ ਦੇਸ਼ ਸੇਵਾ ਵਿਚ ਜੁਟ ਗਏ ਬਬਰ ਅਕਾਲੀ ਜਥੇ ਦੀ ਸੇਵਾ ਤਨ ਮਨ ਦੁਆਰਾ ਯੋਗ ਕਰਦੇ ਹੋਏ ਜ਼ਾਲਮ ਹਕੂਮਤ ਨੂੰ ਨਾ ਭਾਏ ੨੩ ਹਾੜ ਸਨ ੨੩ ਵਿਚ ਗਿਰਫਤਾਰ ਕੀਤੇ ਗਏ।

ਬ. ਅਕਾਲੀ ਭਾਈ ਮੂਲਾ ਸਿੰਘ ਜੀ ਨੰ. ੯੫

ਏਹ ਭਾਈ ਸਾਹਿਬ ਪਿੰਡ ਪਲਾਹੀ ਰਿਆਸਤ ਕਪੂਰਥਲਾ ਦੇ ਭਾਈ ਰਣ ਸਿੰਘ ਜੀ ਦੇ ਘਰ ਪੈਦਾ ਹੋਏ, ਖੇਤੀ ਦਾ ਕੰਮ ਕਰਦੇ ਹੋਏ ਧਰਮ ਕਿਰਤ ਕਰਦੇ ਵੰਡ ਛਕਦੇ ਛਕੌਂਦੇ ਰਹੇ ਆਪ ਸ਼ੁਧੀ ਦੇ ਤਕੜੇ ਹਾਮੀ ਸਨ, ਸਭ ਤੋਂ ਵਧਕੇ ਆਪ ਜੀ ਵਿਚ ਏਹ ਵਸ਼ੇਸ਼ ਗੁਣ ਸੀ ਦੇਸ਼ ਤੇ ਕੌਮ ਤੋਂ ਮਰ ਮਿਟਣ ਵਾਲੇ ਸਨ ਤੇ ਦੇਸ਼ ਸੇਵਕਾਂ ਦੀ ਸੇਵਾ ਤਨ ਮਨ ਦੁਆਰਾ ਤਾਂ ਪਹਿਲੇ ਤੋਂ ਹੀ ਕਰਦੇ ਸਨ, ਤੇ ਬਬਰ ਅਕਾਲੀ ਜਥੇ ਦੇ ਮੈਂਬਰ ਹੋਣ ਦੇ ਕਾਰਨ ਆਪ ਨੂੰ ੧੯ ਅਸੂ ੧੯੨੩ ਨੂੰ ਗਿਰਫਤਾਰ ਕਰ ਲਿਆ।

ਬਬਰ ਅਕਾਲੀ ਭਾਈ ਧਰਮ ਸਿੰਘ ਜੀ ਨੰ: ੯੬

ਏਹ ਗੁਰਮੁਖ ਭਾ. ਬੇਲਾ ਸਿੰਘ ਜੀ ਦੇ ਘਰ ਪਿੰਡ ਪਲਾਹੀ ਰਿ. ਕਪੂਰਥਲਾ ਵਿਚ ਜਨਮੇ, ਆਪ ਜੀ ਦੇ ਮਾਪਿਆਂ ਨੇ ਆਪ ਨੂੰ ਬਾਲੀ ਉਮਰੇ ਹੀ ਗੁਰਮੁਖੀ ਵਿਦਿਆ ਪੜਨ ਲਾ ਦਿਤਾ, ਚੰਗੀ ਵਿਦਿਆ ਹਾਸਲ ਕਰਕੇ ਧਰਮ ਕਿਰਤ ਕਰਕੇ ਛਕਦੇ ਛਕੌਂਦੇ ਰਹੇ, ਤੇ ਪ੍ਰਚਾਰ ਦੀ ਸੇਵਾ ਵਿਚ ਜੁਟ ਗਏ, ਸਿਖੀ ਅਸੂਲਾਂ ਦੇ ਧਾਰਨੀ ਸਨ, ਡਾਢੇ ਪਰੇਮੀ ਤੇ ਗੁਰਮੁਖ ਸਿਖ ਹਨ, ਦੇਸ਼ ਸੇਵਕਾਂ ਦੀ ਸੇਵਾ ਤੇ ਦੇਸ਼ ਸੇਵਾ ਤਨ ਮਨ ਨਾਲ ਕਰਦੇ ਸਨ ਜਿਸ ਕਰਕੇ ੧੮ ਮੱਘਰ ੧੯੨੩ ਨੂੰ ਬਬਰ ਅਕਾਲੀ ਸਾਜਸ਼ ਦੇ ਸਕੰਜੇ ਵਿਚ ਜਕੜਨ ਲਈ ਗਿਰਫਤਾਰ ਕਰਕੇ ਜੇਹਲ ਵਿਚ ਪਾ ਦਿਤਾ।

ਬ. ਅਕਾਲੀ ਭਾਈ ਚੇਂਚਲ ਸਿੰਘ ਜੀ ਨੰ: ੯੭

ਇਸ ਸਜਣ ਨੇ ਭਾਈ ਵਰਿਆਮ ਸਿੰਘ ਜੀ ਪਿੰਡ ਸੰਗਤਪੁਰ ਰਿ. ਕਪੂਰਥਲਾ ਦੇ ਘਰ ਜਨਮ ਲਿਆ ਏਹ ਪਰੇਮੀ ਧਰਮ ਕਿਰਤ

ਕਰਕੇ ਵੰਡ ਛਕਣ ਵਾਲਾ ਆਦਮੀ ਸੀ, ਬਬਰ ਜਥੇ ਦੀ ਸੇਵਾ ਦੇ ਅਪ੍ਰਾਧ ਵਿਚ ਆਪ ਗਿਰਫਤਾਰ ਕੀਤੇ ਗਏ।

ਬ. ਅਕਾਲੀ ਭਾਈ ਦਲੀਪ ਸਿੰਘ ਜੀ ਨੰ ੯੯

ਇਸ ਭਾ: ਸਾਹਿਬ ਨੇ ਪਿੰਡ ਮਾਣਕ ਰਿ. ਕਪੂਰਥਲਾ ਦੇ ਭਾ: ਦਸੌਂਧਾ ਸਿੰਘ ਜੀ ਦੇ ਘਰ ਜਨਮ ਲੀਤਾ ਅਤੇ ਖੇਤੀ ਦਾ ਕੰਮ ਕਰਦੇ ਹੋਏ ਧਰਮ ਕਿਰਤ ਕਰਕੇ ਵੰਡ ਛਕਦੇ ਰਹੇ ਆਪ ਚੰਗੇ ਪਰੇਮੀ ਗੁਰਮੁਖ ਹਨ, ਪਿੰਡ ਦੇ ਜਥੇ ਦੇ ਆਪ ਜਥੇਦਾਰ ਹਨ ਤੇ ਆਪ ਚੰਗੀ ਸੇਵਾ ਤਨ ਮਨ ਦੁਆਰਾ ਕਰਦੇ ਰਹੇ ਤੇ ਆਪ ਜੀ ਦਾ ਵਰੰਟ ਰਿਆਸਤ ਵਲੋਂ ਜਾਰੀ ਕੀਤਾ ਗਿਆ ਤੇ ਆਪ ਚਕਰ ਵਰਤੀ ਹੋਕੇ ਸ਼ਹੀਦ ਭਾਈ, ਅਮਰ ਸਿੰਘ ਬਬਰ ਨਾਲ ਫਿਰ ਫੁਰ ਕੇ ਪ੍ਰਚਾਰ ਦੀ ਸੇਵਾ ਕਰਦੇ ਰਹੇ ਕੁਝ ਕਾਲ ਬਾਧ ਕੁਝ ਕੁ ਸਿਖਾਂ ਦੇ ਵਾਰੰਟ ਰਿਆਸਤ ਵਲੋਂ ਵਾਪਸ ਲਏ ਤੇ ਆਪ ਜੀ ਦਾ ਵਾਰੰਟ ਭੀ ਵਾਪਸ ਲੈ ਲੀਤਾ, ਫਿਰ ਆਪ ਪਿੰਡ ਧਰਮ ਕਿਰਤ ਕਰਕੇ ਦੇਸ਼ ਸੇਵਕਾਂ ਦੀ ਸੇਵਾ ਕਰਦੇ ਰਹੇ ਤੇ ਆਖਰ ੧੯ ਅਸੂ ੧੯੨੩ ਨੂੰ ਫਿਰ ਗਿਰਫਤਾਰ ਕਰਕੇ ਬਬਰ ਅਆਲੀ ਜਥੇ ਦੀ ਸਾਜ਼ਸ਼ ਜਕੜ ਲਏ।

ਬ. ਅਕਾਲੀ ਸੂਬੇਦਾਰ ਅਮਰ ਸਿੰਘ ਜੀ ਨੰ. ੯੯

ਆਪ ਭਾਈ ਨਥਾ ਸਿੰਘ ਜੀ ਦੇ ਘਰ ਪਿੰਡ ਧਾਰੀਵਾਲ ਰਿ. ਕਪੂਰਥਲਾ ਵਿਚ ਪੈਦਾ ਹੋਏ ਵਡੇ ਹੋਕੇ ਚੇਤਰ ੧੯੫੬ ਵਿਕਰਮੀ ਵਿਚ ਰਿ: ਕਪੂਰਥਲਾ ਦੀ ਪਹਿਲੀ ਪਲਟਣ ਵਿਚ ਭਰਤੀ ਹੋਗਏ ਅਗਸਤ ੧੯੨੨ ਨੂੰ ਸੂਬੇਦਾਰੀ ਪਿਨਸ਼ਨ ਲੈਕੇ ਘਰ ਆਗਏ. ਤੇ ਰਿ. ਕਪੂਰਥਲਾ ਦੇ ਜਥੇ ਵਲੋਂ ਆਪ ਨੂੰ ਜਥੇਦਾਰ ਥਾਪ ਦਿਤਾ ਗਿਆ ਜਥੇ ਨੂੰ ਲੈਕੇ ਗੁਰੂ ਕੇ ਬਾਗ ਜਾਕੇ ਮਾਰ ਖਾਣ ਵਾਲੇ ਜਥੇ ਦੇ ਮੀਤ ਜਥੇਦਾਰ ਹੋਕੇ ੬–੯–੨੨ ਨੂੰ ਗੁਰੂ ਕੇ ਬਾਗ ਜਾਕੇ ਮਾਰ ਖਾਧੀ ਦੂਜੀ ਵਾਰ ਫਿਰ ਰਿ.

ਦੇ ਜਥੇ ਨੂੰ ਲੈਕੇ ੧੯–੯– ੨੨ ਨੂੰ ਗੁਰੂ ਕੇ ਬਾਗ ਗਏ, ਚੰਦ ਦਿਨ ਬਾਧ ਸਰੋਮਣੀ ਗਪ੍ਰ. ਕ: ਦਾ ਸੰਦੇਸਾ ਪੁਜਣ ਪਰ ਆਪ ਸ੍ਰੀ ਅਮ੍ਰਿਤਸਰ ਪਹੁੰਚੇ ਤੇ ਪਿਨਸ਼ਨੀ ਜਥੇ ਦੇ ਜਥੇਦਾਰ ਨੀਯਤ ਕੀਤੇ। ਗਿਰਫਤਾਰ ਹੋਣ ਵਾਲਾ ਜਥਾ ੨੨ --੧੦ ੨੨ ਨੂੰ ਗੁਰੂ ਕੇ ਬਾਗ ਲੈਕੇ ਗਏ ਆਪ ਨੂੰ ਢਾਈ ਸਾਲ ਕੈਦ ਦਿਤੀ ਗਈ, ਜਦ ਆਪ ਕੈਦ ਹੋਕੇ ਕੈਮਲਪੁਰ ਸਟੇਸ਼ਨ ਤੇ ਪੁਜੇ ਤੇ ਉਥੋਂ ਦੇ ਪੋਲੀਸ ਅਫਸਰ ਸਪ੍ਰਿੰਟੰਡੰਟ ਨੇ ਜੈਕਾਰਾ ਗਜੌਣ ਦੇ ਅਪ੍ਰਾਧ ਵਿਚ ਆਪ ਜੀ ਦੇ ਇਕ ਅਜੇਹਾ ਪਥਰ ਮਾਰਿਆ ਕਿ ਆਪ ਦਾ ਜਬਿਆੜਾ ਟੁਟ ਗਿਆ ਤੇ ਆਪ ਨੂੰ ਬੁਢਿਆਂ ਵਿਚ ਦਸੰਬਰ ੧੯੨੨ ਨੂੰ ਛਡ ਦਿਤਾ ਗਿਆ ਤੇ ਮੁੜ ਕੌਮੀ ਸੇਵਾ ਵਿਕ ਲਗ ਗਏ, ਸ਼੍ਰੋਮ: ਗੁ ਦੁ. ਪ੍ਰ. ਕ: ਦੇ ਮੇਂਬਰ ਚੁਣੇ ਗਏ, ਤੇ ਆਪ ਦੇਸ਼ ਸੇਵਕ ਬਬਰ ਅਕਾਲੀ ਦੀ ਯੋਗ ਸੇਵਾ ਕਰਦੇ ਹੋਏ ੨੨–੭ - ੨੩ ਨੂੰ ਗਿਰਫਤਾਰ ਕੀਤੇ ਗਏ।

ਬ. ਅਕਾਲੀ ਭਾਈ ਲਖਾਂ ਸਿੰਘ ਜੀ ਨੰ. ੯੦

ਆਪ ਸਰਦਾਰ ਗੰਗਾ ਸਿੰਘ ਜੀ ਦੇ ਘਰ ਪਿੰਡ ਕੋਟ ਪਤੂਹੀ ਜ਼ਿਲਾ ਹੁਸ਼ਿਆਰਪੁਰ ਵਿਚ ਪੈਦਾ ਹੋਏ ਧਰਮ ਕਿਰਤ (ਖੇਤੀ ਬਾੜੀ) ਕਰਕੇ ਵੰਡ ਛਕਦੇ ਰਹੇ, ਆਪ ਆਪਣੇ ਪਿੰਡ ਰਾਜਸੀ ਦੀਵਾਨ ਰਖਕੇ ਅਜ਼ਾਦੀ ਹਿਤ ਪ੍ਰਚਾਰ ਕਰਕੇ ਤਨ ਮਨ ਦੁਆਰਾ ਦੇਸ ਸੇਵਾ ਕਰਦੇ ਰਹੇ (੧੯21–੨੨ ਨੂੰ ਆਪਣੇ ਪਿੰਡ ਪੋਲੀਟੀਕਲ ਦੀਵਾਨ ਕਰਾਕੇ ਮਾਸਟਰ ਜੀ ਦੇ ਲੈਕਚਰ ਕਰਕੇ ਇਲਾਕੇ ਵਿਚ ਦੇਸ਼ ਭਗਤੀ ਦਾ ਰੰਗ ਭਰਿਆ) ਗੁਰੂ ਕੇ ਬਾਗ ਦੇ ਮੋਰਚੇ ਸਮੇਂ ਆਪ ਮਾਰ ਖਾਣ ਵਾਲੇ ਜਥੇ ਵਿਚ ਸ਼ਾਮਲ ਹੋਕੇ ਮਾਰ ਖਾਦੀ ਦੇਸ਼ ਸੇਵਕ ਤੇ ਬਬਰ ਅਕਾਲੀਆਂ ਦੀ ਸੇਵਾ ਕਰਨ ਦੇ ਅਪ੍ਰਾਧ ਵਿਚ ੨੨–੪–੨੩ ਨੂੰ ਆਪ ਨੂੰ ਗਿਰਫਤਾਰ ਕਰਕੇ ਬ. ਸਾਜਸ਼ ਵਿਚ ਲਪੇਟ ਲਿਆ, ਪਰ ਕਮਿੰਟਿੰਗ ਮੁਜਸਟਰੇਟ ਬੁਲ ਦੀ ਅਦਾਲਤ ਵਿਚੋਂ ਮੁਕਦਮਾਂ ਸ਼ੇਸ਼ਨ ਸਪੁਰਦ ਕਰਨ ਵੇਲੇ ਹੇਠ ਲਿਖੇ ਜੁਰਮ ਵਿਚੋਂ ਬਰੀ ਕਰ ਦਿਤਾ ਬਬਰ ਅਕਾਲੀਆਂ ਨੂੰ ਪਨਾਹ

ਦੋਲੀ ਵੇਹਦਾ ਮੁਆਫ਼ ਅਮਰ ਸਿੰਹੁ ਸਨਿਆਰਾ।

ਹੇਠ ਲਿਖੇ ਚਾਰ ਦੇਸ਼ ਸੇਵਕ ਕਿਰਤੀ ਹੋਣ ਤੇ ਦੇਸ਼ ਸੇਵਕਾਂ ਦੀ ਸੇਵਾ ਕਰਨ ਦੇ ਅਪ੍ਰਾਧ ਵਿਚ ੨੨-੪-੨੩ ਨੂੰ ਬਬਰ ਅਕਾਲੀ ਸਾਜਸ਼ ਵਿਚ ਪੁਲਸ ਨੇ ਗਿਰਫਤਾਰ ਕੀਤੇ. ਪਰ ਕਮਿੰਟਿੰਗ ਮੁਜਸਟਰੇਟ ਬੁਲ ਨੇ ੪-੪-੨੪ ਨੂੰ ਬਰੀ ਕਰ ਦਿਤੇ ਜਦ ਕਿ ਉਕਤ ਮੁਕਦਮਾਂ ਸ਼ੈਸ਼ਨ ਸਪੁਰਦ ਕੀਤਾ।

ਨੰ: ੯੧ ਭਾ. ਭੋਲਾ ਸਿੰਘ ਜੀ ਵਲਦ ਬਸੰਤ ਸਿੰਘ
ਨੰ. ੯੨ ਬਾਵਾ ਸਿੰਘ ਜੀ ਬ. ਵਲਦ ਪ੍ਰਤਾਪ ਸਿੰਘ
ਨੰ. ੯੩ ਗੋਕਲ ਸਿੰਘ ਜੀ ਵਲਦ ਪਤਾਪ ਸਿੰਘ ਜੀ
ਨੰ: ੯੪ ਭਾ. ਜਗਤ ਸਿੰਘ ਜੀ ਵਲਦ ਮੰਗਲ ਸਿੰਘ

ਹੇਠ ਲਿਖੇ ਪੰਜ ਬਬਰ ਅ. ਸਿੰਘ ਜੇਹਲ ਨੌਕਰ ਸ਼ਾਹੀ ਦੀ ਬਦਇੰਤਜ਼ਾਮੀ ਤੇ ਬੀਮਾਰੀ ਅਰ ਖ਼ੁਰਾਕ ਦਾ ਯੋਗ ਪ੍ਰਬੰਧ ਨਾ ਕਰਨ ਕਰਕੇ ਹੇਠ ਲਿਖੀਆਂ ਤਾਰੀਖਾਂ ਅਨੁਸਾਰ ਸੈਂਟਰਲ ਜੇਹਲ ਲਾਹੌਰ ਵਿਚ ਸ਼ਹੀਦ ਹੋਗਏ।

ਬਃ ਭਾ. ਚਤਰ ਸਿੰਘ ਜੀ ਨੰ: ੯੫

ਏਹ ਭਾਈ ਸਾਹਿਬ ਸਰਦਾਰ ਭੂਪ ਸਿੰਘ ਜੀ ਦੇ ਘਰ ਪਿੰਡ ਕੌਦਲਾਂ ਜ਼ਿਲਾ ਜਾਲੰਧਰ ਵਿਖੇ ਪੈਦਾ ਹੋਏ ਸਨ ਤੇ ਵਡੇ ਹੋਕੇ ਪਲਟਣ ਨੰ. ੧੯ ਪੰਜਾਬੀ ਵਿਚ ਨੌਕਰ ਹੋਗਏ ਪਰ ਕੌਮੀ ਲਹਿਰ ਦੇ ਅਰੰਭ ਹੁੰਦਿਆਂ ਹੀ ੧੯੨੦ ਨੂੰ ਨਾ ਮਿਲ ਵਰਤਨ ਦੇ ਅਸੂਲ ਅਨੁਸਾਰ ਨਾਮ ਕਟਾ ਆਇਆ ਤੇ ਔਂਦੇ ਹੀ ਦੇਸ਼ ਦੀ ਅਜ਼ਾਦੀ ਹਿਤ ਪ੍ਰਚਾਰ ਕਰਨ ਵਿਚ ਜੁਟ ਗਏ ਤੇ ੧੨੪ (ੳ) ਹੇਠ ਆਪ ਨੂੰ ਡੇਢ ਸਾਲ ਕੈਦ ੬-੬-

੨੩ ਨੂੰ ਦਿਤੀ ਗਈ ਸਜ਼ਾ ਪੂਰੀ ਹੋਣ ਤੇ ਪਹਿਲਾਂ ਹੀ ਆਪ ਨੂੰ ਬਬਰ ਅਕਾਲੀ ਸਾਜਸ਼ ਵਿਚ ਲਪੇਟਨ ਲਈ ੧੬-੭-੨੩ ਨੂੰ ਉਕਤ ਮੁਕਦਮੇਂ ਵਿਚ ਬੁਲਾਕੇ ਮੁਲਜ਼ਮ ਬਣਾਇਆ ਪਰ ਆਪ ਨਮੂਨੀਏ ਦੀ ਬੀਮਾਰੀ ਨਾਲ ੨੧-੧੨-੨੩ ਨੂੰ ਅਕਾਲ ਚਲਾਣਾ ਕਰ ਗਏ।

ਬ. ਅਕਾਲੀ ਭਾਈ ਸੁੰਦਰ ਸਿੰਘ ਜੀ ਨੰ. ੯੬

ਆਪ ਜਥੇਦਾਰ ਸਰਦਾਰ ਸੋਭਾ ਸਿੰਘ ਜੀ ਦੇ ਧਾਮ ਪਿੰਡ ਹਿਆਤਪੁਰ ਰੁੜਕੀ ਜ਼ਿਲਾ ਹੁਸ਼ਿਆਰਪੁਰ ਵਿਖੇ ਪੈਦਾ ਹੋਏ ਵਡੇ ਹੋਕੇ ੧੯੧੬ ਨੂੰ ੩੨ ਨੰ. ਰਸਾਲੇ ਵਿਚ ਭਰਤੀ ਹੋਗਏ ਪਰ ੧੯੨੦ ਨੂੰ ਨਾ ਮਿਲਵਰਤਨ ਦੇ ਅਸੂਲ ਅਨੁਸਾਰ ਨੌਕਰੀ ਛਡਕੇ ਆਗਏ ਤੇ ਦੇਸ਼ ਦੀ ਅਜ਼ਾਦੀ ਹਿਤ ਤਨ ਮਨ ਦੁਆਰਾ ਸੇਵਾ ਕਰਦੇ ਰਹੇ, ੧੨-੧-੨੨ ਨੂੰ ਨਿ. ਵੈ: ਸੇ. ਸ਼: ਜ: ਦੁਆਬਾ ਵਿਚ ਸ਼ਾਮਲ ਹੋਕੇ ਸ੍ਰੀ. ਅਨੰਦਪੁਰ ਦੇ ਗੁਰਦੁਆਰੇ ਦੇ ਕਬਜੇ ਹਿਤ ਪੁਜੇ ਤੇ ਯੋਗ ਸੇਵਾ ਕਰਦੇ ਰਹੇ, ਦੇਸ਼ ਸੇਵਕ ਬਬਰ ਅਕਾਲੀ ਜਥੇ ਦੇ ਮੈਂਬਰ ਬਣਕੇ ਝੋਲੀ ਚੁਕ ਦੀਵਾਨ ਦਾ (ਸੁਧਾਰ ਕਤਲ ਦੁਆਰਾ) ਸ਼ਹੀਦ ਭਾਈ ਉਦੇ ਸਿੰਘ ਜੀ ਨਾਲ ਮਿਲ ੧੩-੨-੨੩ ਨੂੰ ਕੀਤਾ, ਤੇ ਆਪ ਯੋਗ ਸੇਵਾ ਕਰਦੇ ਹੋਏ ੧-੮-੨੩ ਨੂੰ ਗਿਰਫਤਾਰ ਹੋ ਗਏ ਤੇ ੧੩-੧੨-੨੪ ਨੂੰ ਨਮੂਨੀਏ ਦੀ ਬੀਮਾਰੀ ਨਾਲ ਫੈਸਲੇ ਤੋ ਪਹਿਲੇ ਹੀ ਅਕਾਲ ਚਲਾਣਾ ਕਰਗਏ।

ਬ: ਅਕਾਲੀ ਭਾਈ ਅਮਰ ਸਿੰਘ ਜੀ ਨੰ. ੯੭

ਆਪ ਭਾਈ ਬਸੰਤ ਸਿੰਘ ਜੀ ਦੇ ਘਰ ਪੰਡੋਰੀ ਨਿਝਰਾਂ ਜ਼ਿਲਾ ਜਾਲੰਧਰ ਵਿਖੇ ਪੈਦਾ ਹੋਏ ਧਰਮ ਕਿਰਤ ਕਰਕੇ ਵੰਡ ਛਕਦੇ ਰਹੇ ਡਾਢੇ ਪ੍ਰੇਮੀ ਪੁਰਸ਼ ਸਨ ਦੇਸ਼ ਸੇਵਾ ਤਨ ਮਨ ਦੁਆਰਾ ਕਰਦੇ ਹੋਏ ਪੁਲਸ

ਨੇ ੨੭–੪–੨੩ ਨੂੰ ਗਿਰੰਰਤਾਰ ਕਰ ਲਏ ਮੁਕਦਮੇ ਦਾ ਫੈਸਲਾ ਹੋਣ ਤੋਂ ਪਹਿਲੇ ਹੀ ੧੯–੧੧–੨੪ ਨੂੰ ਅਕਾਲ ਚਲਾਣਾ ਕਰਗਏ।

ਬ: ਅਕਾਲੀ ਭਾਈ ਸਾਧਾ ਸਿੰਘ ਜੀ ਨੰ ੯੮

ਏਹ ਸਜਣ ਜੀ ਸਰਦਾਰ ਨਰੈਣ ਸਿੰਘ ਜੀ ਦੇ ਘਰ ਪੰਡੋਰੀ ਨਿਝਰਾਂ ਜ਼ਿਲਾ ਜਾਲੰਧਰ ਵਿਚ ਪੈਦਾ ਹੋਏ ਤੇ ਮਾਪਿਆਂ ਨੇ ਨਿਕੇ ਹੁੰਦੇ ਹੀ ਪੜਨੇ ਪਾ ਦਿਤੇ ਆਪ ਕੁਝ ਕਾਲ ਉਰਦੂ ਗੁਰਮੁਖੀ ਪੜ੍ਹਕੇ ਖੇਤੀ ਦੇ ਕੰਮ ਵਿਚ ਲਗਕੇ ਧਰਮ ਕਿਰਤ ਕਰਨ ਲਗ ਗਏ ਮਾਰਚ ੧੯੨੩ ਵਿਚ ਆਪ ਬਬਰ ਅਕਾਲੀ ਜਥੇ ਦੇ ਮੈਂਬਰ ਬਣ ਗਏ, ਅਰ ਆਪ ਨੰਗਲ ਸ਼ਾਮਾਂ ਵਾਲੇ ਬੂਟੇ ਨੰਬਰ ਦੇ ਕਤਲ ਵਿਚ ਸ਼ਾਮਲ ਹੋਕੇ ਸੁਧਾਰ ਕੀਤਾ, ਦੇਸ਼ ਦੀ ਤੇ ਦੇਸ਼ ਸੇਵਕਾਂ ਦੀ ਯੋਗ ਸੇਵਾ ਕਰਦਾ ਹੋਇਆ ੨੨ - ੪ - ੨੩ ਨੂੰ ਗਿਰਫਤਾਰ ਕੀਤਾ ਗਿਆ, ਪਰ ਮੁਕਦਮੇ ਦੇ ਫੈਸਲੇ ਤੋਂ ਪਹਿਲਾਂ ਹੀ ੧੯–੧੨–੨੪ ਨੂੰ ਅਕਾਲ ਚਲਾਣਾ ਕਰ ਗਏ।

ਬਾਬ ਵਰਿਆਮ ਸਿੰਘ ਜੀ ਨੰ: ੯੯

ਏਹ ਬਾਬਾ ਜੀ ਭਾਈ ਨਰੈਣ ਸਿੰਘ ਜੀ ਦੇ ਘਰ ਕੋਟ ਫ਼ਤੂਹੀ ਜ਼ਿਲਾ ਹੁਸ਼ਿਆਰਪੁ ਵਿਖੇ ਪੈਦਾ ਹੋਏ ਸਨ ਧਰਮ ਕਿਰਤ ਕਰਕੇ ਦੇਸ਼ ਸੇਵਕਾਂ ਬਬਰ ਅ: ਦੀ ਜਲ ਪਾਣੀ ਦੀ ਸੇਵਾ ਕਰਦੇ ਰਹੇ। ਸਿਧੇ ਸਾਦੇ ਗੁਰਮੁਖ ਸਿਖ ਸਨ ਗਿਰਫਤਾਰੀ ਦੇ ਮੌਕੇ ੨੨ – ੪ – ੨੩ ਨੂੰ ਆਪ ਜੀ ਦੀ ਉਮਰ ੮੦ ਸਾਲ ਦੇ ਲਗ ਭਗ ਸੀ ਬਬਰ ਸਾਜਸ਼ ਦੇ ਫੈਸਲੇ ਤੋਂ ਪਹਿਲੇ ੨੯–੧੨ - ੨੪ ਨੂੰ ਅਕਾਲ ਚਲਾਣਾ ਕਰ ਗਏ।

ਬ. ਅਕਾਲੀ ਭਾਈ ਅਮਰ ਸਿੰਘ ਜੀ ਨੰ. ੧੦੦

ਏਹ ਭਾਈ ਸਾਹਿਬ ਭਾਈ ਨਥਾ ਸਿੰਘ ਜੀ ਪਿੰਡ ਮੰਢਿਆਣੀ ਜ਼ਿਲਾ ਹੁਸ਼ਿਆਰਪੁਰ ਵਿਖੇ ਪੈਦਾ ਹੋਏ ਸਨ ਧਰਮ ਅਰ ਦੇਸ਼ ਨਾਲ ਪੂਰੀ ਪੂਰੀ ਮੁਹਬਤ ਰਖਦੇ ਸਨ ਇਸ ਕਰਕੇ ਇਸ ਸਜਣ ਨੂੰ ਬਬਰ ਅਕਾਲ ਸਾਜਸ਼ ਵਿਚੋਂ ਮਫਰੂਰ ਕਰਾਰ ਦਿਤਾ ਗਿਆ।

ਬ. ਅ. ਭਾਈ ਗੁਰਬਚਨ ਸਿੰਘ ਜੀ ਨੰ: ੧੦੧

ਇਸ ਸਜਣ ਨੇ ਭਾਈ ਮਾਲੀ ਦੇ ਘਰ ਪਿੰਡ ਦੌਲਤਪੁਰ ਜ਼ਿਲ ਜਾਲੰਧਰ ਵਿਚ ਜਨਮ ਲਿਆ ਸੀ ਦੇਸ਼ ਭਗਤ ਸ਼ਹੀਦ ਭਾਈ ਕਰਮ ਸਿੰਘ ਜੀ ਬਬਰ ਦੀ ਸੰਗਤ ਕਰਕੇ ਦੇਸ਼ ਸੇਵਕਾਂ ਦੀ ਸੇਵਾ ਕਰਦਾ ਸੀ, ਬਬਰ ਅਕਾਲੀ ਸਾਜਸ਼ ਵਿਚ ਮਫਰੂਰ ਕਰਾਰ ਦਿਤਾ ਗਿਆ।

ਮੁਕਦਮੇ ਦਾ ਅਰੰਭ

*੬੩ ਮੁਲਜ਼ਮ ਬਬਰ ਅਕਾਲੀਆਂ ਦਾ ਮੁਕਦਮਾਂ ੨੪-੯-੨੩ ਨੂੰ ਸਪੈਸ਼ਲ ਮੁਜਟਰੇਟ ਬੁਲ ਦੀ ਅਦਾਲਤ ਸੰਟਰਲ ਜੇਹਲ ਲਾਹੌਰ ਪੇਸ਼ ਹੋਇਆ ਸਕਨ ਮੁਕਦਮੇ ਦੀ ਕਾਰਵਾਈ ੨੮-੯ ੨੩ ਨੂੰ ਅਰੰਭ ਹੋਈ ਮੁਕਦਮੇ ਦਾ ਇੰਚਾਰਜ ਮੀਰ ਫ਼ਜ਼ਲ ਇਮਾਮ ਡਿਪਟੀ ਸੁਪਰੰਟੰਡੰਟ ਸੀ, ਆਈ, ਡੀ ਤੇ ਸਰਕਾਰੀ ਵਕੀਲ ਪਿੰਡੀਦਾਸ ਲਾਹੌਰ ਵਾਲਾ ਸੀ

---

* ਸ਼ਹੀਦ ਭਾਈ ਕਿਸ਼ਨ ਸਿੰਘ ਜੀ ਤੇ ਭਾਈ ਬੂਰ ਸਿੰਘ ਦੇ ਹਾਜ਼ਰ ਨਾ ਹੋਣ ਦੇ ਕਾਰਨ ੪ ਦਿਨ ਲੇਟ ਹੋਗਿਆ ਸੀ।

੩੬ ਮੁਲਜਮ ਬਬਰ ਅਕਾਲੀਆਂ ਦਾ ਮੁਕਦਮਾਂ ੧੮–੨–੨੪ ਨੂੰ ਬੁਲ ਦੀ ਅਦਾਲਤ ਵਿਚ ਸੰਟਰਲ ਜੇਹਲ ਲਾਹੌਰ ਵਿਚ ਪੇਸ਼ ਹੋਇਆ ਤੇ ਇਸ ਮੁਕਦਮੇ ਦਾ ਇੰਚਾਰਜ ਭੀ ਉਕਤ ਲਿਖੇ ਦੋਵੇ ਹੀ ਸਨ ਚੰਦ ਇਕ ਬਬਰ ਅਕਾਲੀ ਮੁਲਜ਼ਮਾਂ ਵਲੋਂ ਵਕੀਲ ਲਾਲਾ ਦੁਨੀ ਚੰਦ ਜੀ ਲਾਹੌਰ ਵਾਲੇ ਸਨ।

ਬੁਲ ਦੀ ਅਦਾਲਤ ਦੀ ਕਾਰਵਾਈ ਦੀ (ਅਸਲ) ਫੋਟੋ

ਗੋਰਮਿੰਟ ਅੰਗਰੇਜ਼ੀ ਜਦੋਂ ਕਿਸ ਅਫਸਰ ਨੂੰ ਬੇਈ ਮਾਨੀ ਕਰਨ ਲਈ ਕਿਸੇ ਕੰਮ ਤੇ ਲੌਂਦੀ ਉਸ ਨਾਲ ਉਸੇ ਵੇਲੇ

ਖੁਫਿਆ ਤੌਰ ਤੇ ਇਕਰਾਰ ਕਰ ਲੈਂਦੀ ਹੈ ਕਿ ਇਸ ਦੇ ਸਿਲੇ ਵਿਚ ਏਹ ਫਾਇਦਾ ਤੈਨੂੰ ਦਿਤਾ ਜਾਵੇਗਾ ਇਸੇ ਨਿਯਮ ਅਨੁਸਾਰ ਬੁਲ ਪਿੰਡੀ ਦਾਸ ਤੇ ਮੀਰ ਫਜ਼ਲ ਇਮਾਮ ਨਾਲ ਵੈਹਦਾ ਕੀਤਾ ਗਿਆ ਸੀ, ਜੋ ਗੌਰਮਿੰਟ ਨੇ ਇਨ੍ਹਾਂ ਤਿਨਾਂ ਦੀ ਸਿਰੇ ਦੀ ਸ਼ੈਤਾਨੀ ਤੇ ਬੇਈਮਾਨੀ ਅਰ ਜ਼ੁਲਮ ਭਰੀ ਕਾਰਵਾਈ ਨੂੰ ਵੇਖਕੇ ਮੁਕਦਮੇ ਦੇ ਕੁਮਿਟਿੰਗ ਵਿਚ ਖਤਮ ਹੋਣ ਤੋਂ ਪਹਿਲੇ ਹੀ ਬੁਲ ਨੂੰ ਡਿਪਟੀ ਕਮਿਸ਼ਨਰ ਜਾਲੰਧਰ ਫਜ਼ਲ ਇਮਾਮ ਇਨਸਪੈਕਟਰ ਤੋਂ ਡਿਪਟੀ ਸੁਪਰੰਟੰਡੰਟ ਅਤੇ ਪਿੰਡੀ ਦਾਸ ਨੂੰ ਦੀਵਾਨ ਬਹਾਦਰ ਬਣਾਇਆ ਗਿਆ, ਇਸ ਅਦਾਲਤ ਦੀ ਕਾਰਵਾਈ (ਫੋਟੋ) ਦਾ ਸੰਖੇਪ ਤੌਰ ਤੇ ਖਿਚਿਆ ਹੋਇਆ ਵੇਖਣਾ ਹੋਵੇ ਤਾਂ ਭਾਈ ਕਰਮ ਸਿੰਘ ਜੀ ਸ਼ਹੀਦ ਝਿੰਗੜ ਦੇ ਬਿਆਨ ਤੇ ਸ਼ਹੀਦ ਭਾਈ ਕਿਸ਼ਨ ਸਿੰਘ ਜੀ ਗ, ਗ) ਚਕਰਵਰਤੀ ਤੇ ਮਾਟਰ ਦਲੀਪ ਸਿੰਘ ਜੀ ਗੋਸਲ ਦੇ ਤਹਿਰੀਰੀ ਬਿਆਨਾਂ ਵਿਚ ਹੈ ਜੋ ਇਨ੍ਹਾਂ ਬੁਲ ਦੀ ੧੨–੨–੨੪ ਨੂੰ ਤੇ ਸਿਸ਼ਨ ਦੀ ਅਦਾਲਤ ਵਿਚ ਦਿਤੇ ਸਨ, ਪਰ ਦਾਸ ਇਥ ਮੁਖਤਸਰ ਹਾਲ ਆਪ ਜੀ ਦੇ ਪੇਸ਼ ਕਰਦਾ ਹੈ ਕਿਉਂਕਿ ਜੇਕਰ ਸੰਖੇਪ ਤੌਰ ਪਰ ਸਾਰਾ ਹਾਲ

ਲਿਖਿਆ ਜਾਵੇ ਤਾਂ ਇਸ ਤੋਂ ਦੋ ਹਿਸੇ ਹੋਰ ਜ਼ਿਆਦਾ ਪੁਸਤਕ ਬਣ ਸਕਦੀ ਹੈ। ਏਥੇ ਕੇਵਲ ਸ਼ਹੀਦ ਭਾਈ ਕਿਸ਼ਨ ਸਿੰਘ ਗੜਗਜ ਚਕਰਵਰਤੀ ਦੇ ਬਿਆਨ ਦੀ ਨਕਲ ਆਪ ਜੀ ਦੇ ਸਾਮਣੇ ਪੇਸ਼ ਕੀਤੀ ਜਾਂਦੀ ਹੈ।

ਮੈਂ ਖੁਸ਼ ਹੂੰ ਕਿ ਮੈਂ ਕਿਆ ਕਿਸ ਕੇ ਸਾਹਮਨੇ ਅਰ ਕਿਉਂਕਰ ਬਿਆਨ ਦੂੰ। ਮੇਰੇ ਖਿਆਲ ਮੇਂ ਇਸ ਅਦਾਲਤ ਕੀ ਤਮਾਮ ਕਾਰਵਾਈ ਕਿਸੇ ਮੁਨਸਫ ਮੁਜ਼ਾਜ ਅਰ ਅਹਿਲੇ ਈਮਾਨ ਕੀ ਨਗਾਹ ਮੇਂ ਇਕ ਡਰਾਮੇ ਸੇ ਜ਼ਿਆਦਾ ਵੁਕਤ ਨਹੀਂ ਰਖ ਸਕਤੀ ਸਰਕਾਰੀ ਗੁਵਾਹ ਪੁਲਸ ਕੇ ਮਾਰੇ ਕੁਟੇ ਬੜੇ ਖੌਫਜ਼ਦਾ ਔਰ ਪ੍ਰੇਸ਼ਾਨੀ ਹਾਲਤ ਮੈਂ ਅਦਾਲਤ ਕੇ ਸਾਹਮਣੇ ਪੇਸ਼ ਹੋਤੇ ਹੈਂ ਅਰ ਤੋਤੇ ਕੀ ਤਰਹ ਵੋਹੀ ਬਾਤੇਂ ਬਿਆਨ ਕਰਤੇ ਹੈਂ ਜੋ ਕਿ ਪੁਲਸ ਨੇ ਡਰਾ ਧਮਕਾ ਕਰ ਉਨੇਂ ਰਟਾ ਦੀ ਹੋਂ, ਲੇਕਨ ਪੁਲਸ ਕੀ ਬਦਕਿਸਮਤੀ ਜੇ ਉਨ ਕੋ ਜ਼ਹੀਨ ਔਰ ਸ਼ਊਰ ਵਾਲੇ ਗਵਾਹ ਮੁਸ਼ਕਲ ਸੇ ਹੀ ਦਸਤਯਾਬ ਹੋਤੇ ਹੈਂ ਉਨ ਕੇ ਗਵਾਹ ਮੈਂ ਜ਼ਿਆਦਾ ਤਰ ਦਵਾਨੀ ਚੁਵਾਨੀ ਕੇ ਲੀਏ ਝੂਠੀ ਗਵਾਹੀਏਂ ਦੇਨੇ ਵਾਲੇ ਹੀ ਸ਼ਾਮਲ ਹੋਤੇ ਹੈਂ ਅਰ ਮਿਸ਼ਲ ਮਸ਼ਹੂਰ ਹੈ ਕਿ 'ਦਰੋਗ ਗੋ ਰਾ ਹਾਫਜ਼ਾ ਨਾ ਬਾਇਦ ਇਸ ਲੀਏ ਜਿਆਦਾ ਤਰ ਸਰਕਾਰੀ ਗਵਾਹ ਐਸੇ ਹੋਤੇ ਹੈਂ ਜੋ ਬਾਵਜੂਦ ਇਤਨੀ ਰਿਹਰਸਲੋਂ ਔਰ ਕਾਨਾਫੂਸੀਉਂ ਕੇ ਜੋ ਹਰ ਵਕਤ ਕਚੈਹਰੀ ਕੇ ਅੰਦਰ ਯਾ ਬਾਹਰ ਜੈਸਾ ਭੀ ਮੌਕਾ ਹਾਥ ਲਗੇ ਨਕੰਮੇ ਸਾਬਤ ਹੋਤੇ ਹੈਂ।

ਕੋਈ ਕੋਈ ਹੀ ਉਨ੍ਹਾਂ ਵਿਚੋਂ ਅਜੇਹਾ ਹੁੰਦਾ ਸੀ ਜੋ ਆਪਨਾ ਸਬਕ ਅਦਾਲਤ ਦੇ ਸਾਹਮਣੇ ਸਹੀ ਸਹੀ ਤੌਰ ਪਰ ਸੁਣਾਵੇ ਬਲਕਿ ਕਰੀਬ ਕਰੀਬ ਹਰ ਇਕ ਗਵਾਹ ਨੂੰ ਸਰਕਾਰੀ ਵਕੀਲ ਨੂੰ ਮਦੱਦ ਦੇਣੀ ਪੈਂਦੀ ਕੀ ਕਿਤੇ ... ਅਜੇਹਾ ਨਾ ਹੋਵੇ ਜੋ ਗਵਾਹ ਦਾ ਪੈਰ ਉਖੜ ਜਾਵੇ ਤੇ ਗਵਾਹ ਧੜਮ ਮੂੰਹ ਮੂੰਧੜੇ ਜਾਪਵੇ ਲੇਕਨ ਤੋਤੇ ਤੋਂ ਕੋਈ ਕਿਤਨਾ ਕੁ ਉਮੇਦ (ਆਸ) ਰਖ ਸਕਦਾ ਹੈ ਸਰਕਾਰੀ ਵਕੀਲ ਦੇ ਸਾਰੇ

ਇਸ਼ਾਰੇ ਅਤੇ ਪ੍ਰਸ਼ਾਨੀ ਦੇ ਬਾਵਜੂਦ ਭੀ ਗਵਾਹ ਜਗਾ ੨ ਖਾ ਜਾਂਦੇ ਸਨ ਸਭ ਤੋਂ ਵਡੀ ਗਲ ਤਾਂ ਇਹ ਹੈ ਕਿ ਕਈ ਗਲਾਂ ਮੁਜਾਇਕਾ-ਖੇਜ਼ ਕਹਿ ਦੇਂਦੇ ਗਲਾਂ ਬਿਲਕੁਲ ਲਚਰ ਤੇ ਇਕ ਦੂਜੀ ਦੇ ਖਲਾਫ ਸਨ, ਬਸ ਏਹੀ ਕਿਸਾ ਪੂਰੇ ਵਕਤ ਸਹਾਦਤਾਂ ਦੇ ਕਲਮ ਬੰਦੀ ਦੇ ਦੌਰਾਨ ਵਿਚ ਯਕੇ ਬਾਧ ਦੀਗਰੇ ਸਭ ਗੁਵਾਹਾਂ ਦੇ ਨਾਲ ਪੇਸ਼ ਔਂਦਾ ਹੈ ਜਿਸ ਜਗਾ ਗੁਵਾਹ ਜ਼ਰਾ ਕੁ ਥਿੜਕੇ ਝਟ ਸ੍ਰਕਾਰੀ ਵਕੀਲ ਯਾ ਸੀ. ਆਈ. ਡੀ. ਦੇ ਅਫਸਰਾਂ ਵਿਚੋਂ ਕੋਈ ਨਾ ਕੋਈ ਗੁਵਾਹ ਦੀ ਪਿਠ ਉਤੇ ਹਥ ਫੇਰਨੇ ਲਈ ਵਿਚੇ (ਦਖਲ ਅੰਦਾਜ਼ੀ) ਬੋਲ ਉਠਦਾ ਹੈ, ਅਵਲ ਅਖ ਯਾ ਹਥ ਦੇ ਇਸ਼ਾਰੇ ਨਾਲ ਖਬਰਦਾਰ ਕੀਤਾ ਜਾਂਦਾ ਹੈ, ਭਲਾ ਜੇਕਰ ਗਵਾਹ ਇਨ੍ਹਾਂ ਰਮਜ਼ਾਂ ਨੂੰ ਭੀ ਨਾ ਸਮਝ ਸਕੇ ਤਾਂ ਸੀ: ਆਈ. ਡੀ. ਦਾ ਕੋਈ ਨਾ ਕੋਈ ਅਫਸਰ ਸ੍ਰ: ਵਕੀਲ ਕੇ ਕੰਮ ਵਿਚ ਕੋਈ ਗਲ ਫਸਫੁਸਾ ਦਿੰਦਾ ਹੈ, ਔਰ ਸਰਕਾਰੀ ਵਕੀਲ ਝਟ ਪਟ ਏਕ ਲੀਡੰਗ ਕੁਐਸਚਨ ਕਰਕੇ ਜੋ ਬਾਤ ਗਵਾਹ ਸੇ ਕਹਲਵਾਨੀ ਹੋਤੀ ਹੈ ਉਸ ਦਾ ਅਧਾ ਹਿਸਾ ਖੁਦ ਬਤਾਂਇਆ ਜਾਂਦਾ ਹੈ ਅਰ ਯੂੰ ਗਵਾਹ ਕੋ ਰਾਹ ਪਰ ਲਾਕਰ ਸਰਕਾਰੀ ਮਲਾਜ਼ਮ ਅਪਣਾ ਮੁਦਾ ਹਾਸਲ ਕਰ ਲੇਤੇ ਹੈਂ, ਅਰ ਅਗਰ ਇਸ ਪਰ ਭੀ ਗਵਾਹ ਬਿਲਕੁਲ ਕੂੜ ਮਗਜ਼ ਹੋ ਤੋ ਉਸੇ ਖੁਲਮ ਖੁਲਾ ਅਦਾਲਤ ਕੇ ਕਮਰੇ ਸੇ ਬਾਹਰ ਲੇ ਜਾਕਰ ਦੋਬਾਰਾ ਸਖਲਾਈ ਹੋਤੀ ਹੈ ਅਰ ਜਬ ਤਕ ਵੋਹ ਅਫਸਰਾਨ ਕੀ ਹਸਬ ਮਨਸ਼ਾ ਠੀਕ ਠੀਕ ਬੋਲਨੇ ਨਾ ਲਗ ਜਾਏ ਤਬ ਤਕ ਅਦਾਲਤ ਕੇ ਕਮਰੇ ਮੇਂ ਉਸੇ ਨਹੀਂ ਲਿਆਇਆ ਜਾਂਦਾ ਇਸ ਕੇ ਬਰਅਕਸ ਜਬ ਕੋਈ ਬਬਰ ਮੁਲਜ਼ਮ ਕਿਸੀ ਕਿਸਮ ਕਾ ਇਤਰਾਜ਼ ਉਠਾਨੇ ਕੀ ਖਵਾਹਸ਼ ਜਾਹਰ ਕਰੇ ਯਾ ਕਿਸੀ ਨਾਜਾਇਜ਼ ਕਾਰਵਾਈ ਕੀ ਤਰਫ ਮੁਜਸਟਰੇਟ ਕੀ ਤਵਜੋ ਦਲਾਨਾ ਚਾਹੇ ਤੋ ਉਸ ਵਚਾਰੇ ਕਾ ਵੋਹੀ ਹਾਲ ਹੋਤਾ ਹੈ ਜੈਸਾ ਕਿਸੇ ਬੀਆਬਾਨ ਮੇਂ ਪੁਕਾਰਨੇ ਵਾਲੇ ਕੀ ਅਵਾਜ਼ .... ਨਾ

ਮੁਜਸਟਰੇਟ ਉਸ ਦੀ ਬਾਤ ਕੋ ਕਾਨ ਦੇ ਕਰ ਸੁਨਤਾ ਹੈ ਅਰ ਨਾ ਹੀ ਸਰਕਾਰੀ ਵਕੀਲ ਔਰ ਸੀ. ਆਈ. ਡੀ: ਕੇ ਅਫਸਰਾਨ ਉਨ ਕੋ ਬਾਤ ਕਰਨੇ ਕਾ ਕਾ ਦੇਤੇ ਹੈਂ, ਸਰਕਾਰੀ ਵਕੀਲ ਕੇ ਕਾਨ ਕੋ ਅਗਰ ਅਦਾਲਤ ਕੇ ਕਮਰੇ ਕਾ ਟੈਲੀਫੋਨ ਕਿਹਾ ਜਾਏ ਤੋ ਬੇਜਾ ਨਾ ਹੋਗਾ ਕਿਉਂਕਿ ਹਰ ਲਹਿਮਾਂ ਸੀ: ਆਈ: ਡੀ ਕੇ ਅਫਸਰ (ਮੀਰ ਫਜ਼ਲ ਇਮਾਮ ਕਾ ਮੂੰਹ ਸਰਕਾਰੀ ਵਕੀਲ ਕੇ ਕਾਨ ਪਰ ਹੀ ਲਗਾ ਰਹਿਤਾ ਹੈ, ਹੈਰਾਨਗੀ ਕੀ ਬਾਤ ਤੋ ਯਹ ਹੈ ਕਿ ਮੁਜਸਟਰੇਟ ਸਾਹਬ ਇਨ੍ਹਾਂ. ਬੇਢੰਗੀ ਔਰ ਨਾਜਾਇਜ਼ ਕਾਰਵਾਈ ਕੋ ਬੜੀ ਲਾ ਪ੍ਰਵਾਹੀ ਸੇ ਦੇਖਤਾ ਰਹਿਤਾ ਹੈ, ਔਰ ਕਿਸੀ ਵਕਤ ਭੀ ਖੁਦਾ ਕਾ ਖੌਫ ਖਾਕੇ ਯਾ ਸਿਰਫ ਇਨਸਾਨਿਅਤ ਕੇ ਲਿਹਾਜ਼ ਯਾ ਇਨਸਾਫ ਕੇ ਤਕਾਜ਼ੇ ਹੀ ਸੇ ਇਤਨਾ ਕੁ ਭੀ ਨਹੀਂ ਕਰਤੇ, ਕਿ ਮੁਲਜ਼ਮ ਕੇ ਹਕ ਮੇਂ ਜੋ ਸਚੀ ਬਾਤ ਹੋ ਉਸ ਕੋ ਮਿਸਲ ਮੇਂ ਸਚੀ ਬਾਤ ਦਰਜ ਕਰਲੇਂ, ਬਲਕਿਹ ਅਗਰ ਅਖਬਾਰ ਕਾ ਰਪੋਟਰ ਭੀ ਕਹੀ ਭੁਲ ਚੁਕ ਸੇ ਕੋਈ ਬਾਤ ਐਸੀ ਦਰਜ ਕਰਲੇ ਜਿਸ ਸੇ ਅਦਾਲਤ ਕੀ ਗਲਤੀ ਔਰ ਮੁਲਜਮ ਕੀ ਸਚਾਈ ਜ਼ਾਹਰ ਹੋ ਤੋ ਵੋਹ ਫੌਰਨ ਸੈਂਸਰ ਹੋ ਜਾਤੀ ਹੈ, ਤਾਕਿ ਐਸਾ ਨਾ ਹੋ ਕਿ ਦੁਨੀਆ ਪਰ ਕੋਈ ਸਚੀ ਬਾਤ ਰੌਸ਼ਨ ਹੋ ਜਾਏ, ਯੂੰ ਤੋ ਰੀਪੋਰਟਰ ਭੀ ਅਦਾਲਤ ਕੀ ਮਰਜ਼ੀ ਕੇ ਮੁਤਾਬਕ ਹੋਤੇ ਹੈਂ ਇਕ ਕੌਮੀ ਔਰ ਅਜ਼ਾਦ ਖਿਆਲ ਰੀਪੋਰਟਰ ਕਾ ਤੋ ਦਾਖਲਾ ਹੀ ਅਦਾਲਤ ਮੈਂ ਬੰਦ ਹੈ, ਇਸ ਕੇ ਇਲਾਵਾਹ ਗੁਵਾਹੋਂ ਸੇ ਅਦਾਲਤ ਮੇਂ ਬਾਜੁ ਐਸੀ ਬਾਤੇਂ ਕਹਿਲਵਾਈ ਜਾਤੀ ਹੈ, ਜਿਨ ਕੇ ਸਰਕਾਰ ਪਰ ਕੋਈ ਖਾਸ ਅਸਰ ਨਹੀਂ ਅਰ ਨਾ ਹੀ ਹਮਾਰੇ ਮੁਕਦਮੇਂ ਸੇ ਉਨ ਕੋ ਕੋਈ ਤੁਅਲਕ ਹੈ ਵੋਹ ਮਹਿਜ਼ ਇਸ ਗਰਜ਼ ਸੇ ਕਹਿਲਵਾਈ ਜਾਤੀ ਹੈ ਕਿ ਬਬਰ ਜਥਾ ਬਦਨਾਮ ਸੋ ਜਾਏ ਔਰ ਉਸ ਕੇ ਜ਼ਿਮੇਂਦਾਰ ਇਸ ਖਾਸ ਮੁਲਕ ਏਕ ਕਸੀਰ ਜਮਾਤ ਕੀ ਨਗਾਹ ਮੇਂ ਹਕੀਰ ਔਰ ਜ਼ਲੀਲ ਬਨ ਜਾਏ,

ਮਸਲਨ ਕਿਸ਼ਨ ਸਿੰਘ ਦੇ ਖਲਾਫ ਬਹ ਕਹਿਲਵਾਇਆ ਹੈ ਕਿ ਕਿਸ਼ਨ ਸਿੰਘ ਨੇ ਕਹਾ ਥਾ ਕਿ ਕਾਂਗਰਸ ਸ਼ਾਂਤਮਈ ਜਮਾਤ ਹੈ, ਔਰ ਹਮ ਸ਼ਾਂਤਮਈ ਕੈ ਖਲਾਫ ਹੈਂ ਔਰ ਵੋਹ ਬਨੀਏ ਹੈਂ ਇਸ ਤਰਹ ਕੇ ਇਲਫਾਜ਼ ਕੇ ਇਲਜ਼ਾਮ ਮੁਝ ਪਰ ਲਗਾਏ ਜਾਤੇ ਹੈਂ ਮੇਰੀ ੩੨੭ ਤਕਰੀਰ ਜੋ ਮੈਂ ਨੇ ਚਕਰ ਦੌਰੇ ਕੇ ਦੌਰਾਨ ਮੇਂ ਮਾਝਾ, ਮਾਲਵਾ, ਔਰ ਦੋਆਬੇ ਮੇਂ ਕੀਏ ਥੇ ਉਨ ਮੇਂ ਸੇ ਮਿਸਲ ਮੇਂ ਮੇਰੀ ਖਲਾਫ ਕੋਈ ੨੦ ਕਰੀਬ ਤਕਰੀਰੋਂ ਕੇ ਹਵਾਲੇ ਦੀਏ ਗਏ ਹੈਂ ਜਿਨ ਕੋ ਮੁਤਅਲਕਾ ਗੁਵਾਹੋਂ ਨੇ ਮੁਖਤਲਿਫ ਤਰੀਕੋਂ ਮੇਂ ਬਿਆਨ ਕੀਏ ਹੈਂ ਔਰ ਉਨ ਕੇ ਬਿਆਨੇ ਕੇ ਦੁਰਾਨ ਮੇਂ ਹਰ ਇਕ ਗੁਵਾਹਹ ਸੇ ਵੋਹੀ ਸਵਾਲ ਘੂਮ ਘੂਮ ਕਰ ਕੀਏ ਜਾਤੇ ਹੈਂ ਗੁਵਾਹ ਅਦਾਲਤ ਕੇ ਸਾਹਮਣੇ ਪੇਸ਼ ਹੋਤਾ ਔਰ ਸਰਕਾਰੀ ਵਕੀਲ ਨੀਚੇ ਲਿਖੇ ਹੁਏ ਤਰੀਕੇ ਪਰ ਉਸ ਸੇ ਸਵਾਲ ਜਵਾਬ ਕਰਤਾ ਹੈ।

ਸਰਕਾਰੀ ਵਕੀਲ:– ਕਿਉਂ ਭਾਈ ਕਿਸ਼ਨ ਸਿੰਘ ਕੇ ਹਾਥ ਮੇਂ ਤਕਰੀਰ ਕਰਤੇ ਵਕਤ ਮੇਂ ਕਿਆ ਥਾ।

ਗਵਾਹ– ਜੀ ... ਤਲਵਾਰ ਥੀ

ਸ੍ਰ. ਵ. ਕਿਆ ਮਿਆਨ ਮੈਂ ਥੀ?

ਗਵਾਂਹ ਨਹੀਂ ਜੀ ਨੰਗੀ ਥੀ

ਸ੍ਰ: ਵ. ਕਿਸ਼ਨ ਸਿੰਘ ਨੇ ਤਕਰੀਰ ਮੇਂ ਕਿਆ ਕਹਾ ਥਾ

ਗਵਾਹ ਝੋਲੀ ਚੁਕ ਕੇ ਸਮਝਾਓ ਔਰ ਕਹੋ ਕਿ ਵੋਹ ਹਮਾਰੀ ਕੌਮ ਕੇ ਸਾਥ (ਦੇਸ਼ ਸੇਵਕੋਂ ਕੇ ਸਾਥ) ਮਿਲ ਜਾਏ

ਸ੍ਰ: ਵ. ਅਗਰ ਝੋਲੀ ਚੁਕ ਨਾ ਸਮਝੇ

ਗਵਾਹ ਤੋ ਉਨ ਕਾ ਸੁਧਾਰ ਕੀਆ ਜਾਵੇਗਾ

ਸ੍ਰ. ਵ: ਸੁਧਾਰ ਸੇ ਕਿਆ ਮੁਰਾਦ ਹੈ

ਗਵਾਹ ਜੀ ਕਤਲ ... ...

ਸੂ. ਵ: ਕਿਸ਼ਨ ਸਿੰਘ ਜੀ ਨੇ ਹੋਰ ਕਿਆ ਕਹਾ ਥਾ
ਗੁਵਾਹ ਜੀ ਅੰਗਰੈਜ਼ੋਂ ਕੋ ਹਿੰਦੋਸਤਾਨ ਸੇ ਨਿਕਾਲ ਦੋ
ਸੂ. ਵਕੀਲ ਕਿਸ ਕੇ ਸਾਥ ਕਹਾ ਥਾ ? ਅੰਗ੍ਰੇਜ਼ੋਂ ਕੋ ਨਕਾਲ ਦੋ
ਗੁਵਾਹ ਜੀ ਤਲਵਾਰ ਸੇ ਵਗੈਰਾ ੨ ...

ਚੂੰਕਿ ਮੇਰਾ ਅਸਲ ਮੁਦਾ ਡੀਫੈਂਸ ਪੇਸ਼ ਕਰਨੇ ਕਾ ਨਹੀਂ ਹੈ ਔਰ ਨਾਹੀਂ ਮੈਂ ਕੋਈ ਬਚਾਓ ਕੀ ਸੂਰਤੇਂ ਢੂੰਡਨੇ ਕੇ ਦਰਪੈ ਹੂੰ ਇਸ ਲੀਏ ਮੈਂ ਸਰਕਾਰੀ ਗੁਵਾਹ ਔਰ ਵੈਹਦਾ ਮੁਆਫ ਪਰ ਕੋਈ ਜਿਰਾ ਨਹੀਂ ਕਰਨੀ ਚਾਹਤਾ ਔਰ ਨਹੀ ਅਦਾਲਤ ਸੇ ਕਿਸੀ ਰਹਿਮ ਯਾ ਇਨਸਾਫ ਕਾ ਕਜ਼ੀਆ ਕਰਨਾ ਚਾਹਤਾ ਹੂੰ ਮੇਰਾ ਮਕਸਦ ਸਿਰਫ ਵੋਹ ਮੁਜ਼ਾਇਕਾ ਖੇਜ਼ ਬਾਤੇਂ ਪਬਲਕ ਔਰ ਅਦਾਲਤ ਕੀ ਨਜ਼ਰ ਮੇਂ ਲਾਨੀ ਹੈਂ ਜਿਨ ਮੇ ਕਿ ਇਕ ਬਚਾ ਭੀ ਸਮਝ ਜਾਏ ਕਿ ਅੰਗਰੇਜ਼ੀ ਰਾਜਮੇ ਨਹਥੋ ਔਰ ਬੇਰਸ ਮਜ਼ਲੂਮੋਂ ਕੋ ਫਸੌਨੇ ਔਰ ਉਨ ਮੇਂ ਹਮੇਸ਼ਾ ਕੇ ਲੀਏ ਨਿਜਾਤ ਹਾਸਲ ਕਰਨੇ ਕੀ ਘਿਨ ੨ ਜਲੀਲ ਔਰ ਨਾਮੁਰਦਾਨਾ ਵਾਰ ਚਾਲੋਂ ਸੇ ਕੋਸ਼ਸ ਕੀ ਜਾਤੀ ਹੈ ....

ਕਿਆ ਉਸ ਵਕਤ ਮੇਰੀ ਬਾਬਾ ਦਲੀਪ ਸਿੰਘ ਜੀ ਜਥੇਦਾਰ ਭਾਈ ਕਰਮ ਸਿੰਘ ਜੀ ਝਿੰਗੜ, ਸ਼ਹੀਦ ਭਾਈ ਕਰਮ ਸਿੰਘ ਜੀ ਬਬਰ ਤੇ ਮਾਸਟਰ ਦਲੀਪ ਸਿੰਘ ਜੀ ਗੋਸਲ ਆਦ ਬਬਰਾਂ ਦੀ ਲੈਕਚਰ ਕਰਨ ਵੇਲੇ ਅਕਲ ਫਿਰ ਗਈ ਸੀ ? ਕਿਉਂਕਿ ਇਸ ਕੇ ਬਰਅਕਸ ਇਸ ਕੇ ੯-੯-੨੨ ਕੇ ਅਖਬਾਰ ਬਬਰ ਅਕਾਲੀ ਦੁਆਬਾ ਮੇਂ ਖੰਡੇ ਕਾ ਗੀਤ ਨਾਮਕੀ ਇਕ ਪੰਜਾਬੀ ਨਜ਼ਮ ਛਪ ਚੁਕੀ ਹੈ, ਜਿਸ ਮੇਂ ਕਾਂਗਰਸ ਲੀਡਰੋਂ ਕੀ ਸ਼ਾਨ ਮੇਂ ਐਸੇ ਅਲਫਾਜ਼ ਇਸਤੇਮਾਲ ਕੀਏ ਗਏ ਹੈਂ. ਜੋ ਨੀਚੇ ਦੀਏ ਜਾਤੇ ਹੈਂ, ਔਰ ਚੰਦ ਇਕ ਡਾਰਾਂ (ਮਿਸਰੇ) ਮਿਸਲ ਵਿਚ ਦਰਜ ਹਨ।

ਮਸਲਨ, ਜੇਹਲ ਨਵਾਸੀ ਸ਼ੇਰ ਜਾਂ ਆਗਏ ਫੇਰ ਦੂੰਦ ਭੀ ਬਜੇਗਾ,
ਅਲੀ ਬਰਾਦਰ ਕਿਚਲੂ ਯੋਧਾ ਸੀ ਅਰ ਦਾਸ ਵੀ ਗਜੇਗਾ
ਜੇਹਲੋਂ ਬਾਹਰ ਕੇ ਗਾਂਧੀ ਹਰ ਕਾ ਨਾਮ ਜਪਾਵੇਗਾ
ਖੰਡਾ ਪਕੜ ਮੈਦਾਨੇ ਆ ਜੀਵਣ ਪਦਵੀ ਪਾਵੇਗਾ
ਲਾਇਲ ਪੁਰੀ ਸਿੰਘ ਸੁੰਦਰ ਯੋਧਾ ਅਰ ਮੰਗਲ ਸਦਾਰ ਜੀ
ਸਿੰਘ ਸਰਦੂਲ ਕਵੀਸ਼ਰ ਸਾਡਾ ਨਾਲੇ ਖੜਗ ਦੋ ਧਾਰਜੀ
ਨਾਲ ਖੰਡੇ ਦੇ ਸਿੰਘ ਕੇਸਰਾ ਜਿਹਲੋਂ ਬਾਹਰ ਲਿਆਵੇਗਾ
ਖੰਡਾ ਪਕੜ ਮੈਦਾਨੇ ਆਜਾ ਜੀਵਨ ਪਦਵੀ ਪਾਵੇਗਾ

ਅਬ ਦੇਖਣਾ ਚਾਹੀਏ, ਜਿਸ ਪਾਰਟੀ ਕੇ ਆਦਮੀ ਉਪਰ ਜ਼ਿਕਰ ਕਰਦਾ ਬਜ਼ੁਰਗੋਂ ਕੋ ਇਤਨੀ ਇਜ਼ਤ ਮਾਨਤੇ ਹੈਂ ਤੋ ਯਹ ਕੈਸੇ ਮੁਮਕਨ ਹੈ ਕਿ ਮੁਝ ਜੈਸਾ ਸ਼ਖਸ ਜਿਸ ਕੋ ਇਸ ਪਾਰਟੀ ਬਬਰ ਕੇਸ ਕੇ ਜਥੇ ਕਾ ਮੁਖੀਆ ਲੀਡਰ ਮਸ਼ਹੂਰ ਕੀਆ ਜਾਤਾ, ਉਨਹੀਂ ਬਜ਼ੁਰਗੋਂ ਕੇ ਖਲਾਫ ਐਹਮਕਾਨਾ ਤਕਰੀਰੇ ਕਰਤਾ ਫਿਰੇ ਇਸ ਜਥੇ ਕੇ ਉਕਤ ਲੀਡਰ ਇਸ ਕੇ ਅਲਾਵਾ ਸਤੰਬਰ ੧੯੨੨ ਕੇ ਗੜਗਜ਼ ਅਕਾਲੀ ਕੇ ਪ੍ਰਚੇ ਮੇਂ ਮੇਰੀ ਆਪਣੀ ਤੀਆਰ ਸੁੰਦਰ ਪੰਜਾਬੀ ਨਜ਼ਮ ਸ਼ਾਇਆ ਹੋਚੁਕੀ ਹੈ ਜਿਸ ਮੇਂ ਮੈਂ ਨੇਜ਼: ਮਤਾਬ ਸਿੰਘ ਜੀ ਪਰੈਜ਼ੀਡੈਂਟ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕੋ ਪਾਤਸ਼ਾਹ ਔਰ ਕਮੇਟੀ ਕੋ ਕੌਂਸਲ ਕੇ ਨਾਮੋਂ ਸੇ ਮੌਸੂਮ ਕੀਆ ਹੈ ਜਿਸ ਕਾ ਏਕ ਮਿਸਰਾ ਪਹਿਲਾ ਯਹ ਹੈ (ਸਾਡੇ ਸ਼ਾਹ ਮਤਾਬ ਨੂੰ ਸਨੇ ਕੌਂਸਲ ਦਿਤਾ ਭੈੜੀ ਨੇ ਪਿੰਜਰੇ ਡਾਲ ਦੇਖੋ)

ਯੇਹ ਤਮਾਮ ਬਾਤੇਂ ਇਸ ਬਾਤ ਕੀ ਪੁਖਤਾ ਦਲੀਲ ਹੈ ਕਿ ਜੋ ਕੁਛ ਇਲਜ਼ਾਮ ਦੇਸ਼ ਕੇ ਗਰਾਮੀ ਲੀਡਰੋਂ ਕੇ ਬਾਰੇ ਮੇਂ ਸਾਡੇ ਪਰ ਲਗਾਇਆ ਗਿਆ ਹੈ ਵੋਹ ਮਹਿਜ਼ ਮਨਘੜਤ ਔਰ ਸਫੈਦ ਝੂਠ ਹੈ ਔਰ ਮੁਝ ਕੋ ਮੇਰੀ ਕੌਮ ਦਾ ਦੇਸ਼ ਸੇਵਕੋਂ ਕੀ ਨਜ਼ਰ ਮੇਂ ਗਰਾਨੇ ਕੀ

ਜ਼ਲੀਲ ਚਾਲ ਹੈ, ਏਕ ਔਰ ਚਾਲ ਮੁਝ ਕੋ ਔਰ ਮੇਰੇ ਸਾਥੀਉਂ ਕੋ ਬਦਨਾਮ ਕਰਨੇ ਕੀ ਯੇਹ ਨਕਾਲੀ ਗਈ ਹੈ ਕਿ ਚੰਦ ਇਕ ਇਖਲਾਕੀ ਮੁਲਜ਼ਮੋਂ ਕੋ ਵੇਹਦਾ ਮੁਆਫ ਬਣਾ ਲਿਆ ਗਿਆ ਹੈ, ਤਾਕਿ ਦੁਨੀਆਂ ਪਰ ਯੇਹ ਜ਼ਾਹਰ ਕੀਆ ਜਾਏ ਕਿ ਬਬਰ ਅ. ਦੇਸ਼ ਸੇਵਕ ਔਰ ਕੌਮੀ ਨਹੀਂ ਬਲਕਿ ਚੋਰ, ਯਾਰ, ਡਾਕੂਆਂ ਕਾ ਏਕ ਜ਼ਲੀਲ ਕੁਨ ਗਰੋਹ ਹੈ, ਜਿਨ ਕਾ ਪਕੜਨਾ ਪਕੜੌਣਾ ਔਰ ਕੈਦ ਕਰਨਾ ਹਰ ਏਕ ਅਮਨ ਪਸੰਦ ਔਰ ਵਫਾਦਾਰ ਹਿੰਦੋਸਤਾਨੀ ਕਾ ਫਰਜ਼ ਹੈ, ਮਸਲਨ ਬੰਤਾ ਸਿੰਹੁ ਤੇ ਬੇਲਾ ਸਿੰਹੁ ਬੋਪਾ ਗਏ ਤੇ ਕਮਾਰ ਜੋ ਡਾਕੇ ਕੇ ਮੁਕਦਮੇ ਮੇਂ ਗ੍ਰਿਫਤਾਰ ਥੇ, ਅਬ ਉਸ ਵੈਹਦਾ ਮੁਆਫੀ ਕੇ ਜ਼ਲੀਲ ਕੰਮ ਕੋ ਇੰਜਾਮ ਦੇ ਰਹਾ ਹੈ ਇਨ ਕੇ ਖਲਾਫ ਔਰ ਵੀ ਕਈ ਚੰਦ ਇਕ ਜੁਰਾਇਮ ਕੇ ਮੁਕਦਮੇਂ ਦਾਇਰ ਹੈਂ ਲੇਕਨ ਇਨ ਮੈਂ ਭੀ ਯੇਹ ਖਦਬਖਤ ਵੈਹਦਾਮੁਆਫ ਹੋਣੇ ਕੀ ਵਜਾ ਸੇ ਬਚੇ ਹੂਏ ਹੈਂ . ਜਬ ਕਿ ਉਨਕੇ ਸਾਥੀ ਕੈਦ ਕੀ ਮਸੀਬਤੋਂ ਕਾ ਸ਼ਕਾਰ ਹੋ ਗਏ ਹੈਂ, ਗੌਰ ਕਾ ਮੁਕਾਮ ਹੈ ਕਿ ਐਸੇ ਐਸੇ ਅਗਰ ਜ਼ਿਮੇਂਵਾਰ ਆਸਥਾਂ ਸੋਂ ਕੋ ਪੁਲਸ ਔਰ ਹਕੂਮਤ ਉਨ ਕੀ ਤਮਾਮ ਅਸਰ ਅੰਰੇਜ਼ੀਆਂ ਸਿਰਫ ਇਸ ਗਰਜ਼ ਸੇ ਮੁਆਫ ਕਰਨੇ ਕੋ ਤੀਆਰ ਹੈ ਕਿ ਕਿਸੀ ਤਰਹ ਅਪਣੇ ਦਲੇਰ ਔਰ ਹਕ ਪ੍ਰਸਤ ਦੁਸ਼ਮਣੋਂ ਕੇ ਖਲਾਫ ਕੁਛ ਨਾ ਕੁਛ ਜ਼ਹਿਰ ਉਗਲਵਾ ਕਰ ਗੁਨਾਹਗਾਰ ਠਹਿਰਾਇ ਕਰ ਅਪਣੇ ਰਸਤੇ ਸੇ ਕਾਂਟੇ ਕੀ ਤਰਹ ਨਕਾਲ ਫੈਂਕੇ, ਔਰ ਹਿੰਦੋਸਤਾਨ ਸੇ ਹੁਬਲਵਤਨੀ ਔਰ ਦੇਸ ਭਗਤੀ ਕਾ ਨਾਮ ਮਟਾਨੇ ਕੇ ਨਾਮੁਮਕਨ ਕਾਮੋਂ ਕੋ ਅੰਜਾਮ ਦੇਣੇ ਕਾ ਫਖਰ ਹਾਸਲ ਕਰੇ।

ਔਰ ਇਸੀ ਤਰਹ ਕੀ ਏਕ ਔਰ ਗਵਾਹੀ ਏਕ ਬਦਚਲਨ ਔਰਤ ਕੀ ਹਮਾਰੇ ਬਬਰ ਅਕਾਲੀਉਂ ਕੇ ਖਲਾਫ ਦਲਵਾਈ ਗਈ ਹੈ, ਕਿ ਸਾਧਣੀ ਮਹਾਂਦੇਵੀ ਕੋ ਕੋਈ ਚਾਰ ਆਦਮੀ ਨਕਾਲ ਕਰ ਲੇ ਜਾਤੇਂ ਹੈਂ ਜਿਨ ਸੇ ਵੋਹ ਪੂਰੀ ਤਰਹ ਵਾਕਫ ਭੀ ਨਹੀਂ ,

ਲੇਕਨ ਵੋਹ ਮਹਾਂ ਦੇਵੀ ਆਪਣੀ ਤਮਾਮ ਪਾਰ ਸਾਹੀ ਬਬਰ ਅ. ਪਰ ਹੀ ਝਾੜਤੀ ਹੈ, ਯੇਹ ਲੀਜੀਏ ਹਮੇ ਚੋਰ ਔਰ ਡਾਕੂ ਮਸ਼ਹੂਰ ਕਰਨੇ ਸ਼ੇ ਜਬ ਸਰਕਾਰੀ ਮਲਾਜ਼ਮੋਂ ਕੇ ਦਿਲ ਮੇਂ ਠੰਡਕ ਨਾ ਪੜੀ ਤੋ ਹਮੇਂ ਜ਼ਾਨੀ, ਔਰ ਬਦਮੁਆਸ਼ ਸਾਬਤ ਕਰਨੇ ਕੀ ਠਾਨੀ. ਲੇਕਨ ਇਨ ਬਾਤੋਂ ਸੇ ਕਿਆ ਹਾਸਲ, ਅਗਰ ਸੀ. ਆਈ. ਡੀ. ਯਾ ਉਸ ਕੇ ਹਮ ਰਕਾਬੋਂ ਨੇ ਇਨਸਾਫ ਕੀ ਆਖੋਂ ਪਰ ਪਟੀ ਬਾਂਧ ਲੀ ਹੈ, ਤੋ ਕਿਆ ਖੁਦਾ ਕੀ ਖੁਦਾਈ ਮੇਂ ਸਬ ਇਨਸਾਫ ਪਸੰਦ ਹੀ ਮਿਟ ਗਏ।

ਅਗਰ ਮੈਂ ਤਮਾਮ ਝੂਠੀ ਗੁਵਾਈਉਂ ਕੀ ਅਦਾਲਤ ਔਰ ਪਬਲਕ ਕੇ ਸਾਹਮਣੇ ਲਾਨਾ ਚਾਹੂੰ ਤੋ ਕਈ ਵਰਕੋਂ ਕੀ ਜ਼ਰੂਰਤ ਪੜੇਗੀ ਪਰ ਮੈਂ ਇਸ ਲੀਏ ਤੀਆਰ ਨਹੀਂ ਕਿਉਂਕਿ ਮੁਝੇ ਬਚਾਉ ਕੀ ਸੂਰਤੇਂ ਤਲਾਸ਼ ਨਹੀਂ ਕਰਨੀ, ਮੈਂ ਨੇ ਤੋ ਸਰਕਾਰੀ ਮੁਲਾਜ਼ਮੋਂ ਕੀ ਖਿਆਨਤ ਕੇ ਚੰਦ ਵਾਕਿਆਤ ਕਾ ਹੀ ਜ਼ਿਕਰ ਕਰਨਾ ਹੈ. ਔਰ ਬਸ ਇਸ ਮਕਸਦ ਕੇ ਲੀਏ ਜ਼ੇਲ ਕੀ ਚੰਦ ਮਸਾਲੇਂ ਹੀ ਹੋਂਗੀ।

ਨੰ: ੧ ਸਰਕਾਰੀ ਗਵਾਹ ਸਾਈਂ ਮੋਜ਼ਿਆ ਜਿੰਗੜਾਂ ਵਾਲੀ ਭਾ. ਕਰਮ ਸੰਘ ਝਿੰਗੜ ਕ ਖਲਾਫ ਸ਼ਹਾਦਤ ਮੇਂ ਬਿਆਨ ਕਰਤਾ ਕਿ ਉਸ ਨੇ ਭਾਈ ਜੀ ਕਾ ਇਕ ਤਮਾਮ ਲੇਕਚਰ ਝਿੰਗੜ ਮੇਂ ਸੁਨਾਂ ਔਰ ਲੈਕਚਰ ਕੀ ਰੀਪੋਰਟ ਥਾਣਾ ਬੰਗਾ ਮੈਂ ਪੁੰਹਚਾਈ ਇਸ ਵਾਸਤੇ ਮੈਂ ਭਾਈ ਕਰਮ ਸਿੰਘ ਨੂੰ ਪਹਿਚਾਣ ਸਕਤਾ ਹੂੰ ਜਿਸ ਵਕਤ ਸਾਈਂ ਅਦਾਲਤ ਕੇ ਸਾਹਮਣੇ ਸ਼ਨਾਖ਼ਤ ਕਰਨੇ ਲਗਾ ਤਬ ਭਾਈ ਕਰਮ ਸਿੰਘ ਜੀ ਝਿੰਗੜ ਕੀ ਸ਼ਕਲ ਔਰ ਸੂਰਤ ਨੇ ਭੀ ਨਾ ਅਸ਼ਨਾ ਸਾਬਤ ਹੋਈ ਔਰ ਸ਼ਨਾਖਤ ਨਾ ਕਰ ਸਕਿਆ ਅਕਲਮੰਦ ਵਾਸਤੇ ਇਕ ਮਾਲੁਮ ਕਰਨੇ ਵਾਲਾ ਰਾਜ਼ ਹੈ, ਕਿਉਂ ਕਿ ਏਹ ਗਵਾਹ ਸਾਈਂ ਭਾਈ ਸਾਹਿਬ ਕੇ ਗਿਰਫਤਾਰ ਕਰਾਨੇ ਕੇ ਸਿਲੇ ਮੇਂ ੫੦੦ ਪੰਜ ਰੁਪਈਆ ਸਾਲਾਨਾ

ਜਾਗੀਰ ਲੇਤਾ ਹੈ ਪਰ ਅਦਾਲਤ ਮੇਂ ਸ਼ਨਾਖਤ ਨਹੀਂ ਕਰ ਸਕਤਾ।

ਨੰ. ੨ ਮੋਜ਼ਿਆ ਅਪਰਾ ਕ ਸਪੇਦਪੋਸ਼ ਜੈਮਨ ਬਿਆਨ ਕਰਤਾ ਹੈ ਕਿ ਇਸ ਨੇ ਮਾਸਟਰ ਦਲੀਪ ਸਿੰਘ ਗੋਸਲ ਕਾ ਇਕ ਲੈਕਚਰ ਮੁਕੱਮਲ ਸੁਨਾ ਜੋ ਉਸ ਨੇ ਅਪਰਾ ਮੇਂ ਕੀਆ ਥਾ ਔਰ ਉਸ ਕੀ ਡਾਇਰੀ ਥਾਣਾ ਬੰਗਾ ਮੇਂ ਦੀ ਥੀ ਮਗਰ ਵੋਹ ਬੀ ਅਦਾਲਤ ਮੇਂ ਸ਼ਨਾਖਤ ਕਰਨੇ ਸੇ ਕਾਸਰ ਰਹਾ ... ਇਕ ਔਰ ਮੁਯੀਮਾਂ।

ਨੰ: ੩ ਸ: ਗਵਾਹ ਭਾਗ ਸਿੰਹੁ ਪੰਡੋਰੀ ਨਿਝਰਾਂ ਨੇ ਬਿਆਨ ਦੀਆ ਕਿ ਉਸ ਨੇ ਬਬਰ ਬਾਬੂ ਸੰਤ ਸਿੰਘ ਕੋ ਕਈ ਮਰਤਵਾ ਪੰਡੋਰੀ ਨਿਝਰਾਂ ਮੇਂ ਦੇਖਾ ਔਰ ਬਾਬੂ ਜੀ ਕੋ ਬਾਖੂਬੀ ਜਾਨਨੇ ਕਾ ਦਾਹਵਾ ਕਰਤਾ ਹੈ ਲੇਕਨ ਇਸ ਦਾਹਵੇ ਪਰ ਭੀ ਬਾਬੂ ਜੀ ਕੋ ਸ਼ਨਾਖਤ ਕਰਨੇ ਸੇ ਮਜਬੂਰ ਹੈ, ਇਸ ਸੇ ਕਿਆ ਸਮਝਨਾ ਚਾਹੀਏ ਕਿ ਕਿਆ ਗਵਾਹੋਂ ਨੇ ਪੁਲਸ ਕੇ ਕਹਿਨੇ ਪਰ ਸਰੀਹਨ ਝੂਠ ਬੋਲਿਆ, ਉਸ ਕੀ ਜ਼ਮੀਰ ਨੇ ਉਸ ਕੋ ਮਲਾਮਤ ਕੀ ਔਰ ਵੋਹ ਪੁਲਸ ਕਾ ਅਖਰ ਤਕ ਸਾਥ ਦੇਨੇ ਸੇ ਪਸ਼ਮਾਨ ਹੋਇਆ ਕੁਝ ਭੀ ਹੋ ਦੋਨੋ ਹਾਲਤੋਂ ਮੇਂ ਹਮਾਰੀ ਬੇਗੁਨਾਹੀ ਅਰ ਸਰਕਾਰੀ ਨਿਮਕ ਖਾਹੋਂ ਕੀ ਖਿਆਨਤ ਕਾ ਪਰਦਾ ਫਾਸ਼ ਹੋਤਾ ਹੈ।

ਨੰ: ੪ ਲਾਭ ਸਿੰਹੁ ਪੰਡੋਰੀ ਨਿਝਰਾਂ ਭੀ ਲਾਬੂ ਸੰਤਾ ਸਿੰਘ ਕੋ ਕਈ ਮਰਤਬਾ ਦੇਖਨੇ ਅਰ ਉਨੇ, ਬਖੂਬੀ ਜਾਨਨੇ ਕਾ ਇਕਰਾਰ ਕਰਤਾ ਹੈ, ਲੇਕਨ ਸ਼ਨਾਖਤ ਕੇ ਵਕਤ ਵੋਹ ਭੀ ਕੋਰੀ ਬੇਇਲਮੀ ਕਾ ਸਬੂਤ ਦੇਤਾ ਹੈ ਇਨ ਵਾਕਿਆਤ ਕੇ ਇਲਾਵਾ ਅਰ ਭੀ ਕਈ ਇਕ ਐਸੇ ਵਾਕਿਆਤ ਹੈਂ ਜਿਨ ਸੇ ਖੁਲੇ ਤੌਰ ਪਰ ਸਰਕਾਰੀ ਮੁਲਾਜ਼ਮੋਂ ਕੀ ਦਿਆਨਤਦਾਰੀ ਮੇਂ ਸ਼ਕ ਕੀਆ ਜਾ ਸਕਤਾ ਹੈ, ਜੋ ਕਿ ਹਾਥ ਧੋ ਕਰ ਹਮੇਂ ਗਿਲਟੀ ਸਾਬਤ ਕਰਨੇ ਮੇਂ ਹਮਾਰੇ ਪੀਛੇ ਪੜੇ ਹੂਏ ਹੈਂ।

ਨੰ. ੧ ਸੰਤ ਹਰਦਾਸ ਮੋਜ਼ਿਆ ਘੁੜਿਆਲ ਸੂਬੇਦਾਰ ਗੇਂਦਾ ਸਿੰਹੁ ਘੁੜਿਆਲ ਵਾਲੇ ਕੇ ਕਤਲ ਕਾ ਜ਼ਿਕਰ ਕਰਤੇ ਹੁਏ ਕਹਿਤਾ ਹੈ ਕਿ ਜੇਹਲ ਜਾਲੰਧਰ ਮੇਂ ਮੁਜਸਟਰੇਟ ਅਬਦੁਲ ਫਤਹ ਕੇ ਸਾਹਮਣੇ ਇਸ ਨੇ ਬਾਬੂ ਸਿੰਘ ਕੀ ਸ਼ਨਾਖਤ ਕਰਵਾਈ ਗਈ ਜਿਸ ਮੇਂ ਵੋਹ ਬਾਬੂ ਜੀ ਕੋ ਸਨਾਖਤ ਨਾ ਕਰ ਸਕਾ, ਯਹਾਂ ਪਰ ਇਸ ਅਦਾਲਤ ਮੇਂ ਹੀ ਵੋਹ ਬਾਬੂ ਸੰਤ ਸਿੰਘ ਕੋ ਸ਼ਨਾਖਤ ਨਾ ਕਰ ਸਕਨੇ ਕਾ ਇਕਰਾਰ ਕਰਤਾ ਇਸ ਕੇ ਬਰਅਕਸ ਅਬਦੁਲ ਫਤਾਹ ਜਾਲੰਧਰ ਸੇ ਸਹਾਦਤ ਕਲਮ ਬੰਦ ਕਰਕੇ ਭੇਜਤਾ ਹੈ ਕਿ ਗਵਾਹ ਹਰੀ ਦਾਸ ਨੇ ਬਾਬੂ ਸੰਤਾ ਸਿੰਘ ਕੋ ਸ਼ਨਾਖਤ ਕਰ ਲਿਆ ਹੈ।

ਹੁਣ ਖੁਦਾ ਜਾਣੇ ਕਿਸ ਕਾ ਝੂਠ ਕਿਸ ਕੀ ਗਲਤੀ ਹੈ, ਗਵਾਹ ਕੀ ਯਾ ਮੁਜਸਟਰੇਟ ਕੀ:

ਨੰ ੨ ਸਰਕਾਰੀ ਗਵਾਹ ਦੀਵਾਨ ਸਿੰਘ ਕੁਕੜ ਬੀੜੂ ਹੁਸ਼ਿਆਪੁਰ ਕੀ ਜਮਾਨਤ ਜੋ ਅਦਾਲਤ ਨੇ ਤਲਬ ਕੀ, ਕਈ ਦਿਨ ਜੇਹਲ ਮੇਂ ਇਸ ਕੋ ਅਦਮ ਅਦਾਇਗੀ ਮੇਂ ਖਵਾਰ ਕੀਆ ਇਸ ਕੀ ਵਜਾ ਸਿਰਫ ਯੇਹੀ ਹੈ ਕਿ ਪਹਿਲੇ ਪੁਲਸ ਕੀ ਚਾਲੋਂ ਮੇਂ ਫੰਸ ਕਰ ਇਸ ਨੇ ਬਾਬੂ ਸੰਤਾ ਸਿੰਘ ਕੇ ਖਲਾਫ ਸ਼ਹਾਦਤ ਦੀ ਔਰ ਉਨ ਲਾਭ ਸਿੰਘ ਕੀ ਕਤਲ ਕੀ ਹਸੀਯਤ ਮੇਂ ਸ਼ਨਾਖਤ ਕੀਆ ਲੇਕਨ ਜਬ ਇਸ ਅਦਾਲਤ ਮੇਂ ਮਿਸਟਰ ਬੁਲ ਕੇ ਸਾਹਮਣੇ ਸ੍ਰ: ਵਕੀਲ ਨੇ ਇਸ ਸੇ ਧਰਮ ਕੀ ਕਸਮ ਲੀ ਔਰ ਇਸ ਸੇ ਕਹਿਲਵਾਇਆ ਕਿ ਤੁਮ ਕਹੋ ਕਿ ਮੈਂ ਧਰਮ ਸੇ ਸਚ ਸਚ ਕਹੂੰਗਾ ਇਸ ਕੇ ਦਿਲ ਨੇ ਜੁਰਅਤ ਨਾ ਕੀ ਕਿ ਵੋਹ ਧਰਮ ਸੇ ਝੂਠੇ ਬਿਆਨ ਦੇ ਇਸ ਲੀਏ ਇਸ ਨੇ ਸਚ ਸਚ ਬਿਆਨ ਕਰ ਦੀਆ, ਔਰ ਕਹਾ ਕਿ ਨਾ ਹੀਂ ਮੈਂ ਬਾਬੂ ਸੰਤਾ ਸਿੰਘ ਕੋ ਜਾਨਤਾ ਥਾ ਔਰ ਨਾ ਹੀ ਮੁਝੇ ਅਬਦਲ ਫਤਹ ਕੇ ਸਾਹਮਣੇ ਸ਼ਨਾਖਤ ਕਰਤੇ ਵਕਤ ਯੇਹ ਮਾਲੂਮ ਥਾ ਕਿ ਮੁਝ ਸੇ ਕਿਸ ਬਾਰੇ ਮੇਂ ਬਾਬੂ ਸੰਤ ਸਿੰਘ ਕੀ

ਸ਼ਨਾਖਤ ਕਰਵਾਈ ਜਾਤੀ ਥੀ ਲੇਕਨ ਪੁਲਸ ਕੇ ਡਰਾਨੇ ਔਰ ਧਮਕਾਨੇ ਔਰ ਪਿਨਸ਼ਨ ਖੋਹ ਬੈਠਨੇ ਕਾ ਖੌਫ ਦਲਾਨੇ ਪਰ ਇਸ ਨੇ ਬਾਬੂ ਸੰਤਾ ਸਿੰਘ ਕੋ ਸ਼ਨਾਖਤ ਕਰਨੇ ਕਾ ਝੂਠ ਬੋਲਾ ...... ਲੁਤਫ ਕੀ ਬਾਤ ਯੇਹ ਹੈ ਕਿ ਇਸ ਝੂਠ ਕੋ ਸਚ ਕਾ ਰੰਗ ਚੜ੍ਹਾਨੇ ਕੇ ਲੀਏ ਪੁਲਸ ਨੇ ਬਾਬੂ ਸੰਤਾ ਸਿੰਘ ਕੀ ਦੀਵਾਨ ਸਿੰਘ ਕੋ ਸ਼ਨਾਖਤ ਕਰਨੇ ਸੇ ਪੇਸ਼ਤਰ ਇਕ ਮੁਕਾਨ ਮੇਂ ਦਖਾਲ ਦੀਆ ਥਾ ਔਰ ਦੀਵਾਨ ਸਿੰਘ ਕੋ ਕਹਾ ਕਿ ਤੁਮ ਨੇ ਇਸ ਸ਼ਖਸ (ਸੰਤਾ ਸਿੰਘ) ਕੋ ਸ਼ਨਾਖਤ ਕਕਨਾ ਹੈ ਇਸ ਸਚ ਬੋਲਣੇ ਕੇ ਸਿਲੇ ਮੇਂ ਇਸ ਸੇ ਇਕ ਹਜ਼ਾਰ ਰੁਪਏ ਕੀ ਜ਼ਮਾਨਤ ਤਲਬ ਕੀ ਗਈ ਔਰ ਇਸ ਕੀ ਅਦਮ ਅਦਾਇਗੀ ਮੇਂ ਇਕ ਮਹੀਨਾ ਤਕ ਜੇਹਲ ਕੀ ਤਕਲੀਫ ਬਰਦਾਸ਼ਤ ਕਰਨੀ ਪੜੀ।

ਮੁੰਦਰਜਾ ਬਾਲਾ ਗੁਵਾਹੀਉਂ ਸੇ ਕਹੀ ਦਿਲਚਸਪ ਜ਼ੈਲ ਕੀ ਗਵਾਹੀ ਹੈ। ਨੰ. ੩ ਸ੍ਰ: ਗਵਾਹ, ਬਸੰਤ ਸਿੰਘ ਪਿੰਡ ਰਹਿਸੀ ਵਾਲ ਬਿਆਨ ਕਰਤਾ ਹੈ ਕਿ ਜਲੰਧਰ ਕੀ ਪੋਲੀਸ ਨੇ ਉਸ ਕੇ ਗਲੇ ਮੇਂ ਪਗੜੀ ਡਾਲ ਕਰ ਉਸ ਕੋ ਬਹੁਤ ਮਾਰਾ ਪੀਟਾ ਔਰ ਕਹਾ ਕਿ ਅਗਰ ਵੋਹ ਉਨਕੇ ਕਹਿਨੇ ਮੁਤਾਬਕ ਸ਼ਹਾਦਤ ਨਹੀਂ ਦੇਗਾ ਤੋ ਉਸੇ ਫਾਸੀ ਦਲਵਾ ਦੀਆ ਜਾਇਗਾ, ਅਗਰ ਵੋਹ ਇਸ ਮਾਰ ਪੀਟ ਕਾ ਜ਼ਿਕਰ ਕਿਸੇ ਮੁਜਸਟਰੇਟ ਕੇ ਪਾਸ ਕਰੇਗਾ ਤੋ ਉਸੇ ਪੁਠਾ ਲਟਕਾ ਕਰ ਬਹੁਤ ਮਾਰੇਂਗੇ ਇਸ ਲੀਏ ਉਸ ਨੇ ਪਹਿਲੇ ਮੁਜਸਟਰੇਟ ਕੀ ਅਦਾਲਤ ਜਾਲੰਧਰ ਮੇਂ ਮਾਰ ਪੀਟ ਕਾ ਜ਼ਿਕਰ ਨਹੀਂ ਕੀਆ ਔਰ ਜੋ ਉਸ ਕੋ ਪੁਲਸ ਵਾਲੋਂ ਨੇ ਫਰਜ਼ੀ ਕਹਾਣੀ ਰਚਾ ਦੀ ਥੀ ਵੋਹੀ ਇਸ ਨੇ ਬਿਆਨ ਕਰਦੀ ਦਰਅਸਲ ਉਸ ਕੋ ਕੁਝ ਖਬਰ ਨਹੀਂ ਥੀ ਨਾਂਹੀਂ ਉਸ ਕੋ ਕੁਝ ਮਾਲੂਮ ਥਾ।

ਸ਼ਹੀਦ ਭਾਈ ਕਿਸ਼ਨ ਸਿੰਘ ਜੀ ਗੜਗਜ ਚਕਰਵਰਤੀ ਦੇ ਇਨਾਂ ਬਿਆਨਾਂ ਤੋਂ ਭਲੀ ਪ੍ਰਕਾਰ ਪਾਠਕਾ ਨੂੰ ਪ੍ਰਤੀਤਾ ਹੋ ਗਈ ਹੋਵੇਗੀ

ਕਿ ਬੁਲ ਦੀ ਅਦਾਲਤ ਵਿਚ ਕਿਵੇਂ ਹਨੇਰ ਗਰਦੀ ਮਚ ਰਹੀ ਸੀ ਔ
ਫਜ਼ਲ ਇਮਾਮ ਤੇ ਪਿੰਡੀ ਦਾਸ, ਬੁਲ ਨੂੰ ਕਿਵੇਂ ਕਠ ਪੁਤਲੀ ਬ
ਕੇ ਨਚਾ ਰਹੇ ਸਨ।

(ਸ੍ਰੋ: ਮ. ਗੁ ਦੁ ਪ੍ਰ. ਕ. ਤੇ ਕੌਮੀ ਅਖਬਾਰ ਦੀ ਅਨ ਗਹਿਲੀ

ਨੌਕਰ ਸ਼ਾਹੀ ਨੇ ਏਹ ਸਾਬਤ ਕਰਨ ਦੀ ਕੋਸ਼ਸ ਕੀਤੀ ਬਬਰ ਅਕਾਲੀ ਦੇਸ਼ ਸੇਵਕ ਤੇ ਕੌਮੀ ਕਮ ਕਰਨ ਵਾਲੇ ਬੰਦੇ ਨਹੀਂ ਸਗੋਂ ਡਾਕੂ ਚੋਰ ਬਦਮੁਆਸ ਤੇ ਨਿਜ ਸੁਆਰਥੀ ਹਨ ਔਰ ਏਹੋ ਗਲ ਅਖਬਾਰਾਂ ਵਿਚ ਛਪਾਕੇ ਦੁਨੀਆਂ ਉਤੇ ਪ੍ਰਗਟ ਕੀਤਾ, ਪਰ ਜੋ ਸਚਾਈ ਸੀ ਉਸ ਨੂੰ ਗੁਪਤ ਰਖਿਆ।

ਜੇ ਨੌਕਰ ਸ਼ਹੀ ਦੇ ਉਤਰ ਵਿਚ ਅਸੀਂ ਬਿਲਕੁਲ ਆਪਣੇ ਲਿਖਤੀ ਬਿਆਨਾਂ ਵਿਚ ਰੋਸ਼ਨੀ ਪਾਨ ਦਾ ਯਤਨ ਕੀਤਾ ਤਾਂ ਓਹ ਨਿਸਫਲ ਗਿਆ ਕਿਉਂਕਿ ਬਿਆਨ ਕੇਵਲ ਬੁਲ ਦੀ ਤੇ ਟਾਇਪ ਦੀ ਟੋਕਰੀ ਦਾ ਸੰਗਾਰ ਹੀ ਬਣੇ ਕਿਉਂਕਿ ਸਚ ਪ੍ਰਗਟ ਕਰਨ ਵਾਲੇ ਲੇਖ ਨੂੰ ਨੌਕਰ ਸ਼ਾਹੀ ਕਦੋਂ ਦੁਨੀਆ ਦੇ ਸਾਹਮਣੇ ਜਾਣ ਦੇਂਦੀ ਸੀ ਤੇ ਅਖਬਾਰਾਂ ਤੇ ਰੀਪੋਰਟਰਾਂ ਨੇ ਅਦਾਲਤ ਦੇ ਕਮਰੇ ਤਕ ਔਣ ਦੀ ਖੇਚਲ ਹੀ ਨਾ ਕੀਤੀ।

ਇਸ ਵੇਲੇ ਸ੍ਰੋ: ਮਨੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਫਰਜ਼ ਸੀ ਕਿ ਕਿਸੇ ਬੰਦੇ ਨੂੰ ਭੇਜ ਕੇ ਕਿਸੇ ਬਬਰ ਅਕਾਲੀ ਮੁਲਜਮ ਨਾਲ ਮੁਲਾਕਾਤ ਕਰਕੇ ਦਰਖਾਸਤ ਕਰਦੀ ਕਿ ਬਾਹਰਲੀ ਦੁਨੀਆਂ ਵਿਚ ਤੁਸਾਂ ਸਬੰਧੀ ਏਹ ਪ੍ਰਗਟ ਕੀਤਾ ਗਿਆ ਹੈ ਕਿ ਤੁਸੀਂ ਚੋਰ ਡਾਕੂ ਹੋਂ ਅਸਲ ਗਲ ਕੀ ਹੈ, ਕਿ ਤੁਸੀਂ ਯਾ ਤੁਹਾਡੇ ਵਿਚੋਂ ਕੋਈ ਬੰਦਾ ਇਸ ਉਤੇ ਰੋਸ਼ਨੀ ਪੈਣ ਦਾ ਯਤਨ ਕਰੇਗਾ? ਪਰ ਕਮੇਟੀ ਨੇ ਬਬਰ ਅਕਾਲੀਆਂ ਦਾ ਪ੍ਰਛਾਵਾਂ ਲੈਣਾ ਭੀ ਗੁਨਾਹ ਸਮਝਿਆ ਤੇ ਜੋ ਕੁਝ

ਨੌਕਰ ਸ਼ਾਹੀ ਨੇ ਪ੍ਰਗਟ ਕੀਤਾ ਸੀ ਉਸ ਨੂੰ ਤਸਲੀਮ ਕਰਲਿਆ ਜੇ ਕਮੇਟੀ ਬਬਰ ਅਕਾਲੀਆਂ ਤੋਂ ਡਰਦੀ ਸੀ ਓਹ ਓਸਦੇ ਸ਼ਾਤ ਮਈ ਵਾਲੇ ਢੰਗ ਤੋਂ ਉਲਟ ਚਲ ਰਹੇ ਸਨ ਤਾਂ ਏਹ ਭੀ ਗਲਤ ਗਲ ਹੈ ਕਿਉਂਕਿ ਉਸ ਕਮੇਟੀ (ਸ਼੍ਰੋ. ਗੁ ਪ੍ਰ. ਕਮੇਟੀ) ਦੇ ਮੈਂਬਰ ਜਥੇਦਾਰ ਬਬਰ ਅਕਾਲੀ ਬਾਬਾ ਦਲੀਪ ਸਿੰਘ ਜੀ ਪ੍ਰਧਾਨ ਹੁਸ਼ਿਆਰਪੁਰ ਸਾਧੜਾ ਬਾਬੂ ਉਧਮ ਸਿੰਘ ਜੀ ਜੰਡੂ ਸਿੰਘਾ ਸੂਬੇਦਾਰ ਅਮਰ ਸਿੰਘ ਜੀ ਧਾਰੀਵਾਲ (ਏਹ ਤਿਨੇ ਸਿੰਘ ਉਸ ਵਕਤ ਸ਼੍ਰ: .ਮ. ਕਮੇਟੀ ਦੇ ਮੈਂਬਰ ਸਨ) ਭੀ ਬਬਰ ਅਕਾਲੀ ਸਾਜ਼ਸ ਵਿਚ ਪਕੜੇ ਗਏ ਹੋਏ ਸਨ ਉਨਾਂ ਤੋਂ ਹੀ ਦਰਿਆਫਤ ਕਰ ਲੈਂਦੇ. ਤੇ ਕੌਮੀ ਅਖਬਾਰਾਂ ਦੇ ਪ੍ਰਬੰਧਕਾਂ ਨੇ ਭੀ ਅਜੇਹੀ ਮੋਨ ਧਾਰੀ ਕਿ ਉਹ ਕਿਸੇ ਕੋਠੀ ਵਿਚ ਵੜਕੇ ਘੂਕ ਨੀਂਦਰ ਸੁਤੇ ਹੋਏ ਸਨ, ਸੁਰੂ ਤੋਂ ਲੇਕੇ ਅੰਤ ਤੋੜੀ ਕਿਸੇ ਅਖਬਾਰ ਨੇ ਅਪਣੇ ਰੀਪੋਰਟਰ ਭੇਜਣ ਦੀ ਇਸ ਮੁਕਦਮੇਂ ਵਿਚ ਦੀ ਖੇਚਲ ਨਾ ਕੀਤੀ, ਅਰ ਨਾਹੀ ਇਹ ਦੁਨੀਆਂ ਵਿਚ ਪ੍ਰਗਟ ਕੀਤਾ ਕਿ ਬਬਰ ਅਕਾਲੀ ਮੁਕਦਮੇ ਅਜ਼ਾਦ ਅਰ ਕੌਮੀ ਰੀਪੋਰਟਰ ਦਾ ਦਾਖਲਾ ਬੰਦ ਹੈ, ਅਜੇਹੀ ਸਮਾਧੀ ਲਾਈ ਤੇਤੇ ਜੁਗ ਤੋਂ ਲੈਕੇ ਪਹਾੜ ਦੀ ਕੰਦਰਾਂ ਵਿਕ ਅਜ ਤਕ ਤਾੜੀ ਲਾਈ ਹੋਈ ਹੈ ਅਪਣੇ ਫਰਜ਼ ਨੂੰ ਉਕਾ ਅਨਭਵ ਹੀ ਨਾ ਕੀਤਾ ਬਲਕਿ ਮੁਲਜ਼ਮ ਭਰਾਵਾਂ ਦੇ ਬਿਆਨ ਹੋਣ ਸਮੇਂ ਭੀ ਅਦਾਲਤ ਤਕ ਫੇਰਾ ਨਾ ਪਾਇਆ ਬਸ ਫੇਰ ਕੀ ਸੀ ਦਿਨ ਦੀਵੀ ਜੋ ਲੁਟ ਸਰਕਾਰੀ ਗੁਲਾਮਾਂ ਨੇ ਮਚਾਈ, ਓਹੀ ਸਚੀ ਮਨਾਈ ਗਈ, ਕੌਮੀ ਸੋਸਾਇਟੀਆਂ ਤੇ ਅਖਬਾਰਾਂ ਦੀ ਅਨਗਹਿਲੀ ਦੇ ਕਾਰਨ ਨੌਕਰ ਸ਼ਾਹੀ ਨੇ ਦੇਸ਼ ਸੇਵਕ ਬੀਰ ਬਹਾਦਰ ਬਬਰ ਅਕਾਲੀਆਂ ਨੂੰ ਪੂਰੀ ਤਰਹ ਡਾਕੂ ਤੇ ਬਦਮਾਸ਼ ਕਰਨ ਹਿਤ ਜੋ ਡਾਕੂ ਡਕੈਤੀਆਂ ਦੇ ਜੁਰਮ ਵਿਚ ਪਕੜੇ ਉਹ ਭੀ ਦੁਨੀਆਂ ਵਿਚ ਬ. ਅਕਾਲੀ ਪ੍ਰਗਟ ਕੀਤੇ ਇਸ ਮੁਕਦਮੇ ਵਿਚ ੨੩ਾਂ ਵੈਹਦਾ ਮੁਆਫ ਤੇ ੪੭੫ ਗਵਾਹ ਭੁਗਤੇ ਜਿਨ੍ਹਾਂ ਦੇ ਨਾਮ ਤੇ ਗਵਾਹੀ ਦਾ ਨਤੀਜਾ ਮੈਂ ਕਿਤੇ ਅਗੇ ਲਿਖਾਂਗਾ।

ਸ਼ਨਾਖਤਾਂ

ਮੁਲਜ਼ਮ ਬਬਰ ਅਕਾਲੀ ਨੂੰ ਜੇਹਲੋਂ ਬਾਹਰ ਹਵਾਲ
ਵਿਚ ਰਖਕੇ ਝੂਠੇ ਵੈਹਦਾ ਮੁਆਫ ਤੇ ਗਵਾਹਾਂ ਨੂੰ ਚੰਗੀ ਤ
ਦਖਲਾਇਆ ਜਾਂਦਾ ਸੀ ਤੇ ਉਸ ਦੇ ਪਿਛੋਂ ਕਿਸੇ ਗੁਲਾਮ ਮੁਜਸਟ
ਦੇ ਸਾਹਮਣੇ ਜੇਹਲ ਵਿਚ ਉਪਰ ਦਸੇ ਵੈਹਦਾ ਮੁਆਫ ਤੇ ਗਵਾਹਾਂ ਪ
ਸ਼ਨਾਖਤ ਕਰਾਈ ਜਾਂਦੀ ਸੀ, ਇਸ ਵੇਲੇ ਮਜਸਟਰੇਟ ਦੇ ਨਾ
ਪੁਲੀਸ ਅਫਸਰ ਜੇਹਲ ਵਿਚ ਸਾਥ ਹੋਇਆ ਕਰਦੇ ਸਨ ਸ਼ਨਾਖ
ਵਾਲੇ ਬੰਦਿਆਂ ਨੂੰ ਕਪੜੇ ਬਦਲਣ ਦੀ ਆਗਿਆ ਨਹੀਂ ਸੀ ਹੁੰ
ਤੇ ਕਤਾਰ ਵਿਚ ਖੜੇ ਕਰਕੇ ਉਨ੍ਹਾਂ ਦੇ ਨਾਮ ਲਿਖੇ ਜਾਂਦੇ ਸਨ,
ਜੇਹੜੀ ਥਾਂ ਤੇ ਉਹ ਖੜੇ ਹੁੰਦੇ ਸੀ ਓਹ ਥਾਂ ਛਡਣ ਦੀ ਅਗਿ
ਬਿਲਕੁਲ ਨਹੀਂ ਹੁੰਦੀ ਸੀ, ਤੇ ਪੁਲੀਸ ਅਫਸਰਾਂ ਨੂੰ ਜੇਹਲੋਂ ਬਾਹ
ਜਾਣ ਤੇ ਬਾਹਰੋਂ ਅੰਦਰ ਔਣ ਦੀ ਖੁਲ ਸੀ ਫਿਰ ਭੀ ਸ਼ਨਾਂਖਤ ਹੋ
ਵਾਲੇ ਬੰਦੇ ਦੇ ਕਪੜੇ ਤੇ ਥਾਂ ਗੁਵਾਹਾਂ ਨੂੰ ਦਸਿਆ ਕਰਦੇ ਸਨ ਜਿ
ਕਰਕੇ ਸ਼ਨਾਖਤ ਕਰਨ ਵਿਚ ਉਸ ਨੂੰ ਕੋਈ ਦਿਕਤ ਪੇਸ਼ ਨਹ
ਔਂਦੀ ਸੀ, ਬੁਲ ਦੀ ਅਦਾਲਤ ਵਿਚ ਪੁਲਸ ਦੇ ਕਹਿਣੇ ਮੁਤਾਬਕ
ਸ਼ਨਾਖਤ ਹੋਇਆ ਕਰਦੀ ਸੀ ਜਿਸ ਆਦਮੀ ਨੂੰ ਗਵਾਹ ਜਾਣਦਾ ਹੋ
ਬਾਵਜੂਦ ਮੁਲਜ਼ਮਾਂ ਦੇ ਕਹਿਣ ਦੇ ਭੀ ਉਸ ਦੀ ਹਥ ਕੜੀ ਤੇ ਕਪ
ਨਹੀਂ ਸੀ ਬੇਦਲੇ ਜਾਂਦੇ. ਟਾਇਪ ਦੀ ਅਦਾਲਤ ਵਿਚ ਇਸ ਤੇ ਵਸੇ
ਸ਼ਨਾਖਤਾਂ ਦੇ ਢੰਗ ਹੇਠ ਮੁਆਫ ਸਨ ।

ਮਿਸਟਰ ਟਾਈਪ ਸ਼ੈਸ਼ਨ ਜਜ

ਬੁਲ ਦੀ ਕਚਹਿਰੀ ਦਾ ਬਤੌਰ ਨਮੂਨਾ ਵਰਨਨ ਕਰ ਚੁਕ ਹੋ
ਕਿ ਕਿਵੇਂ ਪਿੰਡੀ ਦਾਸ ਤੇ ਫਜ਼ਲ ਇਮਾਮ ਨੇ ਬਬਰ ਅਕਾਲੀਆ
ਉਤੇ ਜੋ ਜੀ ਚਾਇਆ ਬੁਲ ਤੋਂ ਮਿਸਨ ਵਿਚ ਲਖਵਾਇਆ ਗਵਾਹ
ਕਹੇ ਯਾ ਨਾਂ ਕਹੇ ਕੋਈ ਜ਼ਰੂਰੀ ਨਹੀ ਹੁਨ ੨–੬–੨੪ ਨੂੰ ਟਾਇਪ

ਦਾ ਜ਼ਮਾਨ ਆਗਿਆ ਉਕਤ ਤਾਰੀਖ ਨੂੰ ਟਾਇਪ ਦੀ ਅਦਾਲਤ ਸੰਟ੍ਰਲ ਜੇਹਲ ਲਾਹੌਰ ਵਿਚ ਬਬਰ ਅਕਾਲੀ ਸਾਜ਼ਸ਼ ਦਾ ਮੁਕਦਮਾਂ ਅਰੰਭ ਹੋਇਆ ਸਭ ਤੋਂ ਪਹਿਲਾਂ ਸ਼ਹੀਦ ਭਾਈ ਕਰਮ ਸਿੰਘ ਜੀ ਝਿੰਗੜ ਤੇ ਸ਼ਹੀਦ ਭਾਈ ਕਿਸ਼ਨ ਸਿੰਘ ਜੀ ਬੜਿੰਗ ਮਾਸਟਰ ਦਲੀਪ ਸਿੰਘ ਜੀ ਗੋਸਲ ਤੇ ਜਥੇਦਾਰ ਬਾਬਾ ਦਲੀਪ ਸਿੰਘ ਜੀ ਸਾਂਧੜਾ ਨੂੰ ਟਾਇਪ ਨੇ ਪੁਛਿਆ ਕਿਉਂ ਬਾਬਾ ਜੀ ਕਿਆ ਆਪ ਵਕੀਲ ਦਿਓਗੇ? ਕਿ ਸਰਕਾਰੀ ਦੀਆ ਜਾਵੇ।ਬਾਬਾ ਜੀ ਨੇ ਜਵਾਬ ਦਿਤਾ ਕਿ ਮੈਂ ਤਾਂ ਗੌਰਮਿੰਟ ਨੂੰ ਅਦਾਲਤ ਹੀ ਨਹੀਂ ਮਨਦਾ ਵਕੀਲ ਦੀ ਕੀ ਲੋੜ ਹੈ ਅਤੇ ਨਾਹੀਂ ਅੰਗਰੇਜ਼ੀ ਹਕੂਮਤ ਦੀਆਂ ਅਦਾਲਤਾਂ ਇਨਸਾਫ ਕਰ ਸਕਦੀਆਂ ਹਨ, ਜੱਜ ਨੇ ਕਿਹਾ ਕਿ ਹਮ ਇਨਸਾਫ ਕਰੇਗਾ, ਮਗਰ ਭਾਈ ਕਰਮ ਸਿੰਘ ਜੀ ਝਿੰਗੜ ਤੇ ਸ਼ਹੀਦ ਭਾਈ ਕਿਸ਼ਨ ਸਿੰਘ ਜੀ ਨੇ ਮੂੰਹ ਤੋੜ ਜਵਾਬ ਦਿਤਾ ਕਿ ਅਸੀਂ ਨਹੀਂ ਮਨਦੇ ਕਿ ਤੂੰ ਇਨਸਾਫ ਕਰਦਾ ਹੈਂ ਇਨ੍ਹਾਂ ਕੁਰਸੀਆਂ ਤੇ ਬੈਠ ਕੇ ਕੋਈ ਸਖਸ਼ ਭੀ ਇੰਨਸਾਫ ਨਹੀਂ ਕਰ ਸਕਦਾ ਫਿਰ ਜਜ ਨੇ ਕਿਹਾ ਕਿ ਕਾਨੂੰਨ ਕੀ ਰੂਹ ਸੇ ਹਮ ਆਪ ਕੋ ਸਰਕਾਰ ਕੀ ਤਰਫ ਸੇ ਜ਼ਰੂਰ ਵਕੀਲ ਦੇਂਗੇ ਭਾਈ ਕਿਸ਼ਨ ਸਿੰਘ ਜੀ ਨੇ ਕਿਹਾ ਕਿ ਮੈਂ ਤਸਲੀਮ ਨਹੀਂ ਕਰੂੰਗਾ ਜਜ ਨੇ ਕਿਹਾ ਕਿ ਆਪ ਕੀ ਮਰਜ਼ੀ ਇਸ ਦੇ ਪਿਛੋਂ ਭਾਈ ਸੁੰਦਰ ਸਿੰਘ ਜੀ ਬਬਰ ਤੇ ਬਾਬੂ ਸੰਤਾ ਸਿੰਘ ਜੀ ਨਧੜਕ ਭੁਝੰਗੀ ਦਲੀਪ ਸਿੰਘ ਜੀ ਧਾਮਿਆਂ ਬਾਬਾ ਸੁੰਦਰ ਸਿੰਘ ਜੀ ਕੁਲੇਵਾਲ ਗਿ. ਕਰਤਾਰ ਸਿੰਘ ਗੋਂਦਪੁਰ ਕਿਹਾ ਕਿ ਉਹ ਨਾ ਮਿਲ ਵਰਤਨੀਏ ਹਨ ਇਸ ਲਈ ਉਹ ਕੋਈ ਵਕੀਲ ਨਹੀਂ ਦੇਨਗੇ ਆਖਰ ਓਪਰ ਜ਼ਿਕਰ ਕਰਦਾ ੯ ਬਬਰ ਅ. ਦੇ ਮਥੇ ਬਦੋ ਬਦੀ ਇਕ ਨਖਿਧ ਵਕੀਲ ਰਾਮ ਲਾਲ (ਜੋ ਸ੍ਰ. ਵਕੀਲ ਪਿੰਡੀ ਦਾਸ ਦਾ ਰਿਸ਼ਤੇਦਾਰ ਸੀ) ਮੜਿਆ ਗਿਆ, ਤੇ ਤਮਾਸ਼ਾ ਅਰੰਭ ਹੋਇਆ, ਇਸ ਦਾ ਕਥਨ ਕਰਨਾ ਹੀ ਕਠਨ ਹੈ, ਬੁਲ ਤਾਂ ਪੁਲਸ ਦੇ ਸਰਕਾਰੀ ਵਕੀਲ ਦੇ ਕਹਨੇ ਹੀ ਲਿਖ ਦਿੰਦਾ ਸੀ ਪਰ ਏਹ ਅਪਣੀ ਸਫਾਈ ਦਖੌਣ ਇਤ ਗਵਾਹ ਦੇ

ਮੂਹੋਂ ਗਲ ਅਖਵੌਣ ਦਾ ਯਤਨ ਕਰਿਆ ਕਰਦਾ ਸੀ ਜੋ ਗਵਾਹ ਪਿਛਲੀ ਕਹਾਣੀ ਤੋਂ ਉਕਦਾ ਹੋਵੇ ਤਾਂ ਏਹ ਭਧਰ ਪੁਰਸ਼ ਤਿਨ ਚਾਰ ਵਾਰੀ ਉਲਟਾ ਪਲਟਾ ਕਰ ਕਰਾਕੇ ਮਿਸਲ ਵਿਚ ਦਰਜ ਕਰਿਆ ਕਰਦਾ ਸੀ ਜੇ ਨਾਹੀਂ ਕਰੇ ਤਾਂ ਅੰਤ ਏਹ ਭੀ ਕਹਿ ਦਿੰਦਾ ਕਿ ਤੇਰੇ ਬੁਲ ਵਾਲ਼ੇ ਬਿਆਨ ਵਿਚ ਤਾਂ ਇਉਂ ਲਿਖਿਆ ਹੈ ਤੇ ਹੁਣ ਇਉਂ ਕਹਿ ਦਿੰਦਾ ਹੈਂ, ਗਵਾਹ ਨੇ ਝਟ ਕਹਿ ਦੇਣਾਂ ਕਿ ਬੁਲ ਵਾਲਾ ਹੀ ਠੀਕ ਹੈ, ਇਕ ਦਿਨ ਦੀ ਗਲ ਹੈ ਜਦੋਂ ਕਿ ਗੰਡਾ ਸਿੰਹ ਪੁਲਸੀਆਂ ਥਾਨਾ ਬੰਗਾ ਵਾਲਾ ਗਵਾਹੀ ਦੇ ਰਿਹਾ ਸੀ ਜਜ ਨੇ ਆਖਿਆ ਸ਼ੇਰ ਸਿੰਹ ਗਵਾਹ ਤੋ ਕਹਿਤਾ ਹੈ ਕਿ ਤੁਮ ਖਾਨਾ ਬੰਗਾ ਕੋ ਜਾਣਾ ਚਾਹਤੇ ਥੇ ਮਗਰ ਤੁਮ ਕਹਿਤੇ ਹੋ ਕਿ ਸ਼ੇਰ ਸਿੰਹ ਜਾਣਾ ਚਾਹਤਾ ਥਾ ? ਇਸ ਪਰ ਝਟ ਗਵਾਹ ਨੇ ਕਹਿ ਦਿਤਾ ਕਿ 'ਹਾਂ ਜੀ ਮੈਂ ਹੀ ਜਾਣਾ ਚਾਹਤਾ ਥਾ' ਇਸ ਪਰ ਭਾਈ ਕਰਮ ਸਿੰਘ ਜੀ ਝਿੰਗੜ ਤੇ ਭਾਈ ਕਿਸ਼ਨ ਸਿੰਘ ਨੇ ਕਿਹਾ ਕਿ ਤੂੰ ਏਹੋ ਜਿਹਾ ਹੀ ਇਨਸਾਫ ਕਰਨੇ ਨੂੰ ਕਹਿੰਦਾ, ਜਦ ਤੂੰ ਇਖਤਲਾਫ ਨਾਲ ਦੀ ਨਾਲ ਹੀ ਦਸੀ ਜਾਂਦਾ ਹੈਂ ਤਾਂ ਮਿਸਲ ਵਿਚ ਇਖਤਲਾਫ ਕਿਵੇਂ ਰਹਿ ਸਕਦਾ ਹੈ ਕਿ ਏਹ ਤੇਰਾ ਕਹਿਣਾ ਜਾਇਜ਼ ਹੈ, ਇਸ ਪਰ ਜਜ ਨੇ ਕਿਹਾ ਕਿ ਹਮਾਰੀ ਮਰਜ਼ੀ ਹੈ, ਹਾਂ ਜਾਇਜ਼ ਹੈ ਭਾਈ ਸਾਹਬ ਨੇ ਕਿਹਾ ਕਿ ਮੈਂ ਤੈਨੂੰ ਕਹਿੰਦਾ ਸੀ ਕਿ ਇਨਸਾਫ ਦੀਆਂ ਡੀਗਾਂ ਨਾ ਮਾਰ, ਤੂੰ ਇਨਸਾਫ ਨਹੀ ਕਰ ਸਕਦਾ ਤੇ ਨਾਹ ਸਾਨੂੰ ਇਨਸਾਫ ਦੀ ਉਮੇਦ ਹੈ ਹੋਰ ਭੀ ਅਜੇਹੀਆਂ ਘਟਨਾ ਬਹੁਤ ਹਨ ਜੋ ਸਾਰੀਆਂ ਦਾ ਵਰਨਨ ਕਰਨ ਲਗ ਤਾਂ ਇਕ ਵਖਰੀ ਕਤਾਬ ਬਣ ਸਕਦੀ ਹੈ।

ਪਿੰਡੀ ਦਾਸ ਸਰਕਾਰੀ ਵਕੀਲ

ਏਹ ਸ਼ਖਸ ਪਰਲੇ ਦਰਜੇ ਦਾ ਬੇਈਮਾਨ ਤੇ ਚਾਲਾਕ ਤੇ ਹਰਾਮਜ਼ਾਦਾ ਹੈ। ੧੯੨੧ ਦੀ ਸਾਜ਼ਸ਼ ਵਿਚ ਏਹੋ ਸ੍ਰ. ਵਕੀਲ ਸੀ ਅ ਇਸ ਬਬਰ ਅਕਾਲੀ ਸਾਜ਼ਸ਼ ਵਿਚ ਭੀ ਇਸ ਨੇ ਪੈਸਾ ਲੁਟ ਕੇ ਖੂ

ਕੁਟੰਬ ਪਾਲਿਆ ਧਨਰਾਜ ਜੋ ਸਟੈਨੋ (ਲਿਖਣ ਦਾ ਕੰਮ ਕਰਦਾ ਸੀ) ਇਸ ਦੀ ਮਾਸੀ ਦਾ ਪੁਤਰ ਸੀ, ਤੇ ਰਾਮ ਲਾਲ ਵਕੀਲ (ਜੋ ਨਾ ਮਿਲ ਵਰਤਨੀਆਂ ਦੇ ਮਥੇ ਮੜਿਆ ਗਿਆ ਸੀ) ਤੇ ਜਿਸ ਨੇ ਕਿਸੇ ਗਵਾਹ ਉਤੇ ਕੋਈ ਜਿਰਹਾ ਨਹੀਂ ਕੀਤੀ ਕਿਉਂਕਿ ਨਾ ਮਿਲ ਵਰਤਨੀਆਂ ਬਬਰ ਅ. ਵਲੋਂ ਕਿਸੇ ਨੂੰ ਹਕ ਹਾਸਲ ਨਹੀਂ ਸੀ, ਕੇਵਲ ਉਹ ਕੁਰਸੀ ਉਤੇ ਬੈਠ ਕੇ ਚਲਾ ਜਾਂਦਾ ਸੀ, ਏਹ ਭੀ ਧਨ ਰਾਜ ਦੇ ਸਕੇ ਤਾਏ ਦਾ ਪੁਤਰ ਹੋਣ ਕਰਕੇ ਇਸ ਦਾ ਰਿਸ਼ਤੇਦਾਰ ਸੀ ਬਸ ਮਿਲ ਕੇ ਚੰਗੀ ਲੁਟ ਮਚਾਈ ਔਰ ਜਿਸ ਵੇਲੇ ਮੁਲਜ਼ਮਾਂ ਦਾ ਵਕੀਲ ਗਵਾਹ ਉਤੇ ਜਿਰਹਾ ਕਰਦਾ ਸੀ ਉਸ ਵੇਲੇ ਏਹ ਬਦਜ਼ਾਤ ਵਿਚੇ ਬੋਲੀ ਤੇ ਗਵਾਹ ਦੇ ਥਾਂ ਖੁਦ ਜਵਾਬ ਦੇਈ ਜਾਇਆ ਕਰਦਾ ਸੀ, ਬੁਲ ਦੇ ਸਮੇਂ ਤਾਂ ਰਾਜ ਹੀ ਇਸ ਦਾ ਸੀ, ਪਰ ਟਾਇਪ ਭੀ ਇਸ ਨੂੰ ਅਯੋਗ ਕੰਮ ਤੋਂ ਬੰਦ ਨਹੀਂ ਸੀ ਕੀਤਾ ਕਰਦਾ ਕਈ ਵਾਰ ਮੁਲਜ਼ਮਾਂ ਦੇ ਵਕੀਲ ਲਾਲਾ ਰਘਨਾਥ ਸਹਾਏ ਨੇ ਇਤਰਾਜ਼ ਕੀਤਾ ਕਿ ਮੇਰੇ ਜਿਰਹਾ ਦੇ ਵਕਤ ਇਸ ਨੂੰ ਬੋਲਣ ਦਾ ਕੋਈ ਹਕ ਨਹੀਂ ਪਰ ਕੌਣ ਸੁਣਦਾ ਸੀ ਜਦ ਕੋਈ ਮੁਲਾਜ਼ਮ (ਬਬਰ) ਕਿਸੇ ਪ੍ਰਕਾਰ ਦਾ ਇਤਰਾਜ਼ ਕਰਦਾ ਸੀ ਉਸ ਵੇਲੇ ਏਹ ਬਦਮੁਆਸ਼ ਖੁਦ ਹੀ ਝਾੜ ਕੇ ਬਠਾ ਦਿਆ ਕਰਦਾ ਸੀ।

ਮੀਰ ਫਜ਼ਲ ਇਮਾਮ ਡਿਪਟੀ ਸੁਪਰੰਟਡੰਟ ਸੀ. ਆਈ. ਡੀ. ਏਹ ਸ਼ਖਸ ਸ਼ੁਰੂ ਜਨਵਰੀ ੧੯੨੩ ਤੋਂ ਇਸ ਮੁਕਦਮੇ ਦੀ ਤਫਤੀਸ਼ ਤੇ ਲਾਇਆ ਗਿਆ ਸੀ ਏਹ ਉਂਝ ਭੀ ਹੁਸ਼ਿਆਰ ਸੀ ਪਰ ਬਈ ਮਾਨ ਚਾਲਾਕ ਤੇ ਧੋਖੇ ਬਾਜ਼ ਭੀ ਪੂਰੋ ਹੈ, ਮੁਲਜ਼ਮ ਲਬਰ ਅਕਾਲੀਆਂ ਦੇ ਇਕਬਾਲ ਕਰੌਣ ਹਿਤ ਮਾਰ ਕਟਾਈ ਤੇ ਧਾਰਮਕ ਬੇਇਜ਼ਤੀ ਭੀ ਪੂਰੀ ੨ ਆਪਣੇ ਮਾਤਹਿਤਾ ਤੋਂ ਕਰਵਾਈ ਸੀ ਜਿਸ ਸਖਤੀ ਦਾ ਵਰਨਨ ਨਮੂਨੇ ਮਾਤ੍ਰ ਮੈਂ ਕਰ ਆਇਆ ਹਾਂ, ਏਸ ਨੇ ਪਹਿਲੇ ੬੨ ਮੁਲਜ਼ਮ ਬਬਰ ਅਕਾਲੀਆਂ ਦਾ ਚਲਾਣ ਕਰਕੇ ਮੁਕਦਮਾਂ ਬੁਲ ਦੇ ਪੇਸ਼ ਕੀਤਾ ਸੀ ਔਰ ਦਰੋਗਾ ਖੈਰ ਦੀਨ ਜੇਹਲ ਲਾਹੌਰ ਨੂੰ ਹਥ ਵਿਚ ਲੈਕੇ ਬਬਰ ਅਕਾਲੀਆਂ ਉਤੇ ਬਹੁਤ ਸਖਤੀ ਕਰਾਈ ਸੀ ਸਭ ਬਬਰ ਬੇੜੀਆਂ ਨਾਲ ਜਕੜੇ ਹੋਹੇ ਰਹਿੰਦੇ ਸਨ ਪਰ ਇਹਾ ਸ਼ੈਤਾਨ ਦੋ ਚਾਰ ਆਦਮੀਆ ਦੀਆਂ

ਬੇੜੀਆਂ ਕਦੇ ਕਦਾਈਂ ਲੁਹਾ ਦਿੰਦਾ ਸੀ, ਇਸ ਲਈ ਲੁਹਾ ਦਿੰਦਾ ਸੀ ਕਿ ਇਨ੍ਹਾਂ ਵਿਚ ਬੇ ਇਤਫਾਕੀ ਪੈਜਾਵੇ ਜੇਜਾ ਕਿ ਗੋਰਮਿੰਟ ਨੇ ਏ ਬੀ ਕਲਾਸ ਦਾ ਤ੍ਰੀਕਾਂ ਜਾਰੀ ਕੀਤਾ ਹੋਇਆ ਹੈ ਕਿ ਦੇਸ਼ ਭਗਤ ਅਪੋਂ ਵਿਚ ਲੜਦੇ ਰਹਿਣਗੇ ਪਰ ਉਨ੍ਹਾ ਮਹਾਂ ਪੁਰਸ਼ਾਂ ਨੇ ਜਿਨ੍ਹਾਂ ਨੂੰ ਏ, ਬੀ ਕਲਾਸ ਦਿੰਦੇ ਰਹੇ ਫੌਰਨ ਲਤ ਮਾਰਕੇ ਪਰੇ ਤਿਆਗ ਕਰ ਛਡਿਆ ਇਸ ਤਰਹ ਬਬਰ ਅ. ਭੀ ਇਸ ਚਲਾਕ ਦੀਆਂ ਚਾਲਾਕੀਆ ਤੋ ਬਚਦੇ ਰਹੇ ਕਦੇ ਪਹਿਲਿਆਂ ਦੇ ਬੇੜੀਆਂ ਲੁਵਾ ਦਿਤੀਆਂ ਕਦੇ ਦੂਜੀਆਂ ਦੇ ਲਹਾ ਦੇਣੀਆਂ ਕਈ ਬਬਰਾਂ ਨੂੰ ਏਹ ਬਦਮੁਆਸ਼ ਖੇਰਦੀਨ ਦੇ ਰਾਹੀਂ ਡਿਊਟੀ ਬੁਲਾ ਕੇ ਪਰੇਰਨਾ ਕਰਦਾ ਰਿਹਾ ਕਿ ਉਹ ਇਕਬਾਲ ਕਰ ਲੈਣ ਅਰ ਉਹ ਉਨ੍ਹਾ ਨੂੰ ਛੁਡਾ ਦੇਵੇਗਾ ਪਰ ਇਸ ਚਲਾਕੀ ਵਿਚ ਭੀ ਕੋਈ ਬਬਰ ਅ. ਨਾ ਆਇਆ ਇਸ ਦੇ ਕਹਿਣੇ ਕਰਕੇ ਮੁਖੀ ਬਬਰ ਅ: ਨੂੰ ਵਖਰਾ ਸੰਗੀਨ ਕੋਠੀ ਵਿਚ ਰਖਿਆ ਜਾਂਦਾ ਸੀ ਤੇ ਬਾਕੀ ਬਬਰ ਅ: ਉਤੇ ਪਰਲੇ ਦਰਜੇ ਦਾ ਬੇਈਮਾਨ ਨੰਬਰਦਾਰ ਲਾਏ ਜਾਂਦੇ ਸਨ ਜੋ ਆਪਣੇ ਆਪ ਨੂੰ ਦਾਰੋਗੇ ਪਾਸ ਏਹ ਮਨ ਕੇ ਆਏ ਸਨ ਕਿ ਉਹ ਆਪਣੇ ਪਿਉ ਦੇ ਪੁਤਰ ਨਹੀਂ ਹਰਾਮ ਦੇ ਹਨ ਅਜੇਹੇ ਬੇਜ਼ਮੀਰੇ ਸ਼ਖਸ ਬਬਰ ਅ: ਦੇ ਪਰਬੰਧ ਹਿਤ ਨਿਯਤ ਕੀਤੇ ਗਏ ਜਿਸ ਕਿਸੇ ਬਬਰ ਦੀ ਏਹ ਸ਼ਖਸ ਦਰੋਗੇ ਪਾਸ ਸ਼ਕਾਇਤ ਕਰਦੇ ਸਨ ਬਗੈਰ ਪੇਸ਼ੀ ਯਾ ਪੁਛ ਗਿਛ ਕਰਦੇ ਉਨ੍ਹਾ ਨੂੰ ਕੋਈ ਬੰਦ ਕੀਤਾ ਜਾਂਦਾ ਸੀ ਕਈਆਂ ਨੂੰ ਹਥ ਕੜੀਆਂ ਦੀ ਸਜ਼ਾ ਝੂਠੀਆਂ ਸ਼ਕੈਤਾਂ ਦੇ ਅਧਾਰ ਉਤੇ ਦਿਤੀ ਜਾਂਦੀ ਰਹੀ ਖਾਸ ਕਰ ਮਾਸਟਰ ਦਲੀਪ ਸਿੰਘ ਜੀ ਗੋਸਲ ਤੇ ਸ਼ਹੀਦ ਭਾਈ ਕਰਮ ਸਿੰਘ ਜੀ ਝਿੰਗੜ ਨੂੰ ਚਕੀ ਵਿਚ ਰਖਕੇ ਦੋਹਾਂ ਤਾਰੀਖ ਉਤੇ ਜਾਣ ਵਾਲੇ ਦਿਨ ਭੀ ਚਕੀ ਪਸਾਈ ਜਾਂਦੀ ਸੀ, ੨੦- ੨੦-੧੫-੧੫ ਆਦਮੀ ਹਮੇਸ਼ਾਂ ਕੋਠੀ ਬੰਦ ਰਿਹਾ ਕਰਦੇ ਸੀ ਅਗਰ ਫਜ਼ਲ ਇਮਾਮ ਦੇ ਪੂਰੇ ੨ ਹਾਲ ਵਰਨੱਨ ਕਰਾਂ ਇਕ ਵਖਰੀ ਕਤਾਬ ਬਣ ਸਕਦੀ ਹੈ ਪਰ ਸਮਝਦਾਰ ਲੋਕ ਏਨੇ ਤੋਂ ਹੀ ਸਮਝ ਜਾਣਗੇ ਕਿ

ਅੰਗਰੇਜ਼ੀ ਰਾਜ ਵਿਚ ਕੈਸੇ ਬੇਈਮਾਨ. ਕੌਮ ਈਮਾਨ ਫਰੋਸ਼ ਬੇ ਜ਼ਮੀਰ ਗੁਲਾਮਾਂ ਦੀ ਕਦਰ ਹੈ ਇਸ ਬੇਈਮਾਨੀ ਦੇ ਸਿਲੇ ਵਿਚ ਹੀ ਇਸ ਨੂੰ ਇੰਸਪੈਕਟਰ ਤੋਂ ਡਿਪਟੀ ਸੁਪਰੰਟੰਡੰਟ ਤੇ ਖਾਨ ਬਹਾਦਰ ਬਣਾਇਆ ਸੀ,

ਜੋ ਬਬਰ ਅਕਾਲੀਆਂ ਦੇ ਵਰੁਧ ਸਾਬਤ ਕਰਨ ਦੀ ਇਸਤ ਗਾਸਾ ਨੇ ਯਤਨ ਕੀਤਾ ਹੈ ਹੁਣ ਮੈਂ ਕਲੇ ਕਲੇ ਬਬਰਾਂ ਦੇ ਨਾਮ ਲਿਖਦਾ ਹਾਂ ਪਰ ਅਸਲ ਹਾਲ ਉਪਰ ਲਿਖ ਚੁਕਾ ਹਾਂ.

ਸ਼ਹੀਦ ਭਾ. ਕਿਸ਼ਨ ਸਿੰਘ ਜੀ ਬਬਰ ਨੰ: ੧

੧) ਜੋਸ਼ ਦਲੌਣ ਵਾਲੇ ਲੇਕਚਰ ਕਰਕੇ ਲੋਕਾਂ ਨੂੰ ਭੜਕਾਇਆ।
੨) ਬਬਰ ਅਕਾਲੀ ਜਥੇ ਦਾ ਮੈਂਬਰ ਬਣਿਆ
੩) ਬਬਰ ਅਕਾਲੀ ਦੁਆਬਾ ਅਖਬਾਰ ਛਾਪਿਆ ਤੇ ਵੰਡਿਆ
੪) ਹਥਿਆਰ ਤੇ ਕਾਰਤੂਸ ਜਥੇ ਲਈ ਅਕਠੇ ਕੀਤੇ ਤੇ ਕਾਤਲਾਂ ਬਬਰਾਂ ਨੂੰ ਦਿਤੇ।
੫) ਬਿਨਾਂ ਲਾਸੰਸ ਆਪਣੇ ਪਾਸ ਹਥਿਆਰ ਰਖੇ।
੬) ਝੋਲੀ ਚੁਕਾਂ ਨੂੰ ਕਤਲ ਕਰਨ ਤੇ ਡਾਕੇ ਮਾਰਨ ਸਬੰਧੀ ਮਤੇ ਕੀਤੇ
੭) ਝੋਲੀ ਚੁਕਾਂ ਨੂੰ ਕਤਲ ਕਰਨ ਲਈ ਜੇਹਲ ਜਾਲੰਧਰ ਤੇ ਕਪੂਰਥਲੇ ਤੋਂ

ਬਬਰਾਂ ਨੂੰ ਸੰਦੇਸ਼ਾ ਦਿਤਾ ਕਿ ਕਤਲ ਕਰਕੇ ਦੋ ਤਿਨ ਬਬਰ ਅਕਾਲੀ ਆਪਣੇ ਜ਼ਿਮੇ ਲੈਣ ਹਿਤ ਬਬਰ ਅਕਾਲੀ ਦੁਆਬਾ ਅਖਬਾਰ ਵਿਚ ਨਾਮ ਛਪਾ ਦੇਣ ਜਿਸ ਦੀ ਤਾਮੀਲ ਸ਼ਹੀਦ ਭਾਈ ਕਰਮ ਸਿੰਘ ਜੀ. ਦੌਲਤਪੁਰ ਸ਼ਹੀਦ ਭਾਈ ਧੰਨਾ ਸਿੰਘ ਜੀ ਬੇਹਬਲਪੁਰ ਸ਼ਹੀਦ ਭਾਈ ਉਦੇ ਸਿੰਘ ਜੀ ਰਾਮ ਗੜ੍ਹ ਝੁਗੀਆਂ ਨੇ ਆਪਣੇ ਨਾਮ ੨੨-੩-੨੩ ਦੇ ਬਬਰ ਅਕਾਲੀ ਦੁਆਬਾ ਅਖਬਾਰ ਵਿਚ ਛਾਪੇ ਗਏ ਬੇਲਾ ਸਿੰਹ ਤੇ ਬੰਤਾ ਸਿੰਹ ਵੈਹਦਾਮੁਆਫ ਤੋਂ ਬਿਨਾ ਬਾਕੀ ਸਾਰੇ ਆਪ ਦੇ ਬਰਖਲਾਫ ਹਨ।

ਸ਼ਹੀਦ ਭਾ. ਕਰਮ ਸਿੰਘ ਜੀ ਕੈਨੇਡੀਅਨ ਨੰ. ੨

੧) ਭੜਕੌਣ ਵਾਲੇ ਲੈਕਚਰ ਦੇਣੇ
੨) ਝੋਲੀਚੁਕਾਂ ਦੇ ਕਤਲ ਤੇ ਡਾਕੇ ਮਾਰਨ ਦੇ ਮਤੇ ਕਰਨੇ
੩) ਬਬਰ ਅਕਾਲੀ ਦੁਆਬਾ ਅਖਬਾਰ ਦੇ ਛਾਪਣ ਤੇ ਵੰਡਣ ਵਿਚ ਹਿਸਾ ਲਿਆ।
੪) ਬਬਰ ਅਕਾਲੀ ਦੁਆਬਾ ਜਥਾ ਬਨੌਨ ਵਿਚ ਸ਼ਾਮਲ ਹੋਣਾਂ।
੫) ਅਰਜਣ ਸਿੰਘ ਪਟਵਾਰੀ ਹਰੀਪੁਰ ਨੂੰ ਮਾਰਨ ਜਾਣਾ।

ਇਨ੍ਹਾਂ ਦੇ ਬਰਖਲਾਫ ਹੇਠ ਲਿਖੇ ਵੈਹਦਾਮੁਆਫ ਏਹ ੯ ਹਨ।

੧) ਮਤਾਬ ਸਿੰਹ ਭਖੜਦੀ
੨) ਸੰਤ ਕਰਤਾਰ ਸਿੰਹ ਤੇਲੀ
੩) ਸੰਤ ਮਿਤ ਸਿੰਹ
੪) ਬੋਲਾ ਸਿੰਹ ਪ੍ਰਾਗਪੁਰ
੫) ਸਾਧੂ ਸਿੰਹ ਪ੍ਰਾਗਪੁਰ
੬) ਚੰਦਾ ਸਿੰਹੁ ਡੁਮੇਲੀ
੭) ਵਦਨ ਸਿੰਹ ਝੀਓਰ ਪੰਡੋਰੀ ਨਿਝਰਾਂ
੮) ਰਾਮ ਸਿੰਹ ਮਜ਼ਾਰਾ ਕਾਂਵਾਂ
੯) ਅਮਰ ਸਿੰਹ ਕੋਟ ਬਾਰੇ ਖਾਂ

ਬਬਰ ਅ. ਮਾਸਟਰ ਦਲੀਪ ਸਿੰਘ ਜੀ ਨੰ. ੩

ਆਪ ਦੇ ਬਰਖਲਾਫ ਸ਼ਹੀਦ ਭਾਈ ਕਰਮ ਜੀ ਝਿੰਗੜ ਵਾਲਾ ਹੀ ਜੁਰਮ ਹੈ। ਇਸ ਤੋਂ ਇਲਾਵਾ ਏਹ ਹੈ ਬਬਰ ਅਕਾਲੀ ਦੁਆਬਾ ਅਖਬਾਰ ਦਾ ਮਜਮੂਨ ਅਪਣੀ ਕਲਮ ਨਾਲ ਲਿਖਣਾ ਔਰ ਆਪ ਦੇ ਬਰਖਲਾਫ ਵੈਹਦਾ ਮੁਹਾਫ ਭਾਈ ਕਰਮ ਸਿੰਘ ਜੀ ਵਾਲੇ ਹਨ।

ਬਬਬ ਅ: ਭਾ. ਸੁੰਦਰ ਸਿੰਘ ਜੀ ਨੰ: ੪

੧) ਭੜਕੌਣ ਵਾਲੇ ਲੈਕਚਰ ਦੇਣੇ

੨) ਬ. ਅਕਾਲੀ ਜਥੇ ਦੀ ਬੁਨਿਆਦ ਡਾਲਣ ਵਾਲਿਆਂ ਵਿਚੋਂ ਇਕ ਹਨ।

੩) ਝੋਲੀ ਚੁਕਾਂ ਦੇ ਨਕ ਕਨ ਕਟਨ ਜਾਣਾ

੪) ਝੋਲੀ ਚੁਕਾਂ ਦੇ ਨਕ ਕਨ ਕਟਨ ਹਿਤ ਮਤਾ ਕਰਨਾ

੫) ਲਾਸੰਸ ਤੋਂ ਬਗੈਰ ਹਥਿਆਰ ਰਖਣੇ (ਆਪ ਜੀ ਦੇ ਬਰੁਧ ਵੈਹਦਾ ਮੁਆਫ।

੧) ਸੰਤ ਕਰਤਾਰ ਸਿੰਹ ੨) ਸਾਧੂ ਸਿੰਹ ੩) ਬੇਲਾ ਸਿੰਹ ਪ੍ਰਾਗ ਪੁਰ ੪) ਅਨੂਪ ਸਿੰਹ ਮਾਣੋ ੫) ਚੰਦਾ ਸਿੰਹ ਡਮੇਲੀ ੬) ਮਤਾਬ ਸਿੰਹ ਭਕੋੜਦੀ ੭) ਮਦਨ ਸਿੰਹ ਝੀਓਰ ੮) ਤਫੈਲ ਮਹਮਦ ਪੰਡੋਰੀ ਨਿਝਰਾਂ

ਬ. ਅਕਾਲੀ ਭਾਈ ਬੰਤਾ ਸਿੰਘ ਪ੍ਰਾਗਪੁਰ ਨੰ: ੫

੧) ਆਪ ਦੇ ਉਤੇ ਏਹ ਇਲਜ਼ਾਮ ਲਾਇਆ ਗਿਆ ਸੀ ਜਮਸ਼ੇਰ ਸਟੇਸ਼ਨ ਨੂੰ ਲੁਟਣਾਂ

੧)ਵੈਹਦਾ ਮੁਲਾਫ ਸਾਧੂ ਸਿੰਹ ਪਰਾਗਪੁਰ

ਬ: ਅਕਾਲੀ ਭਾ. ਪ੍ਰੇਮ ਸਿੰਘ ਜੀ ਪ੍ਰਾਗਪੁਰ ਨੰ. ੬

੧) ਅਰਜਣ ਸਿੰਹ ਪਟਵਾਰੀ ਹਰੀਪੁਰ ਨੂੰ ੨੩-੨-੨੩ ਨੂੰ ਮਾਰਨ ਜਾਣਾ।

੨) ਬਬਰ ਅਕਾਲੀ ਜਥੇ ਨੂੰ ਪਨਾਹ ਦੇਣੀ ਵੈਹਦਾ ਮੁਆਫ ਸਾਧੂ ਸਿੰਹ ਬੇਲਾ ਸਿੰਹ ਪ੍ਰਾਗਪੁਰ, ਰਾਮ ਸਿੰਹ ਮਜ਼ਾਰਾ ਕਾਵਾਂ।

ਬ. ਅਕਾਲੀ ਜਸਵੰਤ ਸਿੰਘ ਖੁਸਰੋਪੁਰ ਬੀ-ਏ ਨੰ. ੭

੧) ਬਬਰ ਅਕਾਲੀ ਜਥੇ ਨੂੰ ਕਾਰਤੂਸ ਦੇਣੇ ੨) ਬਬਰ ਅਕਾਲੀਆ ਨੂੰ ਪਨਾਹ ਦੇਣੀ

੧) ਵੈਹਦਾ ਮੁਆਫ ਸੰਤ ਕਰਤਾਰ ਸਿੰਹ ੨) ਅਨੂਪ ਸਿੰਹ ਮਾਣਕੋ।

ਬ. ਅਕਾਲੀ ਭਾਈ ਆਤਮਾਂ ਸਿੰਘ ਜੀ ਖਸੋਰਪੁਰ ਨੰ. ੮

ਸੂ. ਜਸਵੰਤ ਸਿੰਘ ਵਾਲਾ ਹੀ ਜੁਰਮ ਤੇ ਉਹੀ ਵੈਹਦਾ ਮੁਆਫ਼.

ਬਬਰ ਅਕਾਲੀ ਭਾਈ ਉਜਾਗਰ ਸਿੰਘ ਜੀ ਬਸਰਾਮ ਪੁਰ ਨੰ ੯

੧) ਲਾਭ ਸਿੰਹ ਢਡਾ ਫਤਹ ਪੁਰ ਨੂੰ ਕਤਲ ਕਰਨ ਜਾਣਾ ੨) ਬਬਰ ਅਕਾਲੀ ਜਥੇ ਨੂੰ ਕਾਰਤੂਸ ਦੇਣੇ ੩) ਬਬਰ ਅਕਾਲੀ ਦੁਆਬੇ ਦੇ ਪ੍ਰਚੇ ਵੰਡਣੇ ਵੈਹਦਾ ਮੁਆਫ਼ ਸੰਤ ਕਰਤਾਰ ਸਿੰਹ ਵਤਨ ਸਿੰਹ ਪੰਡੋਰੀ ਧਨਾ ਸਿੰਹ ਕੋਟਲੀ ਸਾਧੂ ਸਿੰਹ ਪ੍ਰਾਗਪੁਰ।

ਬਬਰ ਅਕਾਲੀ ਭਾਈ ਸ਼ਿਵ ਸਿੰਘ ਹਰੀਪੁਰ ਨੰ: ੧੦

ਲਾਭ ਸਿੰਹ ਢੰਡਾ ਹਰੀ ਪੁਰ ਨੂੰ ਮਾਰਨ ਜਾਣ ਵੈਹਦਾ ਮੁਆਫ਼ ਸੰਤ ਕਰਤਾਰ ਸਿੰਹ ਤੋਂ ਬਿਨਾ ਨੰ ੯ ਵਾਲੇ ਸਾਰੇ ਹੀ ਹਨ

ਬ. ਅ. ਸ਼ਹੀਦ ਭਾ: ਮੁਣਸ਼ਾ ਸਿੰਘ ਜੀ ਜੌਹਲ ਨੰ. ੧੧

੧) ਬਬਰ ਅਕਾਲੀ ਜਥੇ ਨੂੰ ਪਨਾਹ ਦੇਣੀ,

੨) ਬਬਰ ਅਕਾਲੀ ਜਥੇ ਨੂੰ ਪਸਤੌਲ ਦੇ ਕਾਰਤੂਸ ਤੇ ਬੰਬ ਦਿਤੇ ਵੈ. ਜੁਵੰਦ ਸਿੰਹ ਉਸ ਦਾ ਸਕਾ ਭਾਈ

ਸ਼ਃ ਬ, ਅ, ਭਾ, ਨੰਦ ਸਿੰਘ ਜੀ ਘੁੜਿਆਲ ਨੰ, ੧੨

੧) ਸੂਬੇਦਾਰ ਗੇਂਦਾ ਸਿੰਹ ਘੁੜਿਆਲ ਨੂੰ ਕਤਲ ਕਰਨਾ

੨] ਬਬਰ ਅਕਾਲੀ ਜਥੇ ਨੂੰ ਪਸਤੌਲ ਦੇਣੇ

੩) ਤਲਾਸ਼ੀ ਸਮੇਂ ਕਾਰਤੂਸ ਬਰਆਮਦ ਹੋਣੇ

ਵੈ. ਵਤਨ ਸਿੰਹ ਝੀਓਰ ਪੰਡੋਰੀ ੨) ਅਨੂਪ ਸਿੰਹ ਮਾਣਕੋ

ਬ; ਅ, ਭਾ, ਕਰਮ ਸਿੰਘ ਜੀ ਹਰੀਪੁਰ ਨੰ; ੧੩

੧) ਸੂਬੇਦਾਰ ਗੇਂਦਾ ਸਿੰਹ ਨੂੰ ਕਤਲ ਕਰਨਾ ਵੈ. ਅਨੂਪ ਸਿੰਹ ਮਾਣਕੋ ਵਤਨ ਸਿੰਹ ਪੰਡੋਰੀ ਨਿਝਰਾਂ (ਝੀਓਰ)

ਬ: ਅ: ਭਾ. ਨਿਰਵੈਰ ਸਿੰਘ ਢਾਡੀ ਪੰ, ਨਿਝਰਾਂ ੧੪

ਬਬਰ ਅਕਾਲੀ ਜਥੇ ਨੂੰ ਪਨਾਹ ਦੇਣੀ ਤੇ ਨਾਲ ਜਾਕੇ ਲੈਕਚਰ ਕਰੌਣੇ ਵੈਂ ਮੁ. ਮਤਾਬ ਸਿੰਹ ਭਕੌੜਦੀ, ਵਤਨ ਸਿੰਹ ਝੀਓਰ ਤੁਫੈਲ ਮੁਹਮਦ ਪੰਡੋਰੀ ਨਿਝਰਾਂ

ਬ; ਅ, ਭਾ, ਕਰਤਾਰ ਸਿੰਘ ਪੰਡੋਰੀ ਨਿਝਰਾਂ ਨੰ ੧੫

ਬਬਰਾਂ ਨੂੰ ਪਨਾਹ ਦੇਣੀ, ਲਾਭ ਸਿੰਹ ਫਤਹਪੁਰ ਦੇ ਵਕੀਲ ਦੀ ਸਾਜ਼ਸ਼ ਵਿਚ ਸ਼ਾਮਲ ਹੋਣਾ ਵੈ. ਵਤਨ ਸਿੰਹ ਝੀਓਰ.ਤੁਫੈਲ ਮੁਹਮਦ ਪੰਡੋਰੀ ਨਿਝਰਾਂ

ਹੁਕਮ ਸਿੰਘ ਜੀ ਪੰਡੋਰੀ ਨਿਝਰਾਂ ੧੬

ਬ: ਅਕਾਲੀਆਂ ਨੂੰ ਪਨਾਹ ਦੇਣੀ ਵੈ: ਵਤਨ ਸਿੰਹ ਝੀਵਰ ਪੰਡੋਰੀ ਵੈ. ਵਤਨ ਸਿੰਹ ਝੀਓਰ ਪੰਡੋਰੀ

ਬ. ਅਕਾਲੀ ਭਾਈ ਮਹਿੰਗਾ ਸਿੰਘ ਜੀ ਪੰਡੋਰੀ ਨੰ. ੧੭

ਪੰਡੋਰੀ ਨਿਝਰਾਂ ਦੇ ਨੰਬਰਦਾਰਾਂ ਤੇ ਚੌਕੀਦਾਰਾ ਕਤਲ ਵਾਲੇ ਗਰੋਹ ਵਿਚ ਸ਼ਰੀਕ ਹੋਣਾ ਵੈ. ਮੁ. ਚੰਦਾ ਸਿੰਹ ਭੁਮੇਲੀ, ਅਨੂਪ ਸਿੰਹ ਮਾਣਕੋ,

ਬਬਰ ਅਕਾਲੀ ਊਧਮ ਸਿੰਘ ਜੀ ਭੁਝੰਗੀ ਪੰਡੋਰੀ ਨਿਝਰਾਂ ਨੰ: ੧੮

੧) ਪੰਡੋਰੀ ਨਿਝਰਾ ਦੇ ਨਬਰਦਾਰਾਂ ਤੇ ਚੋਕੀਦਾਰਾਂ ਦੇ ਨਕ ਕਨ ਕਟਨ ਦੀ ਧਮਕੀ ਵਾਲੇ ਪ੍ਰਚੇ ਲਿਖ ਕੇ ਇਨ੍ਹਾ ਦੇ ਬੂਹੇ ਤੇ ਲੌਣੇ।

੨) ਬ: ਅ. ਦੁਆਬੇ ਪ੍ਰਚੇ ਲਿਖਣੇ ਤੇ ਬਬਰਾਂ ਨੂੰ ਪਨਾਹ ਦੇਣੀ।

੩) ਲਾਭ ਸਿੰਹ ਵਡਾ ਫਤਹਪੁਰ ਦੇ ਕਤਲ ਦੀ ਸਾਜ਼ਸ਼ ਵਿਚ ਸ਼ਰੀਕ ਹੋਣਾਂ ਵੈਂ ਮੁ. ਤੁਫੈਲ ਤੇ ਵਤਨ ਸਿੰਹ ਪੰਡੋਰੀ ਨਿਝਰਾਂ।

ਬਬਰ ਅਕਾਲੀ ਮਿਲਖਾ ਸਿੰਘ ਜੀ ਪਿੰਡ ਨਿਝਰਾਂ ਨੰ: ੧੯

੧) ਬਬਰਾਂ ਨੂੰ ਪਨਾਹ ਦੇਣੀ ੨] ਲਾਭ ਸਿੰਹ ਢਡਾ ਫਤਹਪੁਰ ਨੂੰ ਕਤਲ ਵਾਲੇ ਗਰੋਹ ਵਿਚ ਸ਼ਾਮਲ ਹੋਣਾ ੩] ਅਰਜਣ ਸਿੰਹ ਪਟਵਾਰੀ ਦੇ ਕਤਲ ਸਬੰਧੀ ਮਸ਼ਵਰੇ ਵਿਚ ਸ਼ਰੀਕ ਹੋਣਾਂ ਵੈਹਦਾ ਮੁਆਫ ਰਾਮ ਸਿੰਹ ਮਜ਼ਾਰ ਕਾਵਾਂ, ਵਤਨ ਸਿੰਹ ਤਫੇਲ ਪੰਡੋਰੀ ਨਿ: ਸਾਧੂ ਸਿੰਹ ਪ੍ਰਾਗਪੁਰ।

ਬਬਰ ਅਕਾਲੀ ਭਾਈ ਠਾਕਰ ਸਿੰਘ ਜੀ ਪੰਡੋਰੀ ਨਿਝਰਾਂ ਨੰ. ੨੦

੧) ਲਾਭ ਸਿੰਹ ਢਡਾ ਫਤਹ ਪੁਰ ਦੇ ਕਤਲ ਵਾਲੇ ਗਰੋਹ ਵਿਚ ਸ਼ਾਮਲ ਹੋਣਾ।

ਬਬਰ ਅਕਾਲੀ ਭਾ: ਬਖਸ਼ੀਸ ਸਿੰਘ ਜੀ ਪੰਡੋਰੀ ਨਿਝਰਾਂ ਨੰ. ੨੧

੧) ਲਾਭ ਸਿੰਹ ਢਡਾ ਨੂੰ ਕਤਲ ਕਰਨ ਵਾਲੇ ਗਰੋਹ ਵਿਚ ਸ਼ਰੀਕ ਹੋਣਾ ਵੈਹਦਾ ਮੁਆਫ ਵਤਨ ਸਿੰਹ ਪੰ. ਨਿ. ਸਾਧੂ ਸਿੰਹ ਪ੍ਰਾਗਪੁਰ।

ਬ. ਅਕਾਲੀ ਹਰਨਾਮ ਸਿੰਘ ਸਹੀਪੁਰ ਨੰ. ੨੨

੧] ਲਾਭ ਸਿੰਹ ਢਡਾ ਨੂੰ ਕਤਲ ਕਰਨ ਵਾਲੇ ਗਰੋਹ ਵਿਚ ਸ਼ਾਮਲ ਹੋਣਾ।

ਵੈਹਦਾ ਮੁਆਫ ਵਤਨ ਸਿਹ ਪੰਡੋਰੀ ਨਿਝਰਾਂ ਸਾਧੂ ਸਿੰਹ ਪ੍ਰਾਗਪੁਰ

ਬ. ਅਕਾਲੀ ਭਾਈ ਬੂਟਾ ਸਿੰਘ ਜੀ ਪੰਡੋਰੀ ਨਿ. ਨੰ: ੨੩

੧] ਝੋਲੀ ਚੁਕਾਂ ਨੂੰ ਮਾਰ ਤੇ ਡਾਕੇ ਮਾਰ ਦੇ ਮਤੇ ਕਰਨੇ।

੨) ਅਰਜਣ ਸਿੰਹ ਪਟਵਾਰੀ ਹਰੀਪੁਰ ਨੂੰ ੨੩–੧–੨੩ ਨੂੰ ਕਤਲ ਕਰਨ ਹਿਤ ਜਾਲੰਧਰ ਜਾਣਾ (੩) ਮਫਰੂਰ ਹੋਕੇ ਬਬਰ ਜਥੇ ਵਿਚ ਰਹਿਣਾ, ਵੈਹਦਾ ਮੁਆਫ ਮਤਾਬ ਸਿੰਹ, ਅਮਰ ਸਿੰਹ ਕੋਟਵਾਰਖਾਂ ਸੰਤ ਕਰਤਾਰ ਸਿੰਹ ਰਾਮ ਸਿੰਹ ਮਜ਼ਾਰ ਕਾਵਾਂ, ਮੰਤ ਮਿਤ ਸਿੰਹ ਬੇਲਾ ਸਿੰਹ ਸਾਧੂ ਸਿੰਹ ਪ੍ਰਾਗਪੁਰ।

ਹੇਠ ਲਿਖੇ ਬਬਰਾਂ ਦੇਸ਼ ਭਗਤਾਂ ਤੇ ਜਾਡਲੇ ਦੇ ਡਾਕੇ ਦਾ ਇਲਜ਼ਾਮ ਲਾਇਆ ਗਿਆ।

ਬਬਰ ਅਕਾਲੀ ਭਾਈ ਠਾਕਰ ਸਿੰਘ ਜੀ ਦੌਲਤਪੁਰ ਨੰ: ੨੩

ਬਬਰ ਅਕਾਲੀ ਭਾਈ ਹਰੀ ਸਿੰਘ ਜੀ ਦੌਲਤਪੁਰ ਨੰ: ੨੪

ਬਬਰ ਅਕਾਲੀ ਭਾਈ ਬੰਤਾ ਸਿੰਘ ਜੀ ਦੌਲਤਪੁਰ ਨੰ. ੨੫

ਬਬਰ ਅਕਾਲੀ ਭਾਈ ਵਰਿਆਮ ਸਿੰਘ ਜੀ ਦੌਲਤਪੁਰ ਨੰ: ੨੬

ਬਬਰ ਅਕਾਲੀ ਭਾਈ ਵਰਿਆਮ ਸਿੰਘ ਜੀ ਮਜ਼ਾਰਾ ਕਾਵਾ ਨੰ: ੨੭

ਬਬਰ ਅਕਾਲੀ ਭਾ, ਕਰਤਾਰ ਸਿੰਘ ਜੀ ਮਜ਼ਾਰਾ ਕਾਵਾਂ ਨੰ ੨੮

ਬਬਰ ਅਕਾਲੀ ਭਾਈ ਰਾਮ ਸਿੰਘ ਜੀ ਮਜ਼ਾਰਾ ਕਾਵਾਂ ਨੰ: ੨੯

ਏਹ ਤਿਨ ਵੈਹਦਾ ਮੁਆਫ ਉਪਰ ਜ਼ਿਕਰ ਕਰਦਾ ਬਬਰ ਅਕਾਲੀਆਂ ਤੇ ਭੁਗਤਾਏ ਗਏ ਸਨ ੨) ਰਾਮ ਸਿੰਹ ਮਜ਼ਾਰਾ ਕਾਵਾਂ ੨) ਰਾਮ ਸਿੰਹ ਹਿਆਤਪੁਰ ੩) ਮਤਾਬ ਸਿੰਹ ਭਕੌੜਦੀ।

ਹੇਠ ਲਿਖੇ ਦੇਸ਼ ਸੇਵਕ ਤੇ ਨੰਗਲ ਸਾਮਾਂ ਦੇ ਕਤਲ ਦਾ ਇਲਜ਼ਾਮ ਸੀ।

ਬਬਰ ਅਕਾਲੀ ਮਿਲਖਾ ਸਿੰਘ ਜੀ ਪਿੰਡ ਨਿਝਰਾਂ ਨੰ: ੧੯

੧) ਬਬਰਾਂ ਨੂੰ ਪਨਾਹ ਦੇਣੀ ੨] ਲਾਭ ਸਿੰਹ ਢਡਾ ਫਤਹਪੁਰ ਨੂੰ ਕਤਲ ਵਾਲੇ ਗਰੋਹ ਵਿਚ ਸ਼ਾਮਲ ਹੋਣਾ ੩] ਅਰਜਣ ਸਿੰਹ ਪਟਵਾਰੀ ਦੇ ਕਤਲ ਸਬੰਧੀ ਮਸ਼ਵਰੇ ਵਿਚ ਸ਼ਰੀਕ ਹੋਣਾਂ ਵੈਹਦਾ ਮੁਆਫ ਰਾਮ ਸਿੰਹ ਮਜ਼ਾਰ ਕਾਵਾਂ, ਵਤਨ ਸਿੰਹ ਤਫੇਲ ਪੰਡੋਰੀ ਨਿ: ਸਾਧੂ ਸਿੰਹ ਪ੍ਰਾਗਪੁਰ।

ਬਬਰ ਅਕਾਲੀ ਭਾਈ ਠਾਕਰ ਸਿੰਘ ਜੀ ਪੰਡੋਰੀ ਨਿਝਰਾਂ ਨੰ. ੨੦

੧) ਲਾਭ ਸਿੰਹ ਢਡਾ ਫਤਹ ਪੁਰ ਦੇ ਕਤਲ ਵਾਲੇ ਗਰੋਹ ਵਿਚ ਸ਼ਾਮਲ ਹੋਣਾ।

ਬਬਰ ਅਕਾਲੀ ਭਾ: ਬਖਸ਼ੀਸ ਸਿੰਘ ਜੀ ਪੰਡੋਰੀ ਨਿਝਰਾਂ ਨੰ. ੨੧

੧) ਲਾਭ ਸਿੰਹ ਢਡਾ ਨੂੰ ਕਤਲ ਕਰਨ ਵਾਲੇ ਗਰੋਹ ਵਿਚ ਸ਼ਰੀਕ ਹੋਣਾ ਵੈਹਦਾ ਮੁਆਫ ਵਤਨ ਸਿੰਹ ਪੰ. ਨਿ. ਸਾਧੂ ਸਿੰਹ ਪ੍ਰਾਗਪੁਰ।

ਬ. ਅਕਾਲੀ ਹਰਨਾਮ ਸਿੰਘ ਸਹੀਪੁਰ ਨੰ. ੨੨

੧] ਲਾਭ ਸਿੰਹ ਢਡਾ ਨੂੰ ਕਤਲ ਕਰਨ ਵਾਲੇ ਗਰੋਹ ਵਿਚ ਸ਼ਾਮਲ ਹੋਣਾ।

ਵੈਹਦਾ ਮੁਆਫ ਵਤਨ ਸਿਹ ਪੰਡੋਰੀ ਨਿਝਰਾਂ ਸਾਧੂ ਸਿੰਹ ਪ੍ਰਾਗਪੁਰ

ਬ. ਅਕਾਲੀ ਭਾਈ ਬੂਟਾ ਸਿੰਘ ਜੀ ਪੰਡੋਰੀ ਨਿ. ਨੰ: ੨੩

੧] ਝੋਲੀ ਚੁਕਾਂ ਨੂੰ ਮਾਰ ਤੇ ਡਾਕੇ ਮਾਰ ਦੇ ਮਤੇ ਕਰਨੇ।

੨) ਅਰਜਣ ਸਿੰਹ ਪਟਵਾਰੀ ਹਰੀਪੁਰ ਨੂੰ ੨੩–੧–੨੩ ਨੂੰ ਕਤਲ ਕਰਨ ਹਿਤ ਜਾਲੰਧਰ ਜਾਣਾ (੩) ਮਫ਼ਰੂਰ ਹੋਕੇ ਬਬਰ ਜਥੇ ਵਿਚ ਰਹਿਣਾ, ਵੈਹਦਾ ਮੁਆਫ ਮਤਾਬ ਸਿੰਹ, ਅਮਰ ਸਿੰਹ ਕੋਟਵਾਰਖਾਂ ਸੰਤ ਕਰਤਾਰ ਸਿੰਹ ਰਾਮ ਸਿੰਹ ਮਜ਼ਾਰ ਕਾਵਾਂ, ਮੰਤ ਮਿਤ ਸਿੰਹ ਬੇਲਾ ਸਿੰਹ ਸਾਧੂ ਸਿੰਹ ਪ੍ਰਾਗਪੁਰ।

ਹੇਠ ਲਿਖੇ ਬਬਰਾਂ ਦੇਸ਼ ਭਗਤਾਂ ਤੇ ਜਾਡਲੇ ਦੇ ਡਾਕੇ ਦਾ ਇਲਜ਼ਾਮ ਲਾਇਆ ਗਿਆ।

ਬਬਰ ਅਕਾਲੀ ਭਾਈ ਠਾਕਰ ਸਿੰਘ ਜੀ ਦੌਲਤਪੁਰ ਨੰ: ੨੩

ਬਬਰ ਅਕਾਲੀ ਭਾਈ ਹਰੀ ਸਿੰਘ ਜੀ ਦੌਲਤਪੁਰ ਨੰ: ੨੪

ਬਬਰ ਅਕਾਲੀ ਭਾਈ ਬੰਤਾ ਸਿੰਘ ਜੀ ਦੌਲਤਪੁਰ ਨੰ. ੨੫

ਬਬਰ ਅਕਾਲੀ ਭਾਈ ਵਰਿਆਮ ਸਿੰਘ ਜੀ ਦੌਲਤਪੁਰ ਨੰ: ੨੬

ਬਬਰ ਅਕਾਲੀ ਭਾਈ ਵਰਿਆਮ ਸਿੰਘ ਜੀ ਮਜ਼ਾਰਾ ਕਾਵਾ ਨੰ: ੨੭

ਬਬਰ ਅਕਾਲੀ ਭਾ, ਕਰਤਾਰ ਸਿੰਘ ਜੀ ਮਜ਼ਾਰਾ ਕਾਵਾਂ ਨੰ ੨੮

ਬਬਰ ਅਕਾਲੀ ਭਾਈ ਰਾਮ ਸਿੰਘ ਜੀ ਮਜ਼ਾਰਾ ਕਾਵਾਂ ਨੰ: ੨੯

ਏਹ ਤਿਨ ਵੈਹਦਾ ਮੁਆਫ ਉਪਰ ਜ਼ਿਕਰ ਕਰਦਾ ਬਬਰ ਅਕਾਲੀਆਂ ਤੇ ਭੁਗਤਾਏ ਗਏ ਸਨ ੨) ਰਾਮ ਸਿੰਹ ਮਜ਼ਾਰਾ ਕਾਵਾਂ ੨) ਰਾਮ ਸਿੰਹ ਹਿਆਤਪੁਰ ੩) ਮਤਾਬ ਸਿੰਹ ਭਕੌੜਦੀ।

ਹੇਠ ਲਿਖੇ ਦੇਸ਼ ਸੇਵਕ ਤੇ ਨੰਗਲ ਸਾਮਾਂ ਦੇ ਕਤਲ ਦਾ ਇਲਜ਼ਾਮ ਸੀ।

ਬਬਰ ਅਕਾਲੀ ਬਾਬੂ ਦਲੀਪ ਸਿੰਘ ਜੀ ਧਾਮੀਆਂ ਨੰ. ੩੦

ਬਬਰ ਅਕਾਲੀ ਭਾਈ ਪਿਆਰਾ ਸਿੰਘ ਜੀ ਧਾਮਿਆਂ ਨੰ: ੩੧

ਬਬਰ ਅਕਾਲੀ ਭਾਈ ਰਤਨ ਸਿੰਘ ਜੀ ਸੀਂਗੜੀ ਵਾਲੇ ਨੰ ੩੨

ਵੈਹਦਾ ਮੁਆਫ ਧਨਾ ਸਿੰਹ, ਸਾਧੂ ਸਿੰਹ, ਵਤਨ ਸਿੰਹ।

ਬਬਰ ਅ, ਭਾਈ ਅਰਜਨ ਸਿੰਘ ਸੂੰਢ ਮਖਸੂਦਪੁਰ ਨੰ. ੩੩

੧) ਬਬਰ ਅਕਾਲੀ ਜਥੇ ਵਿਚ ਸ਼ਾਮਲ ਹੋਕੇ ਸੂੰਢ ਦੇ ਨੰਬਰਦਾਰਾਂ ਦੇ ਨਕ ਕਨ ਕਟਨ ਦੀ ਸਾਜ਼ਸ ਵਿਚ ਸਾਮਲ ਹੋਣਾ, ਬਬਰਾਂ ਨੂੰ ਪਨਾਹ ਦੇਣੀ, ਵੈਹਦਾ ਮੁਆਫ ਬੇਲਾ ਸਿੰਹ ਕਾਣਾ ਪ੍ਰਾਗਪੁਰ, ਸੰਤ ਕਰਤਾਰ ਸਿੰਹ ਝੇਲੀ।

ਬਬਰ ਅਕਾਲੀ ਭਾਈ ਆਤਮਾਂ ਸਿੰਘ ਜੀ ਬੰਕਾ ਨੰ. ੩੪

੧) ਬਬਰਾਂ ਨਾਲ ਫਿਰਦੇ ਰਹਿਣਾ, ਬਬਰ ਅ: ਦੂ. ਅ. ਦੇ ਪ੍ਰਚੇ ਵੰਡਣੇ ਵੈਹਦਾ ਮੁਆਫ ਬੇਲਾ ਸਿੰਹ, ਚੰਦਾ ਸਿੰਹ ਝੁਮੇਲੀ।

ਬਬਰ ਅਕਾਲੀ ਭਾਈ ਬਸੰਤ ਸਿੰਘ ਜੀ ਰੰਧਾਵਾ ਨੰ: ੩੫

੧) ਬਬਰਾਂ ਨੂੰ ਪਨਾਹ ਦੇਣੀ, ਬਬਰਾਂ ਦੇ ਹਥਿਆਰ ਪਾਸ ਰਖਣੇ ਵੈ, ਮੁ, ਸੰਤ ਕਰਤਾਰ ਸਿੰਹ (ਝੇਲੀ) ਮਤਾਬ ਸਿੰਹ ਭਕੌੜਦੀ।

ਬਬਰ ਅਕਾਲੀ ਭਾਈ ਛਜਾ ਸਿੰਘ ਮਸਾਣੀਆਂ ਨੰ ੩੬

੧) ਹਰਨਾਮ ਸਿੰਹ ਮਹਦੀਪੁਰ ਦੇ ਅੰਗ ਕਟਣੇ।

ਬਬਰ ਅਕਾਲੀ ਭਾਈ ਜਗਜੀਤ ਸਿੰਘ ਜੀ ਕਫਾਰ ਨੰ: ੩੭

੧) ਬਰਰ ਅਕਾਲੀਆਂ ਨੂੰ ਪਨਾਹ ਦੇਣੀ, ਅਰਜਨ ਸਿੰਹ ਪਟਵਾਰੀ ਦੇ ਕਤਲ ਵਾਲੇ ਗਰੋਹ ਵਿਚ ੧੩-੧-੨੩ ਨੂੰ ਸ਼ਰੀਕ ਹੋਣਾ ਵੈਹਦਾ ਮੁ. ਸੰਤ ਕਰਤਾਰ ਸਿੰਹ, ਤਫੈਲ, ।

ਬਬਰ ਅਕਾਲੀ ਬਾਬੂ ਊਧਮ ਸਿੰਘ ਜੀ ਜੰਡੂ ਸਿੰਘਾ ਨੰ. ੩੮

੧) ਬਬਰ ਅਕਾਲੀ ਜਥੇ ਨੂੰ ਪਸਤੌਲ ਦੇਣਾਂ, ਵੈ. ਮੁ. ਕਰਤਾਰ ਸਿੰਹ ਤੇਲੀ।

ਬਬਰ ਅ, ਸ਼ਹੀਦ ਭੁਜੰਗੀ ਦਲੀਪ ਸਿੰਘ ਜੀ ਧਾਮੀਆਂ ਕਲਾਂ ਨੰ ੩੯

੧) ਨੰਗਲ ਸ਼ਾਮਾਂ ਦੇ ਕਤਲ ਵਿਚ ਸ਼ਾਮਸ਼ ਹੋਣਾ।
੨) ਲਾਭ ਸਿੰਹ ਗੜ੍ਹ ਸ਼ੰਕਰ ਦੇ ਕਤਲ ਵਿਚ ਸ਼ਾਮਲ ਹੋਣਾ।
੩) ਦਿਤੂ ਤੇ ਰਲਾ ਕੋਲ ਗੜ ਦੇ ਕਤਲ ਵਿਚ ਸ਼ਾਮਲ ਹੋਣਾ।
੪) ਆਤਾ ਮੁਹੰਮਦ ਪਟਵਾਰੀ ਨੰਦਾਚੌਰ ਦੇ ਕਤਲ ਵਿਚ ਸ਼ਾਮਲ ਹੋਣਾ
੫) ਬ. ਅਕਾਲੀ ਦੁਆਬਾ ਅ. ਦੇ ਵਿਚ ਨਾਮ ਦੇ ਕੇ ਐਲਾਨੀਆਂ ਕਤਲ ਕਰਨਾਂ।
੬) ਲਾਭ ਸਿੰਹ ਢਜਾਂ ਦੇ ਕਤਲ ਵਾਲੇ ਗਰੋਹ ਵਿਚ ਸ਼ਾਮਲ ਹੋਣਾ।
੭) ਬਿਸ਼ਨ ਸਿੰਹ ਸਾਂਦਰਾ ਨੂੰ ਕਤਲ ਕਰਨਾ।
੮) ਬਿਨਾ ਲਾਸੰਸ ਹਥਿਆਰ ਰਖਣੇ।

ਵੈ. ਮੁਆਫ ਧਮਾ ਸਿੰਹ ਕੋਟਲੀ ਅਨੂਪ ਸਿੰਹ ਮਾਣਕੋ ਬੇਲਾਂ ਸਿੰਹ ਬੋਪਾਸਏ।

ਬਬਰ ਅਕਾਲੀ ਦੁਮਣ ਸਿੰਘ ਜੀ ਪੰਡੋਰੀ ਮਹਤਮਾਂ ਨੰ: ੪੦

੧) ਲਾਭ ਸਿੰਹ ਢਡਾ ਫਤਹਪੁਰ ਨੂੰ ਕਤਲ ਵਾਲੇ ਗਰੋਹ ਵਿਚ ਸ਼ਾਮਲ ਹੋਣਾ ਵੈਹਦਾ ਮੁਆਫ ਬੰਤਾ ਸਿੰਹ ਬੇਲਾ ਸਿੰਹ ਬੋਪਾ ਰਾਏ, ਧੰਨਾ ਸਿਹ ਕੋਟਲੀ ਸਾਧੂ ਸਿਹ ਪ੍ਰਾਗਪੁਰ ਵਤਨ ਸਿਹ ਝੀਓਰ ਪੰਡੋਰੀ ਨਿਝਰਾਂ

ਬਬਰ ਅ: ਭਾਈ ਸ਼ਾਮ ਸਿਘ ਜੀ ਰਹਿੰਸੀ ਵਾਲ ਨੰ: ੪੧

ਬਬਰਾਂ ਨੂੰ ਪਨਾਹ ਦੇਣੀ, ਛਾਪਣ ਵਾਲੀ ਮਸ਼ੀਨ ਰਖਣੀ ਵੈਹਦਾ ਮੁਆਫ ਅਨੂਪ ਸਿੰਹ ਮਾਣਕੋ ਧਨ: ਸਿੰਹ ਕੋਟਲੀ ਵਤਨ ਸਿੰਹ ਸ਼ੀਵਰ

ਬਬਰ ਅਕਾਲੀ ਸੰਤ ਠਾਕਰ ਸਿੰਘ ਜੀ ਨੰ: ੪੨

ਬਬਰਾਂ ਨੂੰ ਪਨਾਹ ਦੇਣੀ ਸੂਬੇਦਾਰ ਗੇਂਦਾ ਸਿੰਹ ਦੇ ਕਤਲ ਕਰਨ ਦੀ ਬਬਰ ਅਕਾਲੀਆਂ ਨੂੰ ਸਲਾਹ ਦੇਣੀ ਵੈਹਦਾ ਮੁਆਫ ਅਨੂਪ ਸਿੰਹ ਵਤਨ ਸਿਹ।

ਸ਼ਹੀਦ ਭਾਈ ਅਮਰ ਸਿੰਘ ਜੀ ਰਾਜੋਵਾਲ ਬਬਰ ਨੰ: ੪੩

ਹਰਨਾਮ ਸਿਹ ਸਪੈਦ ਪੋਸ਼ ਮਹਦੀਪੁਰ ਦੇ ਅੰਗ ਕਟਣੇ

ਬ. ਅਕਾਲੀ ਭਾਈ ਵਤਨ ਸਿਘ ਜੀ ਗਣੇਸ਼ਪੁਰ ਨੰ. ੪੪

ਸਪਲਾਈ ਵਿਚੋਂ ਬੰਬ ਚਰੌਣ ਦੀ ਸਾਜ਼ਸ਼ ਕਰਨੀ ਵੈਹਦਾ ਮੁਆਫ ਜਵੰਦ ਸਿੰਹ ਜੌਹਲ।

ਬ: ਅਕਾਲੀ ਭਾਈ ਠਾਕਰ ਸਿਘ ਜੀ ਭਾਰਟਾ ਨੰ: ੪੫

ਬਬਰਾਂ ਵਾਸਤੇ ਸਪਲਾਈ ਵਿਚੋਂ ਬੰਬ ਚਲੌਣੇ ਤੇ ਬ: ਜਥੇ ਨੂੰ ਦੇਣੇ ਵੈਹਦਾ ਮੁਆਫ ਜਵੰਦ ਸਿਹ ਜੋਹਲ।

ਬ: ਅਕਾਲੀ ਜਥੇਦਾਰ ਬਾਬਾ ਦਲੀਪ ਸਿਘ ਜੀ ਸਾਦੜਾ ਨੰ ੪੬

ਬ: ਅਕਾਲੀ ਦੁਆਬਾ ਅਖਬਾਰ ਕਡਣੇ ਦਾ ਮਤਾ ਪਾਸ ਕਰਨਾ।
ਬ: ਚਕਰਵਰਤੀ ਰਰਿਣਾ
ਦ. ਅਕਾਲੀ ਜਥਾ ਬਨੌਣ ਦਾ ਮਤਾ ਕਰਨਾ।
ਝੋਲੀ ਚੁਕਾਂ ਦੇ ਸੁਧਾਰ ਦੀ ਸਾਜ਼ਸ਼ ਕਰਨੀ।

ਬਬਰ ਅਕਾਲੀ ਮਿਲਖਾ ਸਿੰਘ ਜੀ ਮੋਰਾਂਵਾਲੀ ਨੰ: ੪੭
ਬਬਰ ਅਕਾਲੀਆਂ ਨੂੰ ਪਨਾਹ ਦੇਣੀ, ਬ. ਅ: ਦੁ: ਅ: ਦੇ ਪਰਚੇ ਵੰਡਣੇ ਵੈ. ਮੁ. ਮਤਾਬ ਸਿੰਹ।

ਬਬਰ ਅਕਾਲੀ ਭਾਈ ਹਰੀ ਸਿੰਘ ਜੀ ਖੰਡਾ (ਢੇਲਾਂ) ਨੰ. ੪੮

ਬਬਰ ਜਥੇ ਨਾਲ ਛਾਹਾਂ ਦੇ ਮੇਲੇ ਤੇ ਜਾਣਾ, ਵੈ: ਮੁ. ਮਤਾਬ ਸਿੰਹ

ਸ਼ਹੀਦ ਬ: ਅਕਾਲੀ ਭਾ. ਹਰਬੰਸ ਸਿੰਘ ਜੀ ਸਰਹਾਲਾ ਨੰ. ੪੯

ਬਬਰ ਜਥੇ ਨਾਲ ਫਿਰਨਾ ਵੈ: ਮੁ ਸੰਤ ਕਰਤਾਰ ਸਿੰਹ (ਤੇਲੀ)

ਬ. ਅਕਾਲੀ ਭਾਈ ਭਗਵਾਨ ਸਿੰਘ ਫਤਹਪੁਰ ਕੋਠੀ ਨੰ. ੫੦

ਬਬਰ ਅਕਾਲੀਆਂ ਨੂੰ ਪਨਾਹ ਦੇਣੀ, ਬਬਰ ਅਖਬਾਰ ਛਾਪਣ ਵਾਲੀ ਮਸ਼ੀਨ ਰਖਣੀ, ਵੈ. ਮੁ. ਅਨੂਪ ਸਿੰਹ ਮਾਣਕੋ, ਧੰਨਾ ਸਿੰਹ ਕੋਟਲੀ।

ਬਬਰ ਅਕਾਲੀ ਭਾ: ਛਜਾ ਸਿੰਘ ਜੀ ਚਾਣਥੂ ਨੰ: ੫੧

ਬਬਰ ਜਥੇ ਨੂੰ ਪਨਾਹ ਦੇਣੀ, ਪੁਲੀਸ ਦੀ ਤਲਾਸੀ ਕਰਨ ਤੇ ਪਸਤੌਲ ਤੇ ਬੰਬ ਬਰਆਮਦ ਹੋਣੇ ਵੈ: ਮੁ: ਕਰਤਾਰ ਸਿੰਹ ਬੂੜੋਬਾਲੀ।

ਬਬਰ ਅਕਾਲੀ ਭਾਈ ਦਲੇਲ ਸਿੰਘ ਮਨਣ ਹਾਨਾ ੫੨
ਸ਼ਹੀਦ ਭਾਈ ਧੰਨਾ ਸਿੰਘ ਜੀ ਦੀ ਰਫਲ ਰਖਣੀ ਤੇ ਕਰਤਾਰ ਸਿੰਹ ਵੈ: ਮੁ: ਦੇ ਹਬ ਉਸਦੇ ਮੰਗਣ ਪਰ ਭੇਜ ਦੇਣੀ ਵੈ: ਮੁ. ਕਰਤਾਰ ਸਿੰਹ ਬੂੜੋਬਾੜੀ।

ਬਬਰ ਅਕਾਲੀ ਭਾਈ ਸਰਦੂਲ ਸਿੰਘ ਜੀ ਬੂੜੋਬਾੜੀ ਨੰ: ੫੩
ਜ਼ੈਲਦਾਰ ਗਣੀ ਬੂਰਾ ਵਾਲੇ ਬਿਸ਼ਨ ਸਿੰਹ ਨੂੰ ਕਤਲ ਕਰਨ ਵਾਲੇ

ਗਰੋਹ ਵਿਚ ੧੦-੨-੨੩ ਨੂੰ ਸ਼ਰੀਕ ਹੋਕੇ ਮਾਰਨ ਜਾਣਾ ਵੈ. ਮੁ: ਕਰਤਾਰ ਸਿੰਹ ਬੂੜੋਬਾੜੀਂ।.

ਬਬਰ ਅਕਾਲੀ ਭਾ: ਬੰਤਾ ਸਿੰਘ ਜੀ ਬੋਂਹਵਲ ਪੁਰ ਨੰ: ੫੪

ਬਬਰ ਅਕਾਲੀਆਂ ਨੂੰ ਪਨਾਹ ਦੇਣੀ, ਅਖ਼ਬਾਰ ਛਾਪਣ ਵਾਲੀ ਮਸ਼ੀਮ ਮਾਣਕੋ ਤੋਂ ਲਜਾਕੇ ਬਬਰਾਂ ਨੂੰ ਦੇਣੀ ਵੈ: ਮੁ: ਅਨੂਪ ਸਿੰਸ ਧਨਾ ਸਿੰਹ

ਬਬਰ ਅਕਾਲੀ ਸੁੰਦਰ ਸਿੰਘ ਬਾਹਮਣ ਕੋਟ ਫਤੂਹੀ ਨੰ. ੫੫

ਬਬਰ ਅਕਾਲੀਆ ਨੂੰ ਪਨਾਹ ਦੇਣੀ ਵੈਹਚਾ ਮੁਆਫ ਅਮਰ ਸਿੰਹ।

ਬ. ਅ. ਭਾ. ਸੁਰਜਣ ਸਿੰਘ ਜੀ ਸ਼. ਹਿਆਤਪੁਰ ਰੜਕੀ ਨੰ. ੫੬

ਬ. ਅਕਾਲੀ ਜਥੇ ਨੂੰ ਪਨਾਹ ਦੇਣੀ, ਦੀਵਾਨ ਝੋਲੀ ਚੁਕ ਨੂੰ ਕਤਲ ਕਰਨਾ, ਝੋਲੀ ਚੁਕਾਂ ਦੇ ਸੁਧਾਰ ਹਿਤ ਮਤਾ ਕਰਨਾ, ਜਾਭਲੇ ਦੇ ਡਾਕੇ ਦਾ ਇਲਜ਼ਾਮ ਲਗੌਣਾ ਵੈ. ਮੁ. ਮਤਾਬ ਸਿੰਹ, ਮਾਨ ਸਿੰਹ, ਮਜ਼ਾਰਾ ਕਾਵਾਨ।

ਸ਼: ਬ. ਅ: ਭਾਈ ਧਰਮ ਸਿੰਘ ਜੀ ਹਿਆਤ ਪੁਰ ਰੜਕੀ ਨੰ. ੫੭

ਆਪ ਉਤੇ ਜੁਰਮ ਭੀ ਸ੍ਰ: ਸੁਰਜਣ ਸਿੰਘ ਨੰ: ੫੬ ਵਾਲਾ ਹੀ ਹੈ।

ਸ਼ਹੀਦ ਬਬਰ ਅ. ਭਾਈ ਹਰੀ ਸਿੰਘ ਜੀ ਜਸੋਵਾਲ ਨੰ. ੫੮

ਬਬਰ ਅ: ਭਾਈ ਹਰਦਿਤ ਸਿੰਘ ਜੀ ਜਸੋਵਾਲ ਨੰ. ੫੯

ਬਬਰਾਂ ਨੂੰ ਪਨਾਹ ਦੇਣੀ, ਜਾਭਲੇ ਵਾਲਾ ਇਲਜ਼ਾਮ ਵੈ: ਮੁ. ਮਤਾਬ ਸਿੰਹ ਰਾਮ ਸਿੰਹ ਮਜ਼ਾਰਾ ਕਾਵਾਂ।

ਬਬਰ ਅਕਾਲੀ ਭਾਈ ਲਾਭ ਸਿੰਘ ਜੀ ਜਸੋਵਾਲ ਨੰ. ੬੦

ਬਬਰ ਜਥੇ ਨੂੰ ਪਨਾਹ ਦੇਣੀ, ਅਖਬਾਰ ਛਾਪਣ ਵਾਲੀ ਮਸ਼ਨੀ ਰਖਣੀ ਵੈ: ਮੁ: ਮਤਾਬ ਸਿੰਹ, ਵਤਨ ਸਿੰਹ ਝੀਵਰ, ਪੰਡੋਰੀ ਨਿਝਵਾਂ।

ਬਬਰ ਅਕਾਲੀ ਭਾਈ ਕਰਮ ਸਿੰਘ ਜੀ ਜਸੋਵਾਲ ਨੰ. ੬੧

ਕੋਟ ਫਤੂਹੀ ਵਾਲੇ ਬਾਬੇ ਵਰਿਆਮ ਸਿੰਘ ਤੋਂ ਬਬਰ ਅਕਾਲੀ ਦੁਆਬਾ ਅਖਬਾਰ ਛਪਨ ਵਾਲੀ ਮਸ਼ੀਨ ਲਿਆਕੇ ਬਬਰਾਂ ਨੂੰ ਦੇਣੀ ਵੈ: ਮੁ. ਅਮਤ ਸਿੰਘ ਕੋਟ ਵਾਰੇ ਖਾਂ।

ਬਬਰ ਅ: ਸੰਤ ਕਰਨ ਸਿੰਘ ਜੀ ਜਸੋਵਾਲ ਨੰ. ੬੨

ਬਬਰ ਅਕਾਲੀਆਂ ਨੂੰ ਪਨਾਹ ਦੇਣੀ, ਬਬਰ ਅਕਾਲੀ ਦੁਆਬਾ ਅਖਬਾਰ ਛਾਪਣ ਵਿਚ ਮਦਦ ਦੇਣੀ, ਵੈ, ਮੁ: ਮਤਾਬ ਸਿੰਹ ਵਤਨ ਸਿੰਹ ਝੀਵਰ ਪੰਡੋਰੀ ਨਿਝਰਾਂ।

ਹੇਠ ਲਿਖੇ ਸਾਜ਼ਸੀ ਮਤੇ ਵਿਚ ਸ਼ਾਮਲ ਹੋਏ ਸਨ

ਬਬਰ ਅਕਾਲੀ ਹਰਨਾਮ ਸਿੰਘ ਜੀ ਗੜ੍ਹੀ ਕਾਨੂਗੋਆਂ ਨੰ. ੬੩

ਬਬਰ ਅਕਾਲੀ ਬਾਵਾ ਸਿੰਘ ਜੀ ਕੋਲਪੁਰ ਨੰ: ੬੪

ਬਬਰ ਅਕਾਲੀ ਊਧਮ ਸਿੰਘ ਜੀ ਕੋਲਪੁਰ ਨੰ. ੬੫

ਬਬਰ ਅਕਾਲੀ ਭਾਈ ਧੰਨਾ ਸਿੰਘ ਜੀ ਸਾਧੜਾ ਨੰ. ੬੬

ਮਤਾਬ ਸਿੰਹ ਨੂੰ ਪਸਤੌਲ ਖਰੀਦ ਕੇ ਦੇਣਾ, ਬਬਰ ਜਥਾ ਕੈਮ ਕਰਨੇ ਦਾ ਮਤਾ ਕਰਨਾ, ਬਬਰਾਂ ਨੂੰ ਪਹਾਹ ਦੇਣੀ ਆਦ ੨

ਬ: ਅ. ਭਾਈ ਗੁਰਬਚਨ ਜਿੰਘ ਜੀ (ਦਾਸ) ਸਾਧੜਾ ਨੰ. ੬੭

ਬੇਬਰ ਜਥੇ ਨੂੰ ਪਨਾਹ ਦੇਣੀ, ਬ. ਅਕਾਲੀ ਦੁਆਬਾ ਅਖਬਾਰ ਛਾਪਣੀ ਤੇ ਮਦੱਦ ਦੇਣੀ ਜਾਣਲੇ ਵਾਲਾ ਇਲਜ਼ਾਮ ਵੈ. ਮੁ. ਮਤਾਬ ਸਿੰਘ ਰਾਮ ਸਿੰਹ ਮਜ਼ਾਰਾ ਕਾਵਾਂ ਰਾਮ ਸਿੰਹ ਹਿ. ਪੁਰ।

ਬ. ਅ. ਭਾ. ਨਰੇਣ ਸਿੰਘ ਜੀ ਚਾਟੀ ਪਿੰਡ ਅਮਿਰਤਸਰ ਨੰ ੬੮

ਬਬਰ ਜਥੇ ਨੂੰ ਪਰਾਹ ਦੇਣੀ ਵੈਹਦਾ ਮੁਆਫ ਸਾਧੂ ਸਿੰਹ ਪ੍ਰਾਗਪੁਰ।
ਹੇਠ ਲਿਖੇ ਬ, ਅ. ਸਿੰਘ ਨੇ ਬਬਰ ਜਥੇ ਨੂੰ ਕਾਰਤੂਸ ਦਿਤੇ ਸਨ

ਬ, ਅ ,ਭਾ, ਗੰਗਾ ਸਿੰਘ ਜੀ ਨੈਕ ਪਨ ਪ੨ ਲੀਲ੍ਹ ਕਲਾਂ ਨੰ ੬੯
ਬ, ਅ, ਭਾਈ ਪ੍ਰਤਾਪ ਸਿੰਘ ਛਵੀਲਪੁਰ ਨੰ ੭੦
ਬ, ਅ, ਮਾਨ ਸਿੰਘ ਜੀ ਗੋਬਿੰਦਪੁਰ ੭੧
ਵੈਹਦਾ ਮੁਆਫ ਕਰਪਾਲ ਸਿੰਹ।
ਸ੍ਰ. ਬਿਅੰਤ ਸਿੰਘ ਜੀ ਜਥੇਦਾਰ ਨੰਗਲ ਕਲਾਂ ਨੰ ੭੨
ਵੈਹਦਾ ਮੁਆਫ ਮਤਾਬ ਸਿੰਹ, ਭਕੜੌਦੀ
ਸ਼, ਬ, ਅ, ਬਾਬੂ ਸੰਤਾ ਸਿੰਘ ਨਧੜਕ ਹਰਿਓਂ ਨੰ ੭੩

ਝੋਲੀ ਚੁਕਾਂ ਨੂੰ ਮਾਰਨ ਦੇ ਮਤੇ ਕਰਨੇ, ਮਫਰੂਰ ਰਹਿਣਾ, ਜਮਸ਼ੇਰ ਸਟੇਸ਼ਨ ਤੋੜਨਾ, ਨੰਗਲ ਸ਼ਾਮਾਂ ਦੇ ਕਤਲ ਵਿਚ ਸ਼ਾਮਲ ਹੋਣਾ, ਜ਼ੈਲਦਾਰ ਬਿਸ਼ਨ ਸਿੰਹ ਰਾਣੀ ਥੂਹਾ ਨੂੰ ਕਤਲ ਕਰਨਾ ਬਿਨਾਂ ਲਾਸੰਸ ਹਥਿਆਰ ਰਖਣੇ ਤੇ ਅਕਠੇ ਕਰਨੇ ਲਾਭ ਸਿੰਹ ਢੱਡਾ ਤੇ ਫਤਹ ਸਿੰਹ ਨੂੰ ਕਤਲ ਲਈ ਅਕਠੇ ਕਰਨੇ ਤੇ ਗਰੋਹ ਬਣਾ ਕੇ ਮਾਰਨ ਜਾਣਾ ਬ: ਅਕਾਲੀ ਦੁਆਬਾ ਅਖਬਾਰ ਛਾਪਣੀ ਤੇ ਵੰਡਣੀ ਲਾਭ ਸਿੰਹ ਗੜ੍ਹਸ਼ੰਕਰ ਦੇ ਕਤਲ ਵਿਚ ਸ਼ਾਮਲ ਹੋਣਾ ਘੁੜਿਆਲ ਵਾਲੇ ਸੂਬੇਦਾਰ ਗੇਂਦਾ ਸਿੰਹ ਦੇ ਕਤਲ ਵਿਚ ਸ਼ਾਮਲ ਹੋਣਾ ਵੈਹਦਾ ਮੁਆਫ ਵਤਨ ਸਿੰਹ ਝੀਓਰ ਤਫੈਲ ਮਹੱਮਦ ਪੰਡੋਰੀ ਨਿਝਰਾਂ ਮਤਾਬ ਸਿੰਹ ਅਮਰ ਸਿੰਹ ਕੋਟਬਾਰੇ ਖਾਨ

ਬੰਤਾ ਸਿੰਘ ਬੋਪਾਰਾਏ ਸਾਧੂ ਸਿੰਘ ਬੇਲਾ ਸਿੰਘ ਪ੍ਰਾਗਪੁਰ ਬੇਲਾ ਸਿੰਘ ਛੀਂਬਾ ਅਨੂਪ ਸਿੰਘ ਮਾਣਕੋ ਮਲੂਕ ਸਿੰਘ ਪਲਾਹੀ ਰਾਮ ਸਿੰਘ ਮਜ਼ਾਰਾ ਕਾਵਾਂ ਜੁਵੰਦ ਸਿੰਘ ਮਿਤ ਸਿੰਘ ਸੰਤ ਕਰਤਾਰ ਸਿੰਘ ਭੇਲੀ ਅਤੇ ਕੁਲ ਗਰੋਹਾਂ ਵਿਚ ਸ਼ਾਮਲ ਹੋਣਾ ।

ਬ: ਅਕਾਲੀ ਸੂਬੇਦਾਰ ਅਮਰ ਸਿੰਘ ਜੀ ਧਾਲੀਵਾਲ ਨੰ ੭੪

ਬ. ਅਕਾਲੀ ਨੂੰ ਕਾਰਤੂਸ ਦੇਣੇ ਵੈਹਦਾ ਮੁਆਫ ਅਨੂਪ ਸਿੰਘ ਧਨਾ ਸਿਂਹ ਕੋਟਲੀ ਬੇਲਾ ਸਿੰਘ ।

ਬ. ਅਕਾਲੀ ਭਾਈ ਚੰਦਾ ਸਿੰਘ ਜੀ ਪਲਾਹੀ ਨੰ ੭੫

ਬਬਰਾਂ ਨੂੰ ਪਨਾਹ ਦੇਣੀ, ਰੁਪੈਏ ਤੇ ਕਾਰਤੂਸ ਦੇਣੇ, ਝੋਲੀ ਚੁਕਾਂ ਦੇ ਮਾਰਨੇ ਦੀ ਸਾਜ਼ਸ਼ ਕਰਨੀ, ਵੈਹਦਾ ਮੁਆਫ ਧਨਾ ਸਿੰਘ ਕੋਟਲੀ ਅਨੂਪ ਸਿੰਘ ਮਾਣਕੋ ਮਲੂਕ ਸਿੰਘ ਨਡਾਲਾਂ ਬੇਲਾ ਸਿੰਘ ਪ੍ਰਾਗਪੁਰ ਸੰਤ ਕਰਤਾਰ ਸਿੰਘ (ਭੇਲੀ)

ਹੇਠ ਲਿਖੇ ਬ: ਅ. ਸਿੰਘ ਪੰਡੋਰੀ ਨਿਝਰਾਂ ਦੇ ਨਬਰਦਾਰਾਂ ਤੇ ਚੌਕੀਦਾਰਾਂ ਦੇ ਕਤਲ ਦੇ ਗਰੋਹ ਵਿਚ ਸ਼ਾਮਲ ਹੋਏ ।

ਬ. ਅਕਾਲੀ ਭਾਈ ਧਰਮ ਸਿੰਘ ਜੀ ਪਲਾਹੀ ਨੰ ੭੬
ਬ. ਅਕਾਲੀ ਭਾਈ ਮੂਲਾ ਸਿੰਘ ਜੀ ਪਲਾਹੀ ਨੰ ੭੭
ਬ. ਅਕਾਲੀ ਭਾਈ ਭਾਨ ਸਿੰਘ ਜੀ ਮਾਂਗਟ ਨੰ. ੭੮
ਬ: ਅਕਾਲੀ ਭਾਈ ਚੰਚਲ ਸਿੰਘ ਜੀ ਸੰਗਤਪੁਰ ਨੰ ੭੯
ਵੈਹਦਾ ਮੁਆਫ ਅਨੂਪ ਸਿੰਘ ।
ਬ. ਅਕਾਲੀ ਭਾਈ ਸੁਰਜਣ ਸਿਂਘ ਜੀ ਭਮੇਲੀ ਨੰ. ੮੦

ਝੋਲੀ ਚੁਕਾ ਨੂੰ ਮਾਰਨ ਦੇ ਮਤੇ ਕਰਨੇ, ਬਬਰਾਂ ਨੂੰ ਪਨਾਹ ਦੇਣੀ ਪੰਡੋਰੀ

ਨਿਝਰਾਂ ਨਬਰਦਾਰਾਂ ਚੌਕੀਦਾਰਾਂ ਦੇ ਮਾਰਨ ਦੇ ਗਰੋਹ ਵਿਚ ਸ਼ਾਮਲ ਹੋਣਾ, ਵੈਹਦਾ ਮੁਆਫ ਅਨੂਪ ਸਿੰਹ ਚੰਦਾ ਸਿੰਹ (ਸੰਤ) ਕਰਤਾਰ ਸਿੰਹ ਤੇਲੀ ਧੰਨਾ ਸਿੰਹ ਕੋਟਲੀ।

ਬਬਰ ਅ: ਗਿਆਨੀ ਕਰਤਾਰ ਸਿੰਘ ਜੀ ਗੋਂਦਪੁਰੀ ਨੰ: ੮੧

ਬਬਰ ਅਕਾਲੀਆਂ ਨਾਲ ਚਕਰਵਰਤੀ (ਮਫਰੂਹੀ) ਰਹਿਕਾ ਝੋਲੀਚੁਕਾਂ ਦੇ ਨਕ ਕਨ ਕਟਨ ਦੇ ਮਤੇ ਕਰਨੇ ਪੁਲਸ ਨੇ ਪਸਤੌਲ ਤਲਾਸ਼ੀ ਵਿਚ ਬਰਆਮਦ ਕਰਨਾ ਵੈਹਦਾ ਮੁਆਫ ਸੰਤ ਕਰਤਾਰ ਸਿੰਹ (ਤੇਲੀ)

ਬਬਰ ਅ. ਦਰਬਾਰ ਸਿੰਘ ਜੀ ਪਲਾਹੀ ਨੰ. ੮੨

ਬਬਰ ਜਥੇ ਨੂੰ ਪਨਾਂਹ ਦੇਣੀ ਪੈਸੇ ਦੇਣੇ ਵੇਹਦਾ ਮੁਆਫ ਅਨੂਪ ਸਿੰਹ ਛੀਂਬਾ ਬੋਲਾ ਸਿੰਹ ਮਲੂਕ ਸਿੰਹ ਧੰਨਾ ਸਿੰਹ ਕੋਕਲੀ।

ਬ: ਅਕਾਲੀ ਭਾਈ ਕਰਤਾਰ ਸਿੰਘ ਜੀ ਵਡਾ ਡਮੇਲੀ ਨੰ ੮੩

ਬ. ਅਕਾਲੀਆਂ ਨੂੰ ਪਨਾਹ ਦੇਣੀ ਸੂਬੇਦਾਰ ਸੁੰਦਰ ਸਿੰਹ ਰੰਧਾਵੇ ਨੂੰ ਕਤਲ ਕਰਨ ਵਾਲੇ ਗਰੋਹ ਵਿਚ ਸ਼ਾਮਲ ਹੋਣਾ, ਵੈਹਦਾ ਮੁਆਫ ਚੰਦਾ ਸਿੰਹ ਅਨੂਪ ਸਿੰਹ ਧੰਨਾ ਸਿੰਹ।

ਬ. ਅਕਾਲੀ ਭਾਈ ਦਲੀਪ ਸਿੰਘ ਜੀ ਮਾਣਕੋ ਨੰ ੮੪

ਬ: ਅਕਾਲੀਆਂ ਨੂੰ ਪਨਾਹ ਦੇਣੀ ਪੰਡੋਰੀ ਨਿਝਰਾਂ ਦੇ ਨੰਬਰਦਾਰਾਂ ਤੇ ਚੌਕੀਦਾਰਾਂ ਦੇ ਕਤਲ ਦੇ ਗਰੋਹ ਵਿਚ ਸ਼ਾਮਲ ਹੋਣਾ ਵੈਹਦਾ ਮੁਆਫ ਅਨੂਪ ਸਿੰਹ ਚੰਦਾ ਸਿੰਹ ਡੁਮੇਲੀ।

ਬ: ਅਕਾਲੀ ਭੁਝੰਗੀ ਕਰਤਾਰ ਸਿੰਘ ਜੀ ਡੁਮੇਲੀ ਨੰ ੮੫

ਸੂਬੇਦਾਰ ਸੁੰਦਰ ਸਿੰਹ ਰੰਧਾਵੇ ਕਤਲ ਵਾਲੇ ਗਰੋਹ ਵਿਚ ਸ਼ਾਮਲ ਹੋਣਾ

ਵੈਹਦਾ ਮੁਆਫ ਧੰਨਾ ਸਿੰਹ ਅਨੂਪ ਸਿੰਹ ਧੰਨਾ ਸਿਹ।
ਸਰਕਾਰੀ ਵਕੀਲ ਵਕੀਲ ਪਿੰਡੀ ਦਾਸ ਦੀ ਅੰਤਮ ਤਕਰੀਰ ਦਾ ਨਚੋੜ

ਤਮਾਮ ਕਤਲਾਂ ਦੇ ਤਸ਼ਦੱਦ ਕਿਸ਼ਨ ਸਿੰਘ ਗੜਗਜ ਦੇ ਹੁਕਮ ਨਾਲ ਹੋਏ ਇਸ ਲਈ ਉਹ ਫਾਸੀ ਦੀ ਸਜ਼ਾ ਦਾ ਭਾਗੀ।

ਕਿਸ਼ਨ ਸਿੰਘ ਕਰਮ ਸਿੰਘ ਝਿੰਗੜ ਸੁੰਦਰ ਸਿੰਘ ਮਖਸੂਦਪੁਰ ਮਾਸਟਰ ਦਲੀਪ ਸਿੰਘ ਜੀ ਗੋਸਲ, ਏਹ ਚਾਰੇ ਬਬਰ ਅਕਾਲੀ ਗੋਰਮਿੰਟ ਨੂੰ ਡਰ ਪੈਦਾ ਕਰਨ ਵਾਲੇ ਹਨ ਕਿਉਂਕਿ ਇਨ੍ਹਾ ਦੇ ਲੈਕਚਾਂ ਦੇ ਹੀ ਨਤੀਜਾ ਬਬਰ ਜਥਾ ਬਣਾਦੇ ਕਤਲ ਤੇ ਤਸ਼ਦੱਦ ਦਾ ਹੋਨਾ।

ਹੇਠ ਲਿਖੇ ਆਦਮੀ ਸਾਜਸ਼ ਵਿਚ ਨਹੀਂ ਆਸਕਦੇ।

ਭਾਈ ਹਰੀ ਸਿੰਘ ਜੀ ਖੰਡਾ, ਚੇਲੇ ਵਾਲਾ,
ਭਾਈ ਹੁਕਮ ਸਿੰਘ ਜੀ ਪੰਡੋਰੀ ਨਿਝਰਾਂ,
ਭਾਈ ਵਤਨ ਸਿੰਘ ਜੀ ਗਣੇਸ਼ਪੁਰ।

ਅਸੈਸਰਾਂ ਦੀ ਰਾਏ, ਰਾਏਸਾਹਬ ਭਗਤ ਰਾਮ ਲਹੌਰ।

ਬਬਰ ਅਕਾਲੀ ਸਾਜਸ਼ ੧੯੨੦ ਅਰ ੧੯੨੧ ਤੋਂ ਅਰੰਭ ਹੋਈ ਜਦ ਤੋਂ ਕਿਸ਼ਨ ਸਿੰਘ. ਕਰਮ ਸਿੰਘ ਦਲੀਪ ਸਿੰਘ ਗੋਸਲ ਬਾਬਾ ਦਲੀਪ ਸਿੰਘ ਸਾਧੜਾ ਸੁੰਦਰ ਸਿੰਘ ਮਖਸੂਦਪੁਰ ਕਰਤਾਰ ਸਿੰਘ ਗੋਂਦਪੁਰ ਆਤਮਾ ਸਿੰਘ ਬੀਕ, ਬਾਬੂ ਸੰਤਾ ਸਿੰਘ ਜੀ 'ਨਧੜਕ' ਬੂਟਾ ਸਿੰਘ ਪੰਡੋਰੀ ਨਿਝਰਾਂ, ਸੰਤ ਕਰਤਾਰ ਸਿੰਘ ਤੇਲੀ ਵੈਹਦਾ ਮੁਆਫ ਮਤਾਬ ਸਿੰਹ ਵੇ. ਮੁ: ਨੇ ਤਕਰੀਰਾਂ ਸ਼ੁਰੂ ਕੀਤੀਆਂ ਮਾਰਚ ੧੯੨੨ ਦੇ ਹੋਲੇ ਮਹਲੇ ਤੇ ਅਕਠੇ ਹੋਕੇ ਇਨ੍ਹਾਂ ਸਾਜ਼ਸ ਪਕੀ ਕਰ ਦਿਤੀ, ਉਪਰ ਜ਼ਿਕਰ ਕਰਦਾ ਇਸ ਖਾਸ ਸਾਜ਼ਸ ਦੇ ਜ਼ਿਮੇਵਾਰ ਹਨ ਗਰੋਹ, ਕਤਲ, ਤਸ਼ਦੱਦ ਡਾਕੇ ਆਦ ਠੀਕ ਹੋਏ ਹਨ, ਵੈਹਦਾ ਵੁਆਫਾਂ ਦੇ ਬਿਆਨ ਸੱਚੇ ਹਨ।

ਲਾ'ਲਾ ਸੁਰਜਣ ਲਾਲ ਤੇ ਸਬਦ ਨਿਵਾਜ਼ ਅਲੀ ਦੀ ਗਏ ਭੀ ਭਗਤ ਗਮਦੇ ਮਗਰ ਹੈ।

ਹੇਠ ਲਿਖੇ ਆਦਮੀ ਮੁਲਜ਼ਮ ਸਾਜ਼ਸ ਵਿਚ ਨਹੀਂ ਆਸਕਦੇ

੧) ਕਰਤਾਰ ਸਿੰਘ ਵਲਦ ਦੇਵਾ ਸਿੰਘ ਪੰਡੋਰੀ ਨਿਝਰਾਂ।

੨) ਹਾਕਮ ਸਿੰਘ , , , ,

੩) ਨਿਰਵੈਰ ਸਿੰਘ , ਸੰਤਾ ਸਿੰਘ ਪੰਡੋਰੀ ਨਿਝਰਾਂ।

੪) ਹਰਨਾਮ ਸਿੰਘ , ਸਿਧੂ ਹਰੀਪੁਰ।

੫) ਜਸਵੰਤ ਸਿੰਘ , ਸ਼ਾਮ ਸਿੰਘ ਖੁਸ਼ਰੌਪੁਰ।

੬) ਊਧਮ ਸਿੰਘ , ਗੁਰਦਿਤ ਸਿੰਘ ਜੰਡੂ ਸਿੰਘਾ

੭) ਜਗ ਜੀਤ ਸਿੰਘ , ਦਲੀਪ ਸਿੰਘ ਕਠਾਰ।

੮) ਹਰੀ ਸਿੰਘ , ਵਸੰਤ ਸਿਘ ਚੇਲਾ।

੯) ਹਰਬੰਸ ਸਿੰਘ , ਖੇਮ ਸਿੰਘ ਸਰਹਾਲਾ।

੧੦) ਕਰਮ ਸਿੰਘ , ਭੁਲਾ ਸਿੰਘ ਜਸੋਵਾਲ।

੧੧) ਬੇਅੰਤ ਸਿੰਘ ਜੇਲਦਾਰ ਵਲਦ ਚੰਦਾ ਸਿੰਘ ਨੰਗਲ ਕਲਾਂ।

੧੨) ਦਲੇਲ ਸਿੰਘ ਵਲਦ ਦੇਵੀਆ ਮਨਣ ਹਾਨਾ।

੧੩) ਸੁੰਦਰ ਸਿੰਘ ਵਲਦ ਨੰਦ ਲਾਲ ਕੋਟ ਫਤੂਹੀ।

੧੪) ਹਰਾਮ ਸਿੰਘ ਵਲਦ ਰਲਾ ਸਿੰਘ ਗੜੀ ਕਾਨੂਗੋਆਂ।

੧੫) ਸੁੰਦਰ ਸਿੰਘ ਵਲਦ ਦੇਵਾ ਸਿੰਘ ਕੁਲੇ ਵਾਲ।

੧੬) ਉਧਮ ਸਿੰਘ ਵਲਦ ਬਸਾਖਾ ਸਿੰਘ ਕੌਲਪੁਰ।

੧੭) ਬਾਵਾ ਸਿੰਘ ਵਲਦ ਵੁਲਾ ਸਿੰਘ ਕੌਲਪੁਰ।

੧੮) ਵਤਨ ਸਿੰਘ ਵਲਦ ਦੇਵਾ ਸਿੰਘ ਗਣੇਸ਼ਪੁਰ।